

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 34
December 1, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



## Mata Bishan Kaur Chumber Passed Away

It is with deep sorrow and grief that we inform you of the sudden demise of our immensely beloved mother Mrs. Bishan Kaur Chumber W/o late Mr Punjab Rai Chumber on the early morning of November 29, 2021.

**Santosh Kumari Chumber**
**Prem Kumar Chumber**
**Tarsem Lal Chumber**

## ਸੰਸਦ ਦੇ ਦੋਵਾਂ ਸਦਨਾਂ 'ਚ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਬਿੱਲ ਪਾਸ

**ਨਵੀਂ ਦਿੱਲੀ (ਬਿਊਰੋ)–** ਸੰਸਦ ਦੇ ਸਰਦ ਰੁੱਤ ਇਜਲਾਸ ਦੇ ਪਹਿਲੇ ਦਿਨ ਸੋਮਵਾਰ ਨੂੰ ਲੋਕ ਸਭਾ ਤੇ ਰਾਜ ਸਭਾ ਦੇ ਦੋਹਾਂ ਸਦਨਾਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਬਿੱਲ ਪਾਸ ਕੀਤਾ ਗਿਆ। ਵਿਰੋਧੀ ਧਿਰ ਨੇ ਸਰਕਾਰ 'ਤੇ ਬਿਨਾਂ ਚਰਚਾ ਬਿੱਲ ਨੂੰ ਪਾਸ ਕਰਵਾਉਣ ਦਾ ਦੋਸ਼ ਲਾਇਆ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ 'ਤੇ ਚਰਚਾ ਤੋਂ ਡਰਨ ਦਾ ਦੋਸ਼ ਲਗਾਇਆ। ਇਸ ਨਾਲ ਹੀ ਸਪਾ ਸੰਸਦ ਮੈਂਬਰ ਜੈਯਾ ਬੱਚਨ ਨੇ ਕਿਹਾ ਕਿ ਉਨ੍ਹਾਂ ਨੇ ਸੰਸਦ 'ਚ ਅਜਿਹਾ ਮਾਹੌਲ ਕਦੇ ਨਹੀਂ ਦੇਖਿਆ, ਜਿੱਥੇ ਵਿਰੋਧੀ ਧਿਰ ਨੂੰ ਬੋਲਣ ਦੀ ਇਜਾਜ਼ਤ ਨਾ ਦਿੱਤੀ ਗਈ ਹੋਵੇ।ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਇਸ ਸਰਕਾਰ 'ਤੇ ਗਰੀਬ ਵਿਰੋਧੀ ਤੇ ਕਿਸਾਨਾਂ-ਮਜ਼ਦੂਰਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਦੇ ਸਮੂਹ ਦਾ ਕਬਜ਼ਾ ਹੈ। ਕਾਨੂੰਨਾਂ ਨੂੰ ਰੱਦ ਕਰਨਾ ਕਿਸਾਨਾਂ ਤੇ ਮਜ਼ਦੂਰਾਂ ਦੀ ਜਿੱਤ ਹੈ। ਹੁਣ ਸਰਕਾਰ ਨੂੰ ਵੀ ਐੱਮਐੱਸਪੀ ਦੀ ਮੰਗ ਮੰਨ ਲੈਣੀ ਚਾਹੀਦੀ ਹੈ। ਜਿਸ ਤਰੀਕੇ ਨਾਲ ਇਨ੍ਹਾਂ ਕਾਨੂੰਨਾਂ ਨੂੰ ਬਿਨਾਂ ਚਰਚਾ ਤੋਂ ਹੀ ਰੱਦ ਕਰ ਦਿੱਤਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਚਰਚਾ ਤੋਂ ਡਰਦੀ ਹੈ। ਅੰਦੋਲਨ ਦੌਰਾਨ ਮਰਨ ਵਾਲੇ 700 ਕਿਸਾਨਾਂ ਬਾਰੇ ਚਰਚਾ ਹੋਣੀ ਚਾਹੀਦੀ ਸੀ।ਰਾਜ ਸਭਾ ਮੈਂਬਰ ਜੈਯਾ ਬੱਚਨ ਨੇ ਕਿਹਾ ਕਿ ਉਨ੍ਹਾਂ ਨੇ ਸੰਸਦ 'ਚ ਅਜਿਹਾ ਮਾਹੌਲ ਕਦੇ ਨਹੀਂ ਦੇਖਿਆ, ਜਿੱਥੇ ਵਿਰੋਧੀ ਧਿਰ ਨੂੰ ਬੋਲਣ ਵੀ ਨਾ ਮੌਕਾ ਨਹੀਂ ਦਿੱਤਾ ਗਿਆ। ਅਜਿਹਾ ਮਹੱਤਵਪੂਰਨ ਬਿੱਲ ਰਾਜ ਸਭਾ ਵਿਚ ਬਿਨਾਂ ਕਿਸੇ ਚਰਚਾ ਦੇ ਪਾਸ ਕਰ ਦਿੱਤਾ ਗਿਆ। ਮੈਨੂੰ ਸਮਝ ਨਹੀਂ ਆ ਰਿਹਾ ਕਿ ਸੰਸਦ ਵਿਚ ਕਾਰਵਾਈ ਕਿਵੇਂ ਚੱਲ ਰਹੀ ਹੈ। ਮੈਂ ਕਈ ਸਾਲਾਂ ਤੋਂ ਸੰਸਦ ਮੈਂਬਰ ਰਿਹਾ ਹਾਂ ਪਰ ਅਜਿਹਾ ਮਾਹੌਲ ਪਹਿਲੀ ਵਾਰ ਦੇਖ ਰਿਹਾ ਹਾਂ, ਜਿੱਥੇ ਵਿਰੋਧੀ ਧਿਰ ਦੇ ਆਗੂ ਜਦੋਂ ਬੋਲ ਰਹੇ ਸਨ ਤਾਂ ਕੇਂਦਰੀ ਮੰਤਰੀ ਨੇ ਉਨ੍ਹਾਂ ਨੂੰ ਅੱਧ ਵਿਚਕਾਰ ਹੀ ਰੋਕ ਦਿੱਤਾ ਤੇ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ।ਕਾਂਗਰਸੀ ਆਗੂ ਦੀਪੇਂਦਰ ਸਿੰਘ ਹੁੱਡਾ ਨੇ ਕਿਹਾ ਕਿ ਜਿਹੜੇ ਲੋਕ ਕਿਸਾਨ ਨੂੰ ਨਕਲੀ ਕਹਿੰਦੇ ਸਨ, ਅੱਜ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਦੀ ਵੋਟ ਅਸਲੀ ਹੈ, ਇਸ ਲਈ ਉਹ ਪਿੱਛੇ ਹਟ ਗਏ ਹਨ। ਅੱਜ ਫਿਰ ਲੋਕਤੰਤਰ ਦਾ ਕਤਲ ਹੋਇਆ ਹੈ। ਇਸ (ਐਗਰੀਕਲਚਰ ਐਕਟ) 'ਤੇ ਚਰਚਾ ਜਾਂ ਤਾਂ ਇਸ ਨੂੰ ਪਾਸ ਨਾ ਕਰਵਾਉਣ ਜਾਂ ਵਾਪਸ ਲੈਣ ਸਮੇਂ ਹੋਈ। ਇਹ ਲੋਕਤੰਤਰ ਹੈ, ਲੋਕਤੰਤਰ ਨਹੀਂ। ਏ ਆਈ ਐੱਮ ਆਈ ਐੱਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਕਿਹਾ ਕਿ ਉਨ੍ਹਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਨੁਕਸਾਨ ਹੁੰਦਾ ਨਜ਼ਰ ਆ ਰਿਹਾ ਹੈ, ਇਸ ਲਈ ਉਨ੍ਹਾਂ ਨੂੰ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਹੋਣਾ ਪਿਆ।



## ਖੇਤੀ ਕਰਜ਼ੇ 'ਤੇ ਲੀਕ ਮਾਰਨ ਲਈ ਕੇਂਦਰ ਅੱਗੇ ਆਵੇ-ਚੰਨੀ

**ਚੰਡੀਗੜ੍ਹ (ਬਿਊਰੋ)–** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਦੀ ਮੁਕੰਮਲ ਮੁਆਫ਼ੀ ਲਈ ਤਜਵੀਜ਼ ਰੱਖੀ ਹੈ। ਚੰਨੀ ਨੇ ਪੇਸ਼ਕਸ਼ ਕੀਤੀ ਹੈ ਕਿ ਪੰਜਾਬ ਸਰਕਾਰ ਮੁਕੰਮਲ ਕਰਜ਼ਾ ਮੁਆਫ਼ੀ ਲਈ 'ਕੇਂਦਰ-ਰਾਜ ਹਿੱਸੇਦਾਰੀ' ਤਹਿਤ ਆਪਣਾ ਹਿੱਸਾ ਪਾਉਣ ਲਈ ਤਿਆਰ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਇਸ ਪਾਸੇ ਕਦਮ ਉਠਾਏ। ਚੇਤੇ ਰਹੇ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਮਗਰੋਂ ਹੁਣ ਕਿਸਾਨ ਧਿਰਾਂ ਵੱਲੋਂ ਆਪਣੇ ਮੂੰਹ ਪੰਜਾਬ ਵੱਲ ਕੀਤੇ ਜਾਣੇ ਹਨ, ਜਿਸ ਦੇ ਡਰੋਂ ਮੁੱਖ ਮੰਤਰੀ ਚੰਨੀ ਭਵਿੱਖੀ ਰਣਨੀਤੀ ਘੜਨ ਲੱਗੇ ਹਨ। ਕਾਂਗਰਸ ਸਰਕਾਰ ਨੇ ਚੋਣਾਂ ਵਿਚ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ। ਚੰਨੀ ਸਰਕਾਰ ਇਸ ਮਾਮਲੇ 'ਤੇ ਹੁਣ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਸੁੱਟਣ ਲੱਗੀ ਹੈ। ਮੁੱਖ ਮੰਤਰੀ ਚੰਨੀ ਨੇ ਪ੍ਰਧਾਨ ਮੰਤਰੀ ਨੂੰ ਭਾਵੁਕ ਸੁਰ 'ਚ ਲਿਖੀ ਚਿੱਠੀ ਵਿੱਚ ਕਿਹਾ ਹੈ ਕਿ ਕਿਸਾਨਾਂ ਅਤੇ ਖੇਤ ਕਾਮਿਆਂ ਦਾ ਕਰਜ਼ਾ ਹਮੇਸ਼ਾ ਲਈ ਖ਼ਤਮ ਕਰਨ ਵਾਸਤੇ ਇੱਕ ਢੁਕਵੇਂ ਅਨੁਪਾਤ ਵਾਲੀ ਕੇਂਦਰ ਅਤੇ ਸੂਬੇ ਦੀ ਸਾਂਝੀ ਯੋਜਨਾ ਸਮਾਂਬੱਧ ਅਤੇ ਲੋੜਾਂ ਮੁਤਾਬਕ ਉਲੀਕੀ ਜਾਣੀ ਚਾਹੀਦੀ ਹੈ। ਉਨ੍ਹਾਂ ਲਿਖਿਆ ਕਿ ਪੰਜਾਬ ਸਰਕਾਰ ਵਿੱਤੀ ਸੰਕਟ ਦੇ ਬਾਵਜੂਦ ਕਿਸਾਨੀ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ, ''ਆਓ, ਅੱਜ ਹੀ ਅਸੀਂ ਇੱਕ ਨਵੀਂ ਸ਼ੁਰੂਆਤ ਕਰੀਏ ਅਤੇ ਖੇਤੀਬਾੜੀ ਦੇ ਸਮੁੱਚੇ ਢਾਂਚੇ ਸੰਵਾਰਨ ਦੀ ਦਿਸ਼ਾ ਵਿਚ ਕੰਮ ਕਰੀਏ।'' ਚੰਨੀ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲੇਖਾ-ਜੋਖਾ ਕਰਨਗੀਆਂ ਕਿ ਸਰਕਾਰਾਂ ਨੇ ਅੰਨਦਾਤੇ ਲਈ ਅਤੇ ਜਮਹੂਰੀ ਸੰਘਰਸ਼ ਲੜਨ ਵਾਲਿਆਂ ਲਈ ਕੀ ਕੀਤਾ। ਉਨ੍ਹਾਂ ਇਤਿਹਾਸ ਵਿਚ ਨਾਮ ਦਰਜ ਕਰਨ ਲਈ ਫ਼ੌਰੀ ਕਦਮ ਚੁੱਕਣ ਦੀ ਗੱਲ ਵੀ ਰੱਖੀ ਹੈ। ਚੰਨੀ ਨੇ ਲਿਖਿਆ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਮਗਰੋਂ ਹੁਣ ਬਕਾਇਆ ਮੁੱਦੇ ਵੀ ਹੱਲ ਕੀਤੇ ਜਾਣੇ ਬਣਦੇ ਹਨ।





SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com





DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਕੋਰੋਨਾ ਦਾ ਨਵਾਂ ਵਾਇਰਸ ਓਮੀਕਰੋਨ ਚਿੰਤਾ ਦਾ ਵਿਸ਼ਾ ਪਰ ਘਬਰਾਉਣ ਦੀ ਲੋੜ ਨਹੀਂ-ਬਾਈਡਨ

## ਤੁਰੰਤ ਵਿਸ਼ਵ ਨੂੰ ਜਾਣੂ ਕਰਵਾਉਣ ਲਈ ਦੱਖਣੀ ਅਫਰੀਕਾ ਦੀ ਕੀਤੀ ਸ਼ਲਾਘਾ

**ਸੈਕਰਾਮੈਂਟੋ 30 ਨਵੰਬਰ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਕੋਰੋਨਾ ਦਾ ਨਵਾਂ ਰੂਪ ਓਮੀਕਰੋਨ ਚਿੰਤਾ ਦਾ ਕਾਰਨ ਜਰੂਰ ਹੈ ਪਰ ਇਸ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਓਮੀਕਰੋਨ ਸਬੰਧੀ ਗੱਲ ਕਰਦਿਆਂ ਕਿਹਾ ਕਿ ''ਸਾਡੇ ਕੋਲ ਸਭ ਤੋਂ ਵਧੀਆ ਵੈਕਸੀਨ ਹੈ, ਵਧੀਆ ਦਵਾਈਆਂ ਹਨ ਤੇ ਸਿਰੇ ਦੇ ਵਿਗਿਆਨੀ ਹਨ। ਅਸੀਂ ਕੋਰੋਨਾ ਵਾਇਰਸ ਬਾਰੇ ਹਰ ਰੋਜ ਨਵਾਂ ਗਿਆਨ ਹਾਸਲ ਕਰ ਰਹੇ ਹਾਂ। ਅਸੀਂ ਨਵੇਂ ਵਾਇਰਸ ਨਾਲ ਵਿਗਿਆਨਕ ਢੰਗ ਤਰੀਕੇ ਨਾਲ ਲੜਾਂਗੇ ਤੇ ਤੇਜੀ ਨਾਲ ਕਾਰਵਾਈ ਕਰਾਂਗੇ ਨਾ ਕਿ ਭੰਬਲਭੂਸਾ ਤੇ ਅਫਰਾ ਤਫਰੀ ਵਾਲਾ ਮਾਹੌਲ ਬਣਾਵਾਂਗੇ। ਰਾਸ਼ਟਰਪਤੀ ਨੇ ਕਿਹਾ ਕਿ ਓਮੀਕਰੋਨ ਵਿਰੁੱਧ ਸਭ ਤੋਂ ਕਾਰਗਰ ਢੰਗ ਤਰੀਕਾ ਵੈਕਸੀਨ ਹੀ ਹੈ। ਉਨ੍ਹਾਂ ਕਿਹਾ '' ਮੈ ਜਾਣਦਾ ਹਾਂ ਤੁਸੀਂ ਮੇਰੇ ਵੱਲੋਂ ਵਾਰ ਵਾਰ ਵੈਕਸੀਨ ਲਵਾਉਣ ਬਾਰੇ ਕਹੇ ਜਾਣ ਤੋਂ ਅੱਕ ਗਏ ਹੋਵੋਗੇ ਪਰੰਤੂ ਕੋਰੋਨਾ ਵਾਇਰਸ ਦਾ ਮੁਕਾਬਲਾ ਵੈਕਸੀਨ ਤੇ ਬੂਸਟਰ ਖੁਰਾਕ ਲਵਾ ਕੇ ਹੀ ਕੀਤਾ



ਜਾ ਸਕਦਾ ਹੈ। ਰਾਸ਼ਟਰਪਤੀ ਨੇ ਅਮਰੀਕੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਤੁਹਾਡੀ ਉਮਰ 18 ਸਾਲ ਹੈ ਤੇ ਪਹਿਲੀ ਜੂਨ ਤੋਂ ਪਹਿਲਾਂ ਮੁਕੰਮਲ ਟੀਕਾਕਰਣ ਕਰਵਾ ਲਿਆ ਹੈ ਤਾਂ ਅੱਜ ਹੀ ਬੂਸਟਰ ਵੈਕਸੀਨ ਲਵਾ ਲਵੋ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿਚ 80 ਹਜਾਰ ਸਥਾਨ ਹਨ ਜਿਥੇ ਜਾ ਕੇ ਤੁਸੀਂ ਬਿਨਾਂ ਕੋਈ ਪੈਸਾ ਦਿੱਤੇ ਬੂਸਟਰ ਖੁਰਾਕ ਲਵਾ ਸਕਦੇ ਹੋ। ਇਹ ਸਮਾਂ ਉਡੀਕ ਕਰਨ ਦਾ ਨਹੀਂ ਹੈ। ਇਸ ਦੇ ਨਾਲ ਹੀ ਰਾਸ਼ਟਰਪਤੀ ਨੇ 5 ਸਾਲ ਤੇ ਇਸ ਤੋਂ ਵਧ ਉਮਰ ਦੇ ਬੱਚਿਆਂ ਨੂੰ ਵੀ ਕੋਵਿਡ-19 ਵੈਕਸੀਨ ਲਵਾਉਣ ਲਈ ਕਿਹਾ।

ਰਾਸ਼ਟਰਪਤੀ ਨੇ ਕਿਹਾ ਕਿ ਵਿਗਿਆਨੀ ਇਹ ਤੈਅ ਕਰਨ ਲਈ ਕਿ ਕੀ ਮੌਜੂਦਾ ਵੈਕਸੀਨ ਨਵੇਂ ਵਾਇਰਸ ਓਮੀਕਰੋਨ ਵਿਰੁੱਧ ਵੀ ਕਾਰਗਰ ਹੈ, ਤੇਜੀ ਨਾਲ ਕੰਮ ਕਰ ਰਹੇ ਹਨ।

ਬਾਈਡਨ ਨੇ ਕਿਹਾ ਕਿ ਇਸ ਵੇਲੇ ਕੋਰੋਨਾ ਤੋਂ ਬਚਾਅ ਲਈ ਹੋਰ ਉਪਾਅ ਜਾਂ ਬੰਦਸ਼ਾਂ ਲਾਉਣ ਦੀ ਲੋੜ ਨਹੀਂ ਹੈ ਪਰੰਤੂ ਜੇਕਰ ਲੋੜ ਪਈ ਤਾਂ ਇਸ ਵਾਸਤੇ ਵੀ ਅਸੀਂ ਤਿਆਰ ਹਾਂ। ਰਾਸ਼ਟਰਪਤੀ ਨੇ ਓਮੀਕਰੋਨ ਬਾਰੇ ਵਿਸ਼ਵ ਨੂੰ ਤੁਰੰਤ ਦੱਸਣ ਲਈ ਦੱਖਣੀ ਅਫਰੀਕਾ ਦੇ ਵਿਗਿਆਨੀਆਂ ਦੀ ਸ਼ਲਾਘਾ ਕੀਤੀ। ਬਾਈਡਨ ਨੇ ਕਿਹਾ ਇਸ ਕਿਸਮਾ ਦੀ ਪਾਰਦਰਸ਼ਤਾ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਅਸੀਂ ਵਾਇਰਸ ਸਬੰਧੀ ਨਵੀਆਂ ਚੁਣੌਤੀਆਂ ਨਾਲ ਨਜਿੱਠ ਸਕਦੇ ਹਾਂ।

# ਨਿਊਯਾਰਕ ਦੀ ਗਵਰਨਰ ਨੇ ਕੀਤਾ ਐਮਰਜੈਂਸੀ ਦਾ ਐਲਾਨ



**ਨਿਊਯਾਰਕ-** ਕੋਰੋਨਾ ਵਾਇਰਸ ਦੇ ਨਵੇਂ ਵੇਰੀਐਂਟ ਓਮੀਕ੍ਰੋਨ ਕਾਰਨ ਦੁਨੀਆ ਭਰ 'ਚ ਜਾਰੀ ਚਿੰਤਾਵਾਂ ਵਿਚਾਲੇ ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲੀ ਨੇ ਨਿਊਯਾਰਕ 'ਚ ਐਮਰਜੈਂਸੀ ਦਾ ਐਲਾਨ ਕੀਤਾ ਹੈ। ਇਸ ਨਾਲ ਉਹ ਹਸਪਤਾਲਾਂ ਨੂੰ ਅਤਿ-ਜ਼ਰੂਰੀ ਸ਼੍ਰੇਣੀ ਤੋਂ ਇਲਾਵਾ ਪ੍ਰਕਿਰਿਆਵਾਂ ਨੂੰ ਸੀਮਤ ਕਰਨ ਤੇ ਉਨ੍ਹਾਂ ਨੂੰ ਸਮਰੱਥਾ ਵਧਾਉਣ ਦਾ ਆਦੇਸ਼ ਦੇਣ 'ਚ ਸਮਰੱਥ ਹੋ ਜਾਵੇਗੀ।

# ਮੁੰਬਈ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦੇਣ 'ਚ ਕਾਫ਼ੀ ਦੇਰ ਹੋ ਗਈ- ਬਲਿੰਕਨ

**ਵਾਸ਼ਿੰਗਟਨ-** ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ 26/11 ਹਮਲਿਆਂ ਦੀ 13ਵੀਂ ਬਰਸੀ 'ਤੇ ਮੁੰਬਈ ਵਾਸੀਆਂ ਦੀ ਸਹਿਣਸ਼ੀਲਤਾ ਦੀ ਸ਼ਲਾਘਾ ਕਰਦੇ ਹੋਏ ਪਾਕਿਸਤਾਨ ਦੀ ਹਮਾਇਤ ਵਾਲੇ ਲਸ਼ਕਰ-ਏ-ਤਾਇਬਾ ਦੇ ਅੱਤਵਾਦੀਆਂ ਵੱਲੋਂ 2008 'ਚ ਕੀਤੇ ਗਏ ਕਤਲੇਆਮ ਦੇ ਦੋਸ਼ੀਆਂ ਨੂੰ ਜਲਦ ਸਜ਼ਾ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦੇਣ 'ਚ ਕਾਫ਼ੀ ਦੇਰ ਹੋ ਗਈ ਹੈ।

ਬਲਿੰਕਨ ਨੇ ਸ਼ੁੱਕਰਵਾਰ ਨੂੰ ਟਵੀਟ ਕੀਤਾ, 'ਮੁੰਬਈ ਹਮਲੇ ਦੇ 13 ਸਾਲ ਬੀਤ ਚੁੱਕੇ ਹਨ। ਹਮਲੇ ਦੀ ਬਰਸੀ 'ਤੇ ਅਸੀਂ ਛੇ ਅਮਰੀਕੀਆਂ ਸਮੇਤ ਸਾਰੇ ਮ੍ਰਿਤਕਾਂ ਨੂੰ ਤੇ ਮੁੰਬਈ ਵਾਸੀਆਂ ਦੀ ਸਹਿਣਸ਼ੀਲਤਾ ਨੂੰ ਯਾਦ ਕਰਦੇ ਹਾਂ। ਅਪਰਾਧੀਆਂ ਨੂੰ ਸਜ਼ਾ ਦਿੱਤੇ ਜਾਣ ਦਾ ਲੰਬੇ ਸਮੇਂ ਤੋਂ ਇੰਤਜ਼ਾਰ ਹੈ।' ਅਮਰੀਕੀ ਉਪ ਵਿਦੇਸ਼ ਮੰਤਰੀ ਵੈਂਡੀ ਸ਼ਰਮਨ ਨੇ ਕਿਹਾ ਕਿ ਅੱਤਵਾਦ ਖ਼ਿਲਾਫ਼ ਲੜਾਈ 'ਚ ਅਮਰੀਕਾ ਤੇ ਭਾਰਤ ਇਕਜੁਟ ਹਨ।

ਉਨ੍ਹਾਂ ਕਿਹਾ, 'ਮੁੰਬਈ ਦੀ ਹਾਲ ਦੀ ਮੇਰੀ ਯਾਤਰਾ 'ਚ ਮੈਂ ਭਿਆਨਕ ਅੱਤਵਾਦੀ ਹਮਲੇ 'ਚ ਜਾਨ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਦੇਣ ਲਈ ਤਾਜ ਮਹਿਲ ਪੈਲੇਸ ਹੋਟਲ ਦੀ 26/11 ਯਾਦਗਾਰ 'ਤੇ ਗਈ



ਸੀ। ਸੰਸਦ ਮੈਂਬਰ ਐਲਿਸੇ ਸਟੇਫਨਿਕ ਨੇ ਕਿਹਾ, 'ਇਸ ਬੇਇਨਸਾਫ਼ੀ ਨੂੰ ਭੁਲਾਇਆ ਨਹੀਂ ਜਾ ਸਕਦਾ।'

ਭਾਰਤੀ ਦੂਤਘਰ ਨੇ 26/11 ਹਮਲਿਆਂ ਦੀ ਬਰਸੀ 'ਤੇ ਆਪਣੇ ਕੰਪਲੈਕਸ 'ਚ ਇਕ ਪ੍ਰੋਗਰਾਮ ਕੀਤਾ ਗਿਆ, ਜਿਸ 'ਚ ਕਈ ਨੇਤਾ ਸ਼ਾਮਲ ਹੋਏ। ਪ੍ਰੋਗਰਾਮ 'ਚ ਮ੍ਰਿਤਕਾਂ ਦੀ ਯਾਦ 'ਚ ਮੋਮਬੱਤੀ ਜਗਾਈ ਗਈ ਤੇ ਇਕ ਮਿੰਟ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਏਐੱਨਆਈ ਮੁਤਾਬਕ, ਟੋਰਾਂਟੋ ਦੇ ਡੁੰਡਾਸ ਸਕਵਾਇਰ 'ਤੇ ਹਿੰਦੂ ਫੋਰਮ ਕੈਨੇਡਾ ਨੇ ਮੁੰਬਈ ਹਮਲੇ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਹਮਲੇ 'ਚ ਦੋ ਕੈਨੇਡਾਈ ਨਾਗਰਿਕ ਵੀ ਮਾਰੇ ਗਏ ਸਨ ਜਦੋਂ ਕਿ ਛੇ ਜ਼ਖ਼ਮੀ ਹੋਏ ਸਨ। ਸੰਗਠਨ ਨੇ ਕੈਨੇਡਾ ਦੀ ਸਰਕਾਰ ਨੂੰ 26 ਨਵੰਬਰ ਨੂੰ ਯਾਦਗਾਰ ਦਿਵਸ ਐਲਾਨਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ 26 ਨਵੰਬਰ 2008 ਨੂੰ ਲਸ਼ਕਰ-ਏ-ਤਾਇਬਾ ਦੇ 10 ਅੱਤਵਾਦੀ ਸਮੁੰਦਰੀ ਰਸਤੇ ਮੁੰਬਈ ਪੁੱਜੇ ਸਨ। ਉਨ੍ਹਾਂ ਕਈ ਸਥਾਨਾਂ 'ਤੇ ਗੋਲੀਬਾਰੀ ਕੀਤੀ ਸੀ ਜਿਸ 'ਚ 18 ਸੁਰੱਖਿਆ ਮੁਲਾਜ਼ਮਾਂ ਸਮੇਤ 166 ਲੋਕਾਂ ਦੀ ਮੌਤ ਹੋ ਗਈ ਸੀ। ਮ੍ਰਿਤਕਾਂ 'ਚ ਛੇ ਅਮਰੀਕੀ ਵੀ ਸ਼ਾਮਲ ਸਨ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਸੋਹਨ ਲਾਲ ਬਣੇ ਅੰਬੇਡਕਰ ਭਵਨ ਟਰੱਸਟ ਦੇ ਨਵੇਂ ਚੇਅਰਮੈਨ

## 6 ਦਸੰਬਰ ਨੂੰ ਹੋਵੇਗਾ ਬਾਬਾ ਸਾਹਿਬ ਡਾ ਅੰਬੇਡਕਰ ਸ਼ਰਧਾਂਜਲੀ ਸਮਾਗਮ





**ਜਲੰਧਰ–** ਅੰਬੇਡਕਰ ਭਵਨ ਟਰੱਸਟ ਦੇ ਟਰੱਸਟੀਆਂ ਦੀ ਬੋਰਡ ਮੀਟਿੰਗ ਟਰੱਸਟ ਦੇ ਕਾਰਜਕਾਰੀ ਚੇਅਰਮੈਨ ਡਾ। ਰਾਮ ਲਾਲ ਜੱਸੀ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਵਿਖੇ 27 ਨਵੰਬਰ ਨੂੰ ਹੋਈ। ਜਿਸ ਵਿਚ ਟਰੱਸਟ ਦੀ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਸ਼੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਨੂੰ ਟਰੱਸਟ ਦਾ ਨਵਾਂ ਚੇਅਰਮੈਨ ਸਰਬ ਸੰਮਤੀ ਨਾਲ ਚੁਣਿਆ ਗਿਆ। ਵਾਈਸ ਚੇਅਰਮੈਨ: ਡਾ। ਰਾਹੁਲ, ਜਨਰਲ ਸਕੱਤਰ: ਡਾ। ਜੀ ਸੀ ਕੌਲ, ਵਿੱਤ ਸਕੱਤਰ: ਬਲਦੇਵ ਰਾਜ ਭਾਰਦਵਾਜ, ਜੁਆਇੰਟ ਸਕੱਤਰ: ਹਰਮੇਸ਼ ਲਾਲ ਜੱਸਲ ਅਤੇ ਆਡੀਟਰ: ਡਾ ਟੀ ਐੱਲ ਸਾਗਰ ਵੀ ਸਰਬ ਸੰਮਤੀ ਨਾਲ ਚੁਣੇ ਗਏ। ਮੀਟਿੰਗ ਵਿਚ ਬਾਬਾ ਸਾਹਿਬ ਡਾ ਅੰਬੇਡਕਰ ਦਾ 66 ਵਾਂ ਸ਼ਰਧਾਂਜਲੀ ਸਮਾਗਮ 6 ਦਸੰਬਰ ਨੂੰ ਅੰਬੇਡਕਰ ਭਵਨ ਵਿਖੇ ਆਯੋਜਿਤ ਕਰਨ ਦਾ ਫੈਸਲਾ ਲਿਆ ਗਿਆ। ਸਰਬ ਸ਼੍ਰੀ ਫਾਊਂਡਰ ਟਰੱਸਟੀ ਐੱਲ ਆਰ ਬਾਲੀ, ਡਾ। ਰਾਮ ਲਾਲ ਜੱਸੀ, ਡਾ ਜੀ ਸੀ ਕੌਲ, ਡਾ। ਸੁਰਿੰਦਰ ਅਜਨਾਤ, ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) , ਬਲਦੇਵ ਰਾਜ ਭਾਰਦਵਾਜ, ਡਾ ਟੀ ਐੱਲ ਸਾਗਰ, ਡਾ। ਰਾਹੁਲ, ਚਰਨ ਦਾਸ ਸੰਧੂ ਅਤੇ ਹਰਮੇਸ਼ ਲਾਲ ਜੱਸਲ ਮੀ-ਟਿੰਗ ਵਿਚ ਹਾਜਰ ਸਨ। ਸ਼੍ਰੀ ਕੇ ਸੀ ਸੁਲੇਖ, ਆਰ ਪੀ ਐੱਸ ਪਵਾਰ ਆਈਏਐੱਸ (ਰਿਟਾਇਰਡ), ਚੌਧਰੀ ਨਸੀਬ ਚੰਦ ਅਤੇ ਡਾ। ਰਾਹੁਲ ਬਾਲੀ ਅਟੱਲ ਕਾਰਨਾਂ ਕਰਕੇ ਮੀਟਿੰਗ ਵਿਚ ਭਾਗ ਨਹੀਂ ਲੈ ਸਕੇ। ਇਥੇ ਇਹ ਵਰਨਣ ਯੋਗ ਹੈ ਕਿ ਅੰਬੇਡਕਰ ਭਵਨ ਜਲੰਧਰ ਬਹੁਪੱਖੀ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਹੈ ਅਤੇ 70 ਸਾਲ ਪਹਿਲਾਂ 27 ਅਕਤੂਬਰ, 1951 ਨੂੰ ਬਾਬਾ ਸਾਹਿਬ ਡਾ ਅੰਬੇਡਕਰ ਇਸੇ (ਅੰਬੇਡਕਰ ਭਵਨ) ਸਥਾਨ ਤੇ ਪਧਾਰੇ ਸਨ ਅਤੇ ਲੱਖਾਂ ਲੋਕਾਂ ਨੂੰ ਸੰ-ਬੋਧਿਤ ਕੀਤਾ ਸੀ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ ਜੀ ਸੀ ਕੌਲ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

**ਡਾ ਜੀ ਸੀ ਕੌਲ**
**ਮੋਬਾਈਲ: 94632 23223**

# ਇਕ ਨਵਾਂ ਸਵਾਲ- ਕੋਰੋਨਾ ਦੇ ਨਵੇਂ ਵੇਰੀਐਂਟ 'ਓਮੀਕ੍ਰਾਨ' ਤੋਂ ਕੀ ਬਚਾ ਸਕੇਗੀ ਵੈਕਸੀਨ?



**ਵਾਸ਼ਿੰਗਟਨ–** ਦੱਖਣੀ ਅਫਰੀਕਾ 'ਚ ਪਾਏ ਜਾਣ ਵਾਲੇ ਕੋਰੋਨਾ ਵਾਇਰਸ ਦੇ ਨਵੇਂ ਰੂਪ 'ਓਮੀਕ੍ਰਾਨ' ਦੇ ਸਾਹਮਣੇ ਆਉਣ ਤੋਂ ਬਾਅਦ ਦੁਨੀਆ 'ਚ ਦਹਿਸ਼ਤ ਫੈਲ ਗਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਓਮੀਕ੍ਰਾਨ ਡੈਲਟਾ ਵੇਰੀਐਂਟ ਤੋਂ ਜ਼ਿਆਦਾ ਖਤਰਨਾਕ ਹੈ। ਵਿਗਿਆਨੀਆਂ ਨੂੰ ਡਰ ਹੈ ਕਿ ਇਹ ਨਵਾਂ ਰੂਪ ਕੋਰੋਨਾ ਵੈਕਸੀਨ ਨੂੰ ਵੀ ਬੇਅਸਰ ਕਰ ਸਕਦਾ ਹੈ। ਇਸ ਵੇਰੀਐਂਟ ਨੂੰ ਸਭ ਤੋਂ ਪਹਿਲਾਂ 24 ਨਵੰਬਰ ਨੂੰ ਦੱਖਣੀ ਅਫਰੀਕਾ ਵਿਚ ਖੋਜਿਆ ਗਿਆ ਸੀ। ਇਸ ਦੇ ਨਾਲ ਹੀ ਦਵਾਈ ਕੰਪਨੀਆਂ ਦੇ ਬਿਆਨ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ।

ਸ਼ਨਿਚਰਵਾਰ ਨੂੰ ਫਾਰਮਾਸਿਊਟੀਕਲ ਕੰਪਨੀਆਂ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਨੂੰ ਯਕੀਨ ਨਹੀਂ ਹੈ ਕਿ ਕੀ ਉਨ੍ਹਾਂ ਦੀ ਵੈਕਸੀਨ ਕੋਰੋਨਾ ਦੇ ਨਵੇਂ ਰੂਪ 'ਓਮੀਕ੍ਰਾਨ' ਦਾ ਇਲਾਜ ਕਰਨ 'ਚ ਸਮਰੱਥ ਹੈ ਜਾਂ ਨਹੀਂ। ਸਪੁਤਨਿਕ ਨੇ ਕਿਹਾ ਕਿ ਕੰਪਨੀਆਂ ਨੇ ਲਗਭਗ 100 ਦਿਨਾਂ ਵਿਚ ਇਸ ਨਵੇਂ ਰੂਪ ਦੇ ਵਿਰੁੱਧ ਇਕ ਨਵਾਂ ਟੀਕਾ ਵਿਕਸਤ ਕਰਨ ਦਾ ਵਾਅਦਾ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਵੀ ਨਵੇਂ ਰੂਪ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਡਬਲਿਊ ਐਚ ਏ ਨੇ ਇਸ ਨੂੰ ਚਿੰਤਾ ਦੇ ਰੂਪ ਵਜੋਂ ਸ਼੍ਰੇਣੀਬੱਧ ਕੀਤਾ ਹੈ। ਦੱਖਣੀ ਅਫ਼ਰੀਕਾ ਵਿਚ ਪਾਏ ਜਾਣ ਵਾਲੇ ਇਸ ਰੂਪ ਨੂੰ 'ਬੋਤਸਵਾਨਾ ਵੇਰੀਐਂਟ' ਵੀ ਕਿਹਾ ਜਾਂਦਾ ਹੈ।

# ਪ੍ਰਭਾਵਿਤ ਦੇਸ਼ਾਂ ਤੋਂ ਪੰਜਾਬ ਆਉਣ ਵਾਲਿਆਂ ਲਈ ਸਰਕਾਰ ਨੇ ਵਧਾਈ ਸਖਤੀ



**ਚੰਡੀਗੜ੍ਹ –** ਦੁਨੀਆ ਦੇ ਕੁਝ ਦੇਸ਼ਾਂ ’ਚ ਕੋਵਿਡ-19 ਦੇ ਨਵੇਂ ਰੂਪ ਓਮੀਕ੍ਰੋਨ ਦੇ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਰਾਜ ਦੇ ਉੱਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਅੱਜ ਇੱਥੇ ਕੋਵਿਡ-19 ਦੀ ਸੰਭਾਵੀ ਤੀਸਰੀ ਲਹਿਰ ਦੇ ਮੱਦੇਨਜ਼ਰ ਤਿਆਰੀਆਂ ਦਾ ਜਾਇਜ਼ਾ ਲਿਆ।ਸੋਨੀ ਨੇ ਅੱਜ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਜਿਹਨਾਂ ’ਚ ਵਿਕਾਸ ਗਰਗ ਸਕੱਤਰ ਸਿਹਤ ਵਿਭਾਗ, ਕੁਮਾਰ ਰਾਹੁਲ ਐੱਮਡੀ ਐੱਨਐੱਚਐੱਮ, ਭੁਪਿੰਦਰ ਸਿੰਘ ਐੱਮਡੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਡਾ। ਅੰਦੇਸ਼ ਕੰਗ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਡਾ ਓਪੀ ਗੋਜਰਾ, ਡਾਇਰੈਕਟਰ ਸਿਹਤ ਸੇਵਾਵਾਂ ਸਮੇਤ ਕਈ ਹੋਰਾਂ ਨਾਲ ਕੋਵਿਡ-19 ਦੇ ਨਵੇਂ ਰੂਪ ਓਮੀਕ੍ਰੋਨ ਦੇ ਸੰਭਾਵੀ ਖ਼ਤਰੇ ਤੋਂ ਸੂਬੇ ਦੇ ਲੋਕਾਂ ਨੂੰ ਬਚਾਉਣ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਬਾਰੇ ਚਰਚਾ ਕੀਤੀ।ਉਹਨਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦੱਖਣੀ ਅਫ਼ਰੀਕਾ, ਬ੍ਰਾਜ਼ੀਲ, ਬੰਗਲਾ ਦੇਸ਼, ਬੋਤਸਵਾਨਾ, ਚੀਨ, ਮਾਰੀਸ਼ੀਅਸ, ਨਿਊਜ਼ੀਲੈਂਡ, ਜ਼ਿੰਮਬਾਵੇ, ਸਿੰਘਾਪੁਰ, ਹਾਂਗਕਾਂਗ ਤੇ ਇਜ਼ਰਾਈਲ ਤੋਂ ਆਉਣ ਵਾਲੇ ਯਾਤਰੀਆਂ ਦਾ ਪੰਜਾਬ ਵਿਚ ਆਉਣ ’ਤੇ ਵਧੇਰੇ ਚੌਕਸੀ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਹੇਠਲੇ ਪੱਧਰ ਤਕ ਹਦਾਇਤਾਂ ਜਾਰੀ ਕੀਤੀਆਂ ਜਾਣ, ਕਿਉਂਕਿ ਇਹਨਾਂ ਮੁਲਕਾਂ ਵਿਚ ਨਵੇਂ ਵਾਇਰਸ ਦੇ ਕੇਸ ਵੱਡੇ ਪੱਧਰ ’ਤੇ ਸਾਹਮਣੇ ਆਏ ਹਨ। ਵਿਭਾਗ ਦੇ ਸਕੱਤਰ ਵਿਕਾਸ ਗਰਗ ਨੇ ਦੱਸਿਆ ਕਿ ਸਿਹਤ ਵਿਭਾਗ ਪੰਜਾਬ ਵੱਲੋਂ ਦੂਜੇ ਮੁਲਕਾਂ ਤੋਂ ਆ ਰਹੇ ਯਾਤਰੀਆਂ ਦਾ ਪੰਜਾਬ ’ਚ ਪ੍ਰਵੇਸ਼ ਹੋਣ ’ਤੇ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜਾਂਚਿਆ ਜਾ ਰਿਹਾ ਹੈ ਅਤੇ ਇਹਨਾਂ ਮੁਲਕਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਕੋਵਿਡ ਰਿਪੋਰਟ ਨੈਗੇਟਿਵ ਆਉਣ ਦੇ ਬਾਵਜੂਦ 7 ਦਿਨ ਲਈ ਇਕਾਂਤਵਾਸ ਰੱਖਣ ਤੋਂ ਇਲਾਵਾ ਅੱਠਵੇਂ ਦਿਨ ਮੁੜ ਕੋਵਿਡ ਟੈਸਟ ਕਰਵਾਉਣਾ ਪਵੇਗਾ ਤੇ ਅੱਠਵੇਂ ਦਿਨ ਕਰਵਾਏ ਟੈਸਟ ਵਿਚ ਰਿਪੋਰਟ ਮੁੜ ਨੈਗੇਟਿਵ ਆਉਣ ’ਤੇ ਵੀ ਅਗਲੇ 7 ਦਿਨ ਲਈ ਆਪਣੀ ਨਿਗਰਾਨੀ ਖ਼ੁਦ ਕਰਨ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।






# ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ’ਚ ਇੰਨੇ ਹਜ਼ਾਰ ਅਸਾਮੀਆਂ ਭਰਨ ਦੀ ਦਿੱਤੀ ਮਨਜ਼ੂਰੀ




**ਚੰਡੀਗੜ੍ਹ –** ਪੰਜਾਬ ’ਚ ਸਿੱਖਿਆ ਦਾ ਪੱਧਰ ਵਧਾਉਣ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੋਮਵਾਰ ਨੂੰ 10880 ਖਾਲੀ ਅਸਾਮੀਆਂ ਨੂੰ ਸਿੱਖਿਆ ਵਿਭਾਗ ’ਚ ਭਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਮੌਕੇ ਮੁੱਖ ਮੰਤਰੀ ਨੇ 2000 ਫਿਜ਼ੀਕਲ ਐਜੂਕੇਸ਼ਨ ਅਧਿਆਪਕਾਂ ਨੂੰ ਪ੍ਰਾਇਮਰੀ ਸਕੂਲਾਂ ’ਚ ਲਗਾਏ ਜਾਣ ਨੂੰ ਵੀ ਮਨਜ਼ੂਰੀ ਦਿੱਤੀ ਤਾਂ ਜੋ ਬੱਚਿਆਂ ਦੀ ਸਿਹਤ ’ਤੇ ਵੀ ਧਿਆਨ ਦਿੱਤਾ ਜਾ ਸਕੇ।

ਮੁੱਖ ਮੰਤਰੀ ਨੇ ਪਿੰਡ ਪੱਧਰ ’ਤੇ ਕਲਸਟਰ ਬਣਾਉਣ ਦੀ ਵਕਾਲਤ ਕਰਦੇ ਹੋਏ ਕਿਹਾ ਕਿ ਜੇਕਰ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲਾਂ ’ਚ ਫ਼ਿਜ਼ੀਕਲ ਐਜੂਕੇਸ਼ਨ ਟ੍ਰੇਨਰ ਹਨ ਤਾਂ ਉਨ੍ਹਾਂ ਦੀਆਂ ਸੇਵਾਵਾਂ ਲਈਆਂ ਜਾਣ ਤੇ ਇਸ ਬਾਰੇ ਛੇਤੀ ਤੋਂ ਛੇਤੀ ਤਜਵੀਜ਼ ਦਿੱਤੀ ਜਾਵੇ। ਵੱਖ-ਵੱਖ ਅਧਿਆਪਕ ਯੂਨੀਅਨਾਂ ਤੇ ਜਥੇਬੰਦੀਆਂ ਦੀਆਂ ਮੰਗਾਂ ’ਤੇ ਗੌਰ ਕਰਦੇ ਹੋਏ ਉਨ੍ਹਾਂ ਸਿੱਖਿਆ ਵਿਭਾਗ ਨੂੰ ਕਿਹਾ ਕਿ ਇਨ੍ਹਾਂ ਨੂੰ ਹੱਲ ਕਰਨ ਦਾ ਛੇਤੀ ਤੋਂ ਛੇਤੀ ਪਲਾਨ ਤਿਆਰ ਕੀਤਾ ਜਾਵੇ ਤੇ ਵਿੱਤ ਵਿਭਾਗ ਨਾਲ ਚਰਚਾ ’ਚ ਵੀ ਰੱਖਿਆ ਜਾਵੇ। ਰਾਸ਼ਟਰੀ ਸੈਕੰਡਰੀ ਸਿੱਖਿਆ ਮੁਹਿੰਮ ਦੇ ਤਹਿਤ 1000 ਮੁੱਖ ਅਧਿਆਪਕਾਂ ਤੇ ਅਧਿਆਪਕਾਂ ਨੂੰ ਭਰਤੀ ਕੀਤੇ ਜਾਣ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦੇ ਹੋਏ ਮੁੱਖ ਮੰਤਰੀ ਨੇ ਵਿੱਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਅਜਿਹਾ ਕਰਨ ਲਈ ਸੂਬੇ ਦਾ ਸ਼ੇਅਰ ਤੁਰੰਤ ਰਿਲੀਜ਼ ਕੀਤਾ ਜਾਵੇ। ਇਸ ’ਤੇ 3120 ਕਰੋੜ ਰੁਪਏ ਦਾ ਖਰਚ ਆਏਗਾ। ਹੋਰ ਮਹੱਤਵਪੂਰਨ ਫ਼ੈਸਲਾ ਕਰਦੇ ਹੋਏ ਮੁੱਖ ਮਤੰਰੀ ਨੇ ਸਿਹਤ ਵਿਭਾਗ ’ਚ 3400 ਦੇ ਕਰੀਬ ਅਸਾਮੀਆਂ ’ਤੇ ਭਰਤੀ ਕਰਨ ਲਈ ਵੀ ਮਨਜ਼ੂਰੀ ਦੇ ਦਿੱਤੀ। ਉਨ੍ਹਾਂ ਨੇ ਵਿਭਾਗ ਨੂੰ ਆਂਗਨਵਾੜੀ, ਆਸ਼ਾ ਵਰਕਰ ਤੇ ਸਿਹਤ ਮੁਲਾਜ਼ਮਾਂ ਦੀ ਭਰਤੀ ਲਈ ਕੈਬਨਿਟ ’ਚ ਏਜੰਡਾ ਲਿਆਉਣ ਬਾਰੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਐਲਾਨ ਕੀਤਾ ਕਿ ਉਹ ਛੇਤੀ ਹੀ ਹੁਸ਼ਿਆਰਪੁਰ ਤੇ ਕਪੂਰਥਲਾ ’ਚ ਬਣਨ ਵਾਲੇ ਮੈਡੀਕਲ ਕਾਲਜ ਦਾ ਵੀ ਨੀਂਹ ਪੱਥਰ ਰੱਖਣਗੇ। ਉਨ੍ਹਾਂ ਇਹ ਐਲਾਨ ਕੀਤਾ ਕਿ ਸੰਗਰੂਰ ’ਚ ਵੀ ਮੈਡੀਕਲ ਕਾਲਜ ਸਥਾਪਤ ਕੀਤਾ ਜਾਵੇਗਾ ਜਿਸਦਾ 100 ਫ਼ੀਸਦੀ ਖਰਚ ਸੂਬਾ ਸਰਕਾਰ ਕਰੇਗੀ। ਇਨ੍ਹਾਂ ਮੈਡੀਕਲ ਕਾਲਜਾਂ ਦੇ ਬਣਨ ਨਾਲ ਪੰਜਾਬ ’ਚ ਮੈਡੀਕਲ ਸਿੱਖਿਆ ਤੇ ਖੋਜ ਦੇ ਖੇਤਰ ’ਚ ਮਦਦ ਮਿਲੇਗੀ।

# ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਗਿਆ: ਅਵਤਾਰ ਸਿੰਘ ਡੌਡ

**ਸ੍ਰੀ ਆਨੰਦਪੁਰ ਸਾਹਿਬ–** ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਵਿਖੇ ਸ. ਅਵਤਾਰ ਸਿੰਘ ਡੌਡ, ਉਹਨਾਂ ਦੀ ਧਰਮ ਸੁਪਤਨੀ ਬੀਬੀ ਸਤਬੀਰ ਕੌਰ ਸੈਕਰਾਮੈਂਟੋ, ਅਮਰੀਕਾ ਅਤੇ ਗੁਰਨਾਮ ਸਿੰਘ ਡੌਡ ਕੈਨੇਡਾ ਨਤਮਸਤਕ ਹੋਣ ਲਈ ਪਹੁੰਚੇ। ਜਿਹਨਾਂ ਨੇ ਗੁਰੂ ਘਰ ਦੇ ਦਰਸ਼ਨ ਉਪਰੰਤ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕੀਤਾ।

ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਉਹ ਤਕਰੀਬਨ 30 ਸਾਲ ਮਗਰੋਂ ਇਸ ਧਰਤੀ ਤੇ ਆ ਗੁਰੂ ਚਰਨਾਂ ਵਿਚ ਨਤਮਸਤਕ ਹੋਏ ਹਨ। ਉਹਨਾਂ ਦੇ ਪਿਤਾ ਜੀ ਆਜ਼ਾਦੀ ਘੁਲਾਟੀਏ ਸਨ। ਉਹਨਾਂ ਇਸ ਮੌਕੇ ਖੁਸ਼ੀ ਜ਼ਾਹਿਰ ਕਰਦਿਆਂ ਗੁਰੂ ਸਾਹਿਬ ਜੀ ਦਾ ਕੋਟਿਨ-ਕੋਟਿ ਸ਼ੁਕਰਾਨਾ ਕੀਤਾ ਅਤੇ ਇਸ ਪਵਿੱਤਰ ਨਗਰੀ ਵਿਚ ਆ ਕੇ ਅਤੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਉਹਨਾਂ ਦਾ ਮਨ ਪੂਰਨ ਤੌਰ 'ਤੇ ਤ੍ਰਿਪਤ ਹੋਇਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਸ. ਹਰਦੇਵ ਸਿੰਘ ਐਡਵੋਕੇਟ ਵੱਲੋਂ ਉਹਨਾਂ ਦਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਤਸਵੀਰ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦੇ ਸੈਟ ਭੇਂਟ ਕਰਕੇ ਸਨਮਾਨ ਕੀਤਾ ਗਿਆ।

*****












ਬੀਤੇ ਐਤਵਾਰ 21, ਨਵੰਬਰ 2021 ਨੂੰ ਟਰਾਈ ਵੈਲੀ ਮੋਡੈਸਟੋ ਦੇ ਬਹੁਤ ਹੀ ਸੁੰਦਰ ਗੁਰਦੁਆਰੇ ਵਿਖੇ ਨੌਜਵਾਨਾਂ ਦੀ ਨਵੀਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ "ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਯੂ ਐੱਸ ਏ" ਵੱਲੋਂ ਗੁਰੂ ਨਾਨਕ ਜਨਮ ਪ੍ਰਕਾਸ਼ 'ਤੇ ਗੁਰਮਤਿ ਸਟਾਲ ਲਾਈ ਗਈ, ਸੰਗਤਾਂ ਉਤਸ਼ਾਹ ਨਾਲ ਆਈਆਂ, ਕਥਾ ਕੀਰਤਨ ਦਾ ਦੀਵਾਨ ਸਜਿਆ, ਬਾਹਰ ਲੰਗਰ ਤੇ ਸਟਾਲਾਂ ਲੱਗੀਆਂ ਹੋਈਆਂ ਸਨ। ਸੰਗਤਾਂ ਸਾਡੀ ਸਟਾਲ ਤੋਂ ਗੁਰਬਾਣੀ ਗੁਟਕੇ ਪੋਥੀਆਂ, ਸਟੀਕ, ਕੜੇ ਕੰਘੇ, ਕਛਹਿਰੇ, ਪਟਕੇ, ਕ੍ਰਿਪਾਨਾਂ, ਖੰਡੇ ਤੇ ਦਸਤਾਰਾਂ ਆਦਿਕ ਲੈ ਰਹੀਆਂ ਸਨ। ਸਾਡੇ ਨਾਲ ਕੁਝ ਵਿਚਾਰਵਾਨਾਂ ਨੇ ਵਿਚਾਰ ਵੀ ਕੀਤੇ।

ਡੇਰੇਦਾਰਾਂ ਦੇ ਪ੍ਰਭਾਵ ਕਰਕੇ ਕੁਝ ਬੀਬੀਆਂ ਨੇ ਦੁੱਖ ਭੰਜਨੀ ਤੇ ਸੰਕਟ ਮੋਚਨ ਮੰਗੇ ਤਾਂ ਦਾਸ ਨੇ ਸਮਝਾਇਆ ਕਿ ਸਾਰੀ ਗੁਰਬਾਣੀ ਹੀ ਦੁਖਭੰਜਨ ਤੇ ਸੰਕਟ ਮੋਚਨ ਹੈ-ਸੰਕਟ ਮੋਚਨ ਪ੍ਰਭ ਕੋ ਨਾਮੁ॥ (ਸ਼ਬਦ ਗੁਰੂ) ਹੁਣ ਨਵੀਂ ਕਮੇਟੀ ਕਰਕੇ ਸੁਖਸ਼ਾਂਤੀ ਹੈ। ਕਾਫ਼ੀ ਸਾਲਾਂ ਬਾਅਦ ਸਾਡੀ ਸਟਾਲ ਇੱਥੇ ਲੱਗੀ ਹੈ। ਪ੍ਰਬੰਧਕਾਂ ਤੇ ਸੰਗਤਾਂ ਨੇ ਚੰਗਾ ਹੁੰਗਾਰਾ ਦੇਂਦੇ ਇੱਥੇ ਅੱਗੇ ਵੀ ਸਟਾਲ ਲੌਣ ਤੇ ਗੁਰਮਤਿ ਪ੍ਰਚਾਰ ਕਰਨ ਲਈ ਕਿਹਾ ਤੇ ਨਵੇਂ ਸਾਲ ਲਈ ਵੀ ਬੁੱਕ ਕੀਤਾ। ਇੱਥੋਂ ਦੇ ਮਨੋਹਰ ਸਿੰਘ ਰਾਗੀ ਜੋ ਤੰ-ਤੀਸਾਜਾਂ ਦੇ ਮਾਹਰ ਨੇ ਉਨ੍ਹਾਂ ਚੰਗੇ ਵਿਦਵਾਨਾਂ ਦੀਆਂ ਪੁਸਤਕਾਂ ਲਈਆਂ ਤੇ ਸਾਡੇ ਨਾਲ ਕੁਝ ਅਖੰਡ ਕੀਰਤਨੀ ਨਿਹੰਗ ਸਿੰਘਾਂ ਨੇ ਫੋਟੋਆਂ ਕੀਤੀਆਂ, ਕੜੇ ਤੇ ਪੁਸਤਕਾਂ ਵੀ ਲਈਆਂ, ਇਕ ਲੰਗਰ ਦੀ ਸਟਾਲ ਤੇ ਬਾਬਾ ਜਰਨੈਲ ਸਿੰਘ ਤੇ ਸ਼ਹੀਦਾਂ ਦੀਆਂ ਵਾਰਾਂ ਦੇ ਗਾਣੇ ਵੀ ਵੱਜ ਰਹੇ ਸਨ। ਅਰਦਾਸ ਕਰ ਨਿਸ਼ਾਨ ਸਾਹਿਬ ਚੜ੍ਹੌਂਦੇ ਬੋਲੇ ਸੋ ਨਿਹਾਲ ਦੇ ਜੈਕਾਰੇ ਵੀ ਬੁਲਾਏ ਗਏ! ਸਾਰਾ ਖੁਸ਼ੀ ਦਾ ਮਹੌਲ ਤੇ ਨੌਜਵਾਨ ਕਮੇਟੀ ਦਾ ਵਧੀਆ ਸ਼ਾਂਤੀ ਪੂਰਕ ਇੰਤਜ਼ਾਮ ਸੀ

**– ਅਵਤਾਰ ਸਿੰਘ ਮਿਸ਼ਨਰੀ (5104325827)**

# ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸੰਵਿਧਾਨ ਦਿਵਸ ਦੇ ਸਬੰਧ 'ਚ ਕੀਤੀ ਵਿਚਾਰ ਗੋਸ਼ਟੀ

## ਬਾਲੀ ਨੇ ਐਨੀਮੇਟਡ ਫਿਲਮ 'ਜੈ ਭੀਮ' ਦੀ ਰਿਲੀਜ਼ ਦੀ ਤਰੀਕ ਦਾ ਕੀਤਾ ਐਲਾਨ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਵੱਲੋਂ ਅੰਬੇਡਕਰ ਭਵਨ, ਡਾ ਅੰਬੇਡਕਰ ਮਾਰਗ (ਨਕੋਦਰ ਰੋਡ), ਜਲੰਧਰ ਵਿਖੇ ਸੰਵਿਧਾਨ ਦਿਵਸ ਦੇ ਸਬੰਧ 'ਚ 'ਨਾਗਰਿਕਾਂ ਦੇ ਸਸ਼ਕਤੀਕਰਨ ਦਾ ਦਸਤਾਵੇਜ਼ ਭਾਰਤੀ ਸੰਵਿਧਾਨ: ਚੁਣੌਤੀਆਂ ਅਤੇ ਖ਼ਤਰੇ' ਵਿਸ਼ੇ 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਵਿਚਾਰ ਗੋਸ਼ਟੀ 'ਤੇ ਐਡਵੋਕੇਟ ਰਣਜੀਤ ਕੁਮਾਰ ਸਾਬਕਾ ਪ੍ਰਧਾਨ ਜਿਲਾ ਬਾਰ ਐਸੋਸੀਏਸ਼ਨ, ਹੁਸ਼ਿਆਰਪੁਰ ਨੇ ਮੁਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਸ਼ੇ ਤੇ ਬਹੁਤ ਹੀ ਵਿਦਵਤਾਪੂਰਵਕ ਰੋਸ਼ਨੀ ਪਾਈ।





ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਅਜਿਹਾ ਸੰਵਿਧਾਨ ਬਣਾਇਆ ਹੈ ਜੋ ਦੇਸ਼ ਦੇ ਹਰ ਵਰਗ ਵਾਸਤੇ ਮਹੱਤਵਪੂਰਨ ਹੈ। ਸਮਾਗਮ ਦੇ ਦੂਜੇ ਪੜਾਅ ਵਿੱਚ ਮੈਸਰਜ਼ ਪ੍ਰੀਤਮ ਫਿਲਮ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ ਦੁਆਰਾ ਨਿਰਮਿਤ ਐਨੀਮੇਟਿਡ ਫਿਲਮ 'ਜੈ ਭੀਮ' ਦੇ ਟ੍ਰੇਲਰ ਦਿਖਾਏ ਗਏ। ਹਰ ਦਰਸ਼ਕ ਨੇ ਪ੍ਰੀਤਮ ਫਿਲਮ ਪ੍ਰੋਡਕਸ਼ਨ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਮੈਨੇਜਿੰਗ ਡਾਇਰੈਕਟਰ ਸ੍ਰੀ ਸਤਨਾਮ ਚਾਨਾ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ। ਸੁਸਾਇਟੀ ਦੇ ਪ੍ਰਧਾਨ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਨੇ ਸਮਾਗਮ ਵਿੱਚ ਆਏ ਸਾਰੇ ਸਾਥੀਆਂ ਨੂੰ ਜੀ ਆਇਆਂ ਕਿਹਾ। ਅਤੇ ਸੁਸਾਇਟੀ ਦੀ ਸਾਬਕਾ ਪ੍ਰਧਾਨ ਅਤੇ ਮੁੱਖ ਸਲਾਹਕਾਰ ਮੈਡਮ ਸੁਦੇਸ਼ ਕਲਿਆਣ ਨੇ ਮੁੱਖ ਬੁਲਾਰੇ ਦੀ ਜਾਣ ਪਛਾਣ ਕਰਵਾਈ। ਪ੍ਰਸਿੱਧ ਅੰਬੇਡਕਰਵਾਦੀ, ਲੇਖਕ, ਚਿੰਤਕ, ਸੰਪਾਦਕ ਭੀਮ ਪੱਤਰਿਕਾ, ਅਤੇ ਸੰਸਥਾਪਕ ਟਰੱਸਟੀ ਅੰਬੇਡਕਰ ਭਵਨ ਟਰੱਸਟ (ਰਜਿ।) ਜਲੰਧਰ ਐਲ ਆਰ ਬਾਲੀ ਨੇ ਐਡਵੋਕੇਟ ਰਣਜੀਤ ਕੁਮਾਰ ਦੀ ਸ਼ਲਾਘਾ ਕੀਤੀ। ਸ੍ਰੀ ਬਾਲੀ ਜੀ ਨੇ ਪ੍ਰੀਤਮ ਫਿਲਮ ਪ੍ਰੋਡਕਸ਼ਨ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਸਤਨਾਮ ਚਾਨਾ ਨੂੰ ਆਪਣਾ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੁਆਰਾ ਬਣਾਈ ਗਈ ਐਨੀਮੇਟਿਡ ਫਿਲਮ 'ਜੈ ਭੀਮ' ਨੂੰ ਰਿਲੀਜ਼ ਕਰਨ ਦੀ ਮਿਤੀ ਦਾ ਐਲਾਨ ਕੀਤਾ।



ਉਨ੍ਹਾਂ ਐਲਾਨ ਕੀਤਾ ਕਿ 28 ਜਨਵਰੀ, 2022 ਨੂੰ ਇਹ ਫਿਲਮ ਪ੍ਰੀਤਮ ਫਿਲਮ ਪ੍ਰੋਡਕਸ਼ਨ ਦੁਆਰਾ ਦੁਨੀਆ ਭਰ ਵਿੱਚ ਰਿਲੀਜ਼ ਕੀਤੀ ਜਾਵੇਗੀ। । ਉਨ੍ਹਾਂ ਇਹ ਵੀ ਕਿਹਾ ਕਿ ਬਾਬਾ ਸਾਹਿਬ ਡਾ ਅੰਬੇਡਕਰ ਦੇ ਜੀਵਨ 'ਤੇ ਅਜਿਹੀ ਵਧੀਆ ਫਿਲਮ ਪੰਜਾਬ ਖਾਸ ਕਰਕੇ ਜਲੰਧਰ ਵਿੱਚ ਬਣਾਈ ਗਈ ਹੈ, ਜਿਸ ਨਾਲ ਪੰਜਾਬੀਆਂ ਦਾ ਸਿਰ ਉੱਚਾ ਹੋਵੇਗਾ। ਹੋਰਾਂ ਤੋਂ ਇਲਾਵਾ ਡਾ ਰਾਮ ਲਾਲ ਜੱਸੀ, ਡਾ ਜੀ ਸੀ ਕੌਲ, ਜਸਵਿੰਦਰ ਵ-ਰਆਣਾ, ਚਰਨਦਾਸ ਸੰਧੂ, ਡਾ ਚਰਨਜੀਤ ਸਿੰਘ, ਹਰਭਜਨ ਨਿਮਤਾ, ਐਡਵੋਕੇਟ ਹਰਭਜਨ ਸਾਂਪਲਾ, ਡਾ ਮਹਿੰਦਰ ਸੰਧੂ, ਇੰਜੀ। ਜਸਵੰਤ ਰਾਏ, ਹਰੀ ਰਾਮ ਓਐਸਡੀ, ਮਲਕੀਅਤ ਖਾਂਬਰਾ, ਪਿਆਰਾ ਲਾਲ ਚਾਹਲ, ਐਮ ਆਰ ਸੱਲਣ, ਸੁਰਜੀਤ ਸਿੰਘ ਡੀਐਫਓ, ਜੱਸੀ ਚਾਨਾ, ਵਿਸ਼ਾਲ ਸ਼ਰਮਾ, ਰਾਜ ਕੁਮਾਰ ਵਰਿਆਣਾ ਆਦਿ ਇਸ ਮੌਕੇ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।

# ਸਿਆਟਲ ਦੇ ਸਮਾਜ ਸੇਵੀ ਸੁਖਜਿਦਰ ਸਿੰਘ ਰੰਧਾਵਾ ਦੀ ਅਚਨਚੇਤ ਮੌਤ 'ਤੇ ਗਹਿਰਾ ਦੁੱਖ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਅਮਰੀਕਾ ਵਰਗੇ ਦੇਸ਼ ਦੇ ਸਿਟੀਜਨ ਹੋਣ 'ਤੇ ਵੀ ਸਭ ਕੁਝ ਛੱਡ ਕੇ ਮਹਿਤਾ ਚੌਂਕ ਨੇੜੇ ਜੱਦੀ ਪਿੰਡ ਜੈਤੋ ਸਰਜੇ ਵਿਚ ਰੋਇਲ ਨਰਸਿੰਗ ਕਾਲਜ ਚਲਾ ਕੇ ਵਿੱਦਿਆ ਦਾ ਦਾਨ ਦੇ ਰਹੇ ਸੁਖਜਿੰਦਰ ਸਿੰਘ ਰੰਧਾਵਾ (72) ਦਾ ਦਿਲ ਦਾ ਦੌਰਾ ਪੈਣ ਕਾਰਨ ਅਚਨਚੇਤ ਦੇਹਾਂਤ ਹੋ ਗਿਆ, ਜਿਸ ਕਰਕੇ ਦੇਸ਼-ਵਿਦੇਸ਼ ਦੇ ਦੋਸਤ-ਮਿੱਤਰਾਂ ਤੇ ਸਨੇਹੀਆਂ ਵੱਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ। ਬਾਬਾ ਬੁੱਢਾ ਸਿੰਘ ਸੰਸਥਾ ਤੇ ਸਰਬੱਤ ਦਾ ਭਲਾ ਟਰੱਸਟ ਦੇ ਸਮੂਹ ਅਹੁਦੇਦਾਰਾਂ ਨੇ ਰੰਧਾਵਾ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਹ ਆਪਣੇ ਪਿੱਛੇ ਪਤਨੀ ਸੁਖਵੰਤ ਕੌਰ ਤੇ ਇਕ ਲੜਕਾ ਸੁਖਰੂਪ ਸਿੰਘ ਤੇ ਦੋ ਲੜਕੀਆਂ ਛੱਡ ਗਏ ਹਨ। ਉਹਨਾਂ ਦਾ ਸਸਕਾਰ ਕੈਂਟ (ਸਿਆਟਲ) ਵਿਖੇ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਸੁਖਜਿੰਦਰ ਸਿੰਘ ਰੰਧਾਵਾ ਸਰੀਰਕ ਸਿੱਖਿਆ ਦੇ ਅਧਿਆਪਕ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਲੰਮਾ ਸਮਾਂ ਨਿਊਯਾਰਕ ਤੇ ਫਿਰ ਸਿਆਟਲ ਰਹਿਣ ਤੇ ਸਮਾਜ ਸੇਵੀ ਕਾਰਜਾਂ 'ਚ ਜੁਟ ਗਏ। ਪਿਛਲੇ 10 ਸਾਲ ਤੋਂ ਅਮ-ਰੀਕਾ ਦੇ ਸਾਰੇ ਸੁੱਖ-ਆਰਾਮ ਛੱਡ ਕੇ ਜੈਤੋ ਗਰਜੇ ਪਿੰਡ ਵਿਚ ਰਹਿ ਕੇ ਵਿੱਦਿਆ ਦਾ ਦਾਨ ਤੇ ਲੋੜਵੰਦ ਲੋਕਾਂ ਦੀ ਮਦਦ ਵਿਚ ਜੁਟ ਗਏ।



# ਅਸ਼ਵਨੀ ਸ਼ਰਮਾ ਨੇ ਮਨਜਿੰਦਰ ਸਿੰਘ ਸਿਰਸਾ ਦਾ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਕੀਤਾ ਸਵਾਗਤ

ਚੰਡੀਗੜ੍ਹ: 1 ਦਸੰਬਰ- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦਿੱਲੀ ਤੋਂ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਮਨਜਿੰਦਰ ਸਿੰਘ ਸਿਰਸਾ ਦਾ ਭਾਜਪਾ ਵਿਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕੀਤਾ ਹੈ। ਸ਼ਰਮਾ ਨੇ ਕਿਹਾ ਕਿ ਸਿਰਸਾ ਦਾ ਭਾਜਪਾ ਵਿਚ ਸ਼ਾਮਲ ਹੋਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿੱਖ ਕੌਮ ਨਾਲ ਪਿਆਰ ਅਤੇ ਪੰਜਾਬ ਹਿਤੈਸ਼ੀ ਸੋਚ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਇਹ ਯਕੀਨੀ ਹੋ ਗਿਆ ਹੈ ਕਿ ਚੋਣਾਂ ਵਿੱਚ ਭਾਜਪਾ ਨੂੰ ਭਾਰੀ ਬਹੁਮਤ ਨਾਲ ਜਿਤ ਮਿਲੇਗੀ। ਸ਼ਰਮਾ ਨੇ ਕਿਹਾ ਕਿ ਸਿਰਸਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਭਾਜਪਾ ਸਿੱਖਾਂ ਦੀ ਹਿਤੈਸ਼ੀ ਪਾਰਟੀ ਹੈ।



ਦੇਸ਼ ਦੁਆਬਾ

# Remembering Bodhisattva Bharat Ratan Babasaheb Dr. Bhimrao Ramji Ambedkar

Prem K. Chumber
Editor-in-Chief: www.ambedkartimes.com




Babasaheb Dr Bhimrao Ramji Ambedkar (14 April 1891 – 6 December 1956) was a great humanist, liberator of downtrodden, world reputed economist, acclaimed jurist, statesman in true spirits, conscientious politician and scholar par excellence. He initiated many social reform measures and founded three political parties towards his life long struggle to annihilate caste from the soil of India. He was of the firm view that caste is the biggest hurdle on the way of India to become nation. Shortly before his Mahaparinirvan he laid the foundation of Dalit Buddhist movement in India to show a new way to the millions of socially discriminated people of the country to get rid of the centuries' old curse of caste and untouchability.

His scholarship and brilliant approach to take mankind to new heights brought him into various offices of responsibility both during the British rule and Independent India. He was the first law minister of independent India. He was Chairman of the drafting committee of the Constitution of Independent India.

Dr B. R. Ambedkar was a prolific writer who founded three well received journals during his campaign against untouchability. He earned doctorates in economic and many more academic degrees form the reputed universities of the US and UK. He has been adjudged one of the few most intelligent peoples in the world so far. In 1990, the Bharat Ratna, India's highest civilian award, was posthumously conferred upon him. Ambedkar Times and Desh Doaba forums fondly and most respectfully remember Bodhisattva Bharat Ratan Babasaheb Dr B.R. Ambedkar on this very day of his being posthumously conferred the highest civilian award of India.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-180

## ਜਜਮਾਲਿਆ ਤੇ ਧਰਮਰਾਜ



ਅਵਤਾਰ ਸਿੰਘ ਮਿਸ਼ਨਰੀ
510-432-5827

ਅਸਲ 'ਚ ਜਜਮਾਲਿਆਂ ਕੁਸ਼ਟੀ (ਕੁਕਰਮੀ) ਤੇ ਧਰਮਰਾਜ (ਅੰਦਰਲਾ ਸੱਚਰਾਜ) ਹੈ। ਦੂਜੇ ਪਾਸੇ ਪੁਰਾਤਨ ਬ੍ਰਾਹਮਣੀ ਵਿਸ਼ਵਾਸ ਹਨ ਕਿ ਮਰਨ ਉਪ੍ਰੰਤ ਕੋਈ ਧਰਮਰਾਜ ਦੀ ਕਚਿਹਰੀ ਹੈ। ਇਹ ਵੀ ਕਿਹਾ ਹੈ ਕਿ ਧਰਮ-ਰਾਜ ਦੀ ਕਚਹਿਰੀ ਵਿਚ ਨਿਰੋਲ ਸੱਚ ਦੇ ਆਧਾਰ ਤੇ ਹੀ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦਾ ਹੈ। ਮੰਦ-ਕਰਮੀ ਚੁਣ ਕੇ ਵੱਖ ਕੀਤੇ ਜਾਂਦੇ ਤੇ ਅਜੇਹੇ ਜੀਵਾਂ ਨੂੰ ਸੁਰਗ 'ਚ ਥਾਂ ਨਹੀਂ ਮਿਲਦੀ ਅਤੇ ਉਨ੍ਹਾਂ ਦਾ ਮੂੰਹ ਕਾਲਾ ਕਰ ਕੇ ਉਨ੍ਹਾਂ ਨੂੰ ਨਰਕ 'ਚ ਧੱਕ ਦਿਤਾ ਜਾਂਦਾ ਹੈ। ਇਸ ਤੇ ਗੁਰਮਤਿ ਦਾ ਸਿਧਾਂਤ ਪ੍ਰਗਟ ਕਰਦੇ ਗੁਰੂ ਨਾਨਕ ਪਾਤਸ਼ਾਹ ਫ਼ੁਰਮਾਂਦੇ ਹਨ ਕਿ ਧਰਮਰਾਜ, ਜਮਰਾਜ, ਸੁਰਗ-ਨਰਕ ਆਦਿ ਵਾਲੀ ਕੋਈ ਹੋਂਦ ਨਹੀਂ। ਮਰਨ ਉਪ੍ਰੰਤ ਮਨੁੱਖਾ ਜੀਵਨ ਦੇ ਕੇਵਲ ਦੋ ਹੀ ਪੱਖ ਹਨ ਕਿ ਜੋ ਜੀਵ ਕਰਤੇ ਦੀ ਸਿਫ਼ਤ ਸਲਾਹ 'ਚ ਰੰਗੇ ਰਹਿੰਦੇ ਨੇ, ਉਹ ਅਪਣੇ ਜੀਵਨ ਦੀ ਬਾਜ਼ੀ ਜਿੱਤ ਕੇ ਅੰਤ ਕਰਤੇ 'ਚ ਹੀ ਅਭੇਦ ਹੋ ਜਾਂਦੇ ਤੇ ਮੁੜ ਜਨਮ-ਮਰਣ ਦੇ ਗੇੜ੍ਹ 'ਚ ਨਹੀਂ ਪੈਂਦੇ। ਦੂਜੇ ਜੀਵਨ 'ਚ ਠੱਗੀਆਂ ਆਦਿ ਕਰਨ ਵਾਲੇ ਮਨਮੁਖ, ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥੨॥

ਜਜਮਾਲਿਆ ਲਫਜ਼ ਕੋੜ੍ਹੀ ਲਈ ਵਰਤਿਆ ਜਾਂਦ ਹੈ। ਆਮ ਤੌਰ 'ਤੇ ਕੋੜ੍ਹੀ ਨੂੰ ਕੋਈ ਨੇੜੇ ਨਹੀਂ ਲੱਗਣ ਦਿੰਦਾ ਕਿਉਂਕਿ ਉਸ ਤੋਂ ਛੂਤ ਕਾਰਣ ਰੋਗ ਲੱਗਣ ਦਾ ਡਰ ਹੁੰਦਾ ਹੈ। ਇਹ ਲਫਜ਼ ਹੁਣ ਘਟੀਆ, ਨੀਚ, ਝੂਠੇ ਲਈ ਵੀ ਵਰਤਿਆ ਜਾਣ ਲੱਗ ਪਿਆ ਹੈ। ਗੁਰਬਾਣੀ ਦਾ ਹਰ ਸ਼ਬਦ ਸਾਨੂੰ ਜੀਵਨ ਜਾਚ ਸਿਖਾਉਂਦਾ ਹੈ। ਕਈ ਵਾਰੀ ਅਸੀਂ ਸ਼ਬਦ ਦੇ ਭਾਵ ਅਰਥ ਨੂੰ ਸਮਝਦੇ ਨਹੀਂ ਹਾਂ ਕੇਵਲ ਅੱਖਰੀਂ ਅਰਥ ਤੀਕ ਹੀ ਸੀਮਤ ਰਹਿ ਜਾਂਦੇ ਹਾਂ। ਆਸਾ ਕੀ ਵਾਰ ਵਿਚਲੀ ਬਾਣੀ ਨੇ ਸਮਾਜ ਦੇ ਹਰੇਕ ਕਰਮ-ਕਾਂਡ ਦੀ ਖੁਲ੍ਹ ਕੇ ਗੱਲ ਕੀਤੀ ਹੈ। ਆਸਾ ਕੀ ਵਾਰ 'ਚ ਉਨ੍ਹਾਂ ਲੋਕਾਂ ਦਾ ਚਿਤਰ ਬਿਆਨਿਆ ਜਿਹੜੇ ਅੰਦਰ ਵੜ੍ਹ ਕੇ ਬਿਗਾਨਿਆਂ ਦੀ ਬੋਲੀ ਬੋਲਦੇ ਤੇ ਉਨ੍ਹਾਂ ਦਾ ਪਕਾਇਆ ਭੋਜਨ ਖਾਂਦੇ ਨੇ ਪਰ ਜਦੋਂ ਇਹ ਆਪਣੀ ਬਰਾਦਰੀ ਵਿੱਚ ਵਿਚਰਦੇ ਆ ਤਾਂ ਉਨ੍ਹਾਂ ਨੂੰ ਧਰਮ ਦੀ ਮਰਯਾਦਾ ਸਮਝਾਉਂਦੇ ਤੇ ਮੁਸਲਮਾਨ ਭਾਈਚਾਰੇ ਨੂੰ ਮਲੇਸ਼ ਆਖਦੇ ਹਨ। ਭਾਰਤੀ ਲੋਕਾਂ ਦੀ ਤਰਾਸਦੀ ਦਸਦੇ ਕਿਹਾ ਹੈ ਕਿ ਇਨ੍ਹਾਂ ਨੇ ਤੇ ਆਪਣੀ ਬੋਲੀ ਹੀ ਤਿਆਗ ਦਿੱਤੀ ਤੇ ਮਾਂ ਬੋਲੀ ਦਾ ਤਿਆਗ ਕਰਨ ਵਾਲਾ ਸਦੀਆਂ ਤੱਕ ਗੁਲਾਮ ਹੋ ਜਾਂਦਾ ਹੈ। ਭਾਰਤੀ ਪੁਜਾਰੀ ਨੇ ਧਰਮਰਾਜ, ਨਰਕ-ਸਵਰਗ, ਚਿੱਤਰ-ਗੁਪਤ ਵਰਗੀਆਂ ਆਪਣੀਆਂ ਹੀ ਬਣਾਈਆਂ ਹੋਈਆਂ ਅਖੌਤੀ ਕਹਾਣੀਆਂ ਵਿੱਚ ਸਮਾਜ ਨੂੰ ਉਲਝਾਅ ਕੇ ਰੱਖਿਆ ਹੋਇਆ ਸੀ। ਇਹ ਮਨੌਤ ਅੱਜ ਵੀ ਉੱਥੇ ਹੀ ਖੜੀ ਏ ਜਿਵੇਂ-ਧਰਮਰਾਜ ਦਿਸਦਾ ਨਹੀਂ ਤੇ ਇਹ ਦੁਨੀਆਂ ਨਾਲੋਂ ਕਿਸੇ ਵੱਖਰੇ ਥਾਂ ਅਸਮਾਨ ਵਿੱਚ ਰਹਿੰਦਾ ਤੇ ਮੌਤ ਉਪ੍ਰੰਤ ਕੀਤੇ ਹੋਏ ਕਰਮਾਂ ਦੇ ਹਿਸਾਬ ਨਾਲ ਅਖੌਤੀ ਨਰਕ ਸਵਰਗ ਦਿੰਦਾ ਹੈ। ਆਓ ਧਰਮਰਾਜ ਬਾਰੇ ਆਸਾ ਕੀ ਵਾਰ ਦੀ ਇਸ ਪਉੜੀ ਚ ਸਮਝੀਏ ਕਿ-ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ਲਿਖਿ ਨਾਵੈ ਧਰਮੁ ਬਹਾਲਿਆ॥੨॥ (ਮ:੧-੪੬੩)

ਗੁਰਦੇਵ ਆਖਦੇ ਨੇ ਕਿ ਜੀਵਾਂ ਨੂੰ ਪੈਦਾ ਕਰ ਪ੍ਰਭੂ ਨੇ ਸੱਚ-ਧਰਮ ਨੂੰ ਉਨ੍ਹਾਂ ਦੇ ਸਿਰ ਤੇ ਮੁਕੱਰਰ ਕੀਤਾ ਹੋਇਐ ਕਿ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਦਾ ਰਹੇ। ਧਰਮ-ਰਾਜ ਦੀ ਕਚਹਿਰੀ ਵਿੱਚ ਨਿਰੋਲ ਸੱਚ ਦੁਆਰਾ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦੈ ਭਾਵ ਓਥੇ ਨਿਬੇੜੇ ਦਾ ਮਾਪ ਨਿਰੋਲ ਸੱਚ ਹੈ ਜਿਨ੍ਹਾਂ ਦੇ ਪੱਲੇ ਸਚ ਹੁੰਦੈ ਉਨ੍ਹਾਂ ਨੂੰ ਆਦਰ ਮਿਲਦੈ ਤੇ ਮੰਦ-ਕਰਮੀ ਜੀਵ ਚੁਣ ਕੇ ਵੱਖ ਕੀਤੇ ਜਾਂਦੇ ਹਨ। ਕੂੜ ਠੱਗੀ ਕਰਨ ਵਾਲੇ ਜੀਵਾਂ ਨੂੰ ਓਥੇ ਟਿਕਾਣਾ ਨਹੀਂ ਮਿਲਦਾ ਕਾਲਾ ਮੂੰਹ ਕਰ ਕੇ ਉਨ੍ਹਾਂ ਨੂੰ ਦੋਜ਼ਕ 'ਚ ਧੱਕਿਆ ਜਾਂਦਾ ਹੈ। ਹੇ ਪ੍ਰਭੂ! ਜੋ ਮਨੁੱਖ ਤੇਰੇ ਨਾਮ (ਗਿਆਨ ਰੰਗ) ਵਿੱਚ ਰੰਗੇ ਹੋਏ ਨੇ ਉਹ ਏਥੋਂ ਬਾਜ਼ੀ ਜਿੱਤ ਜਾਂਦੇ ਤੇ ਠੱਗੀ ਕਰਨ ਵਾਲੇ ਬੰਦੇ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ। ਹੇ ਪ੍ਰਭੂ! ਤੂੰ ਧਰਮ-ਰਾਜ ਨੂੰ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਣ ਵਾਸਤੇ ਉਨ੍ਹਾਂ 'ਤੇ ਮੁਕੱਰਰ ਕੀਤਾ ਹੋਇਆ ਹੈ।(ਪ੍ਰੋ। ਸਾਹਿਬ ਸਿੰਘ) ਨੋਟ-ਪਉੜੀ ਦਾ ਵਿਸ਼ਾ-ਵਸਤੂ ਹਮੇਸ਼ਾਂ ਅਖੀਰਲੀ ਤੁਕ ਵਿੱਚ ਹੁੰਦਾ ਤੇ ਬਾਕੀ ਪਉੜੀ ਵਿੱਚ ਇਸ ਵਿਸ਼ੇ ਦੀ ਵਿਚਾਰ ਕੀਤੀ ਹੁੰਦੀ ਹੈ। ਇਸ ਪਉੜੀ ਦਾ ਵਿਸ਼ਾ ਧਰਮਰਾਜੁ ਹੈ। ਸੰਸਕ੍ਰਿਤ ਗ੍ਰੰਥਾਂ ਵਿੱਚ ਯਮ ਅਤੇ ਧਰਮਰਾਜ ਇਕੋ ਤੇ ਇਸ ਦੀ ਉਤਪਤੀ ਸੰਗਯਾ ਦੇ ਗਰਭ ਤੋਂ ਸੂਰਯ ਦਵਾਰਾ ਲਿਖੀ ਹੈ। ਅਰ ਯਮੀ ਭੀ ਆਪਣੇ ਭਾਈ ਨਾਲ ਉਸੇ ਸਮੇਂ ਜੰਮੀ ਅਰਥਾਤ ਯਮ ਅਤੇ ਯਮੀ ਦੋਵੇਂ ਜੌੜੇ ਸਨ। ਧਰਮਰਾਜ ਦੀ ਪੁਰੀ ਦਾ ਨਾਮ ਸੰਯਮਨੀ, ਉਸ ਦੇ ਮਹਿਲ ਦਾ ਨਾਮ ਕਾਲੀਚੀ, ਉਸ ਦੇ ਸਿੰਘਾਸਣ ਦਾ ਨਾਮ ਵਿਚਾਰਭੂ ਅਤੇ ਭਾਰੀ ਰਜਿਸਟਰ ਦਾ ਨਾਮ ਜੋ ਚਿੱਤਰ-ਗੁਪਤ ਦੇ ਸਪੁਰਦ ਅਗਰਸੰਧਾਨੀ ਹੈ।(ਮਹਾਨਕੋਸ਼)

ਹੁਣ ਤੱਕ ਪ੍ਰਚਲਤੈ ਕਿ ਅਸਮਾਨ ਵਿੱਚ ਧਰਮਰਾਜ ਦਾ ਦਫਤਰ ਹੈ ਜਿੱਥੇ ਸਾਡੇ ਜੀਵਨ ਦਾ ਸਾਰਾ ਹਿਸਾਬ-ਕਿਤਾਬ ਕਰਕੇ ਰੱਖਿਆ ਹੋਇਆ ਤੇ ਉਸ ਦੇ ਚਿੱਤਰ ਤੇ ਗੁਪਤ ਦੋ ਦੂਤ ਜੋ ਸਾਰੀ ਰਿਪੋਰਟ ਧਰਮ ਰਾਜ ਨੂੰ ਦੇਂਦੇ ਤੇ ਉਸ ਮੁਤਾਬਿਕ ਸਾਨੂੰ ਨਰਕ ਜਾਂ ਸਵਰਗ ਮਿਲਦਾ ਹੈ। ਅੱਜ ਤੀਕ ਸਾਨੂੰ ਇਸੇ ਧਰਮਰਾਜ ਦੇ ਅਧੀਨ ਹੀ ਪੁਜਾਰੀ ਨੇ ਰੱਖਿਆ ਤੇ ਇਸੇ ਦਾ "ਮਨੋਕਲਪਤ ਧਰਮਰਾਜ" ਨਾਂ ਲੈ ਕੇ ਲੋਕਾਂ ਨੂੰ ਡਰਾਇਆ ਹੋਇਆ ਹੈ। ਅਸਲ 'ਚ "ਗੁਰਬਾਣੀ ਵਾਲਾ ਧਰਮਰਾਜ" ਆਪਣੇ ਕਰਤੱਵ ਦਾ ਪਾਲਕ ਕਰਤਾਰ ਹੈ। ਕਰਤਾਰ ਸਾਡੇ ਸੁਭਾਅ 'ਚ ਤੇ ਉਹ ਕੋਈ ਦੇਖਣ ਵਾਲੀ ਵਸਤੂ ਨਹੀਂ ਹੈ। ਧਰਮ ਦਾ ਦੂਜਾ ਅਰਥ "ਫਰਜ਼" ਕਿ ਸਾਨੂੰ ਆਪਣੇ ਫ਼ਰਜ਼ ਦੀ ਪਹਿਚਾਨ ਕਰਨੀ ਚਾਹਦੀ ਹੈ।

ਗੁਰੂ ਨਾਨਕ ਸਾਹਿਬ ਇੱਕ ਹੋਰ ਥਾਂ ਉਪਦੇਸ਼ਦੇ ਨੇ ਕਿ ਸਾਡੇ ਮਨ ਵਿੱਚ ਬੁਰਾ ਭਲਾ ਦੋ ਵਿਚਾਰ ਹਰ ਵੇਲੇ ਚਲਦੇ ਰਹਿੰਦੇ ਹਨ। ਇਨ੍ਹਾਂ ਦੇ ਅਧੀਨ ਹੋ ਕੇ ਹੀ ਅਸੀਂ ਸਾਰੇ ਕਰਮ ਕਰਦੇ ਹਾਂ। ਇਹ ਸਾਰਾ ਕੁੱਝ ਸਾਡੇ ਦਿਮਾਗ਼ ਵਿੱਚ ਉਕਰਿਆ ਜਾਂਦਾ ਹੈ। ਬਾਰ-ਬਾਰ ਅਜੇਹੇ ਕਰਮ ਕਰਨ ਨਾਲ ਸਾਡਾ ਸੁਭਾਅ ਵੀ ਓਸੇ ਤਰ੍ਹਾਂ ਦਾ ਹੋ ਜਾਂਦਾ ਹੈ। ਗੁਰੂ ਸਾਹਿਬ ਦਾ ਫਰਮਾਨ ਹੈ-ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥(ਮਾਰੂ ਮ:੧-੯੯੦)

ਹੇ ਹਰੀ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਤੂੰ ਅਚੱਰਜ ਖੇਡ ਰਚੀ ਹੈ ਕਿ ਤੇਰੀ ਕੁਦਰਤ ਵਿੱਚ ਜੀਵਾਂ ਦਾ ਆਚਰਨ ਮਾਨੋ, ਕਾਗ਼ਜ਼, ਮਨ ਦਵਾਤ ਅਤੇ ਉਸ ਬਣ ਰਹੇ ਆਚਰਨ-ਕਾਗ਼ਜ਼ ਉਤੇ ਮਨ ਦੇ ਸੰਸਕਾਰਾਂ ਦੀ ਸਿਆਹੀ ਨਾਲ ਚੰਗੇ-ਮੰਦੇ ਲੇਖ ਲਿਖੇ ਜਾ ਰਹੇ ਨੇ ਭਾਵ ਮਨ ਵਿੱਚ ਹੁਣ ਤਕ ਦੇ ਇਕੱਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੀਵ ਜਿਹੜੇ ਚੰਗੇ-ਮੰਦੇ ਕੰਮ ਕਰਦੇ ਨੇ ਉਹ ਕੰਮ ਆਚਰਨ-ਰੂਪ ਕਾਗ਼ਜ਼ ਉਤੇ ਨਵੇਂ ਚੰਗੇ ਮੰਦੇ ਸੰਸਕਾਰ ਉੱਕਰਦੇ ਜਾਂਦੇ ਹਨ। ਇਸ ਤਰ੍ਹਾਂ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ-ਰੂਪ ਸੁਭਾਉ ਜਿਵੇਂ-ਜਿਵੇਂ ਜੀਵਾਂ ਨੂੰ ਪ੍ਰੇਰਦੈ ਤਿਵੇਂ-ਤਿਵੇਂ ਹੀ ਉਹ ਜੀਵਨ-ਰਾਹ ਤੇ ਤੁਰ ਸਕਦੇ ਹਨ।

"ਲਿਖਿ ਨਾਵੈ ਧਰਮੁ ਬਹਾਲਿਆ" ਨੂੰ ਆਪਣੇ ਜੀਵਨ ਵਿੱਚ ਸਮਝਾਂਗੇ ਤਾਂ ਸਮਝ ਪਵੇਗੀ ਕਿ ਜਿਹੜਾ ਵੀ ਅਸੀਂ ਕਰਮ ਕਰਾਂਗੇ ਉਹ ਹੀ ਸਾਡੇ ਸੁਭਾਅ ਦਾ ਅੰਗ ਬਣ ਸੁਭਾਅ ਵਿੱਚ ਉਕਰਿਆ ਜਾਂਦਾ ਹੈ। ਜਦੋਂ ਦਾ ਜੀਵ ਪੈਦਾ ਹੋਇਐ ਤਾਂ ਨਾਲ ਹੀ ਧਰਮਰਾਜ ਬੈਠਾ ਦਿੱਤੈ ਭਾਵ ਜੇਹਾ ਵੀ ਕਰਮ ਕਰਦੈ ਉਹੋ ਜੇਹਾ ਹੀ ਇਸ ਦਾ ਸੁਭਾਅ ਬਣਦਾ ਹੈ। ਜਿਵੇਂ ਵਿਦਿਆਰਥੀ ਨੇ ਜੋ ਪੜ੍ਹਾਈ ਕੀਤੀ ਉਸ ਮੁਤਾਬਿਕ ਹੀ ਉਸ ਦਾ ਕੈਰੀਅਰ ਬਣਦਾ ਹੈ। "ਲਿਖਿ ਨਾਵੈ ਧਰਮੁ ਬਹਾਲਿਆ" ਅਨੁਸਾਰ ਆਪਣੇ ਫ਼ਰਜ਼ ਦੀ ਪਹਿਚਾਨ ਕਰਨੀ ਹੈ। ਮਾੜੀ ਸੰਗਤ ਜਾਂ ਘਟੀਆ ਖਿਆਲਾਂ ਕਰਕੇ ਧਰਮ ਦੀ ਗੱਲ ਨੂੰ ਸਮਝਣ ਲਈ ਤਿਆਰ ਨਹੀਂ ਹੁੰਦਾ। ਬੇ-ਸ਼ੱਕ ਲੋਕਾਂ ਦੇ ਸਾਹਮਣੇ ਆਪਣੇ ਕਰਮ ਛੁਪਾ ਸਕਦੈ ਪਰ ਆਪਣੇ ਅੰਤਰ-ਆਤਮੇ ਤੋਂ ਇਹ ਨਹੀਂ ਛੁਪਾ ਸਕਦਾ ਕਿਉਂਕਿ-ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ ਜਦੋਂ ਦਾ ਜੀਵ ਪੈਦਾ ਹੋਇਐ ਓਦੋਂ ਦਾ ਹੀ ਇਸ ਦਾ ਹਿਸਾਬ ਕਿਤਾਬ ਨਾਲ ਦੀ ਨਾਲ ਲਿਖਿਆ ਜਾਂਦੈ ਭਾਵ ਸੱਚ ਮਨੁੱਖ ਦੇ ਹਿਰਦੇ ਵਿੱਚ ਅੰਕਤ ਤੇ ਸੱਚ ਹੀ ਮਨੁੱਖ ਨੂੰ ਜ਼ਿੰਦਗੀ ਦੀ ਸੱਚੀ ਦਿਸ਼ਾ ਦਿਖਾਲਦਾ ਹੈ। ਸਕੂਲੀ ਵਿਦਿਅਰਥੀ ਦਾ ਇੱਕ ਹੀ ਅਰਦਸ਼ੈ ਕਿ ਉਹ ਮਨ ਮਾਰ ਕੇ ਸਖਤ ਮੇਹਨਤ ਕਰੇ ਪਰ ਦੇਖਣਾ ਇਹ ਹੈ ਕਿ ਉਹ ਆਪਣੇ ਫ਼ਰਜ਼ ਦੀ ਪਹਿਚਾਨ ਕਿੰਨੀ ਕੁ ਕਰਦੈ ਜਿਸ ਵਿਦਿਆਰਥੀ ਨੇ ਧਰਮ ਨੂੰ ਸਮਝ ਲਿਆ ਉਹ ਹੀ ਮਿੱਥੇ ਨਿਸ਼ਾਨੇ 'ਤੇ ਪਹੁੰਚਦਾ ਹੈ। ਸੱਚ ਮਨੁੱਖ ਦੇ ਅੰਦਰੈ ਪਰ ਉਸ ਦੀ ਵਰਤੋਂ ਕਿੰਨੀ ਕਰਦੈ ਇਹ "ਇਸ" 'ਤੇ ਨਿਰਭਰ ਕਰਦਾ ਹੈ।

ਧਰਮ-ਰਾਜ ਦੇ ਸਾਹਮਣੇ ਕੇਵਲ ਸੱਚ ਦੇ ਅਧਾਰਿਤ ਹੀ ਨਿਬੇੜਾ ਹੋਣੈ ਭਾਵ ਅਸੀਂ ਆਪਣੇ ਚੰਗੇ ਜਾਂ ਮੰਦੇ ਕਰਮਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਪ੍ਰਵਾਰ ਜਾਂ ਸਮਾਜ ਪਾਸੋਂ ਅਸੀਂ ਆਪਣੇ ਕਰਮ ਲੁਕਾ ਸਕਦੇ ਹਾਂ ਪਰ ਆਪਣੇ ਅੰਤਰ ਆਤਮੇ ਤੋਂ ਨਹੀਂ ਛੁਪਾ ਸਕਦੇ ਕਿਉਂਕਿ ਸਾਡਾ ਅੰਦਰਲਾ( ਸੁਭਾਅ ਰੂਪ ਧਰਮਰਾਜ) ਸਭ ਕੁੱਝ ਜਾਣਦਾ ਹੈ। ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ ਆਪਣੇ ਹਿਰਦੇ ਵਿੱਚ ਬੈਠੇ ਧਰਮਰਾਜ ਦੇ ਸਾਹਮਣੇ ਕੇਵਲ ਸੱਚ ਹੀ ਪ੍ਰਵਾਨ ਹੋਣਾ ਹੈ। ਜੇ ਸੱਚ ਦੀ ਸਮਝ ਆ ਗਈ ਤਾਂ ਫਿਰ ਉੱਥੇ ਕੂੜ ਨਹੀਂ ਰਹਿ ਸਕਦਾ-ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥ (ਮ:੪-੩੧੪) ਜਿਸ ਨੂੰ ਸੱਚ ਦੀ ਸਮਝ ਆ ਜਾਂਦੀਐ ਉਹ ਫਿਰ ਵਿਕਾਰਾਂ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਂਦਾ ਤੇ ਮੰਦਿਆਂ ਵਿਚਾਰਾਂ ਨੂੰ ਦੂਰੋਂ ਹੀ ਭਜਾਈ ਰੱਖਦਾ ਹੈ।

ਟਿਕੇ ਹੋਏ ਹਿਰਦੇ ਵਿੱਚ ਧਰਮਰਾਜ (ਸੱਚਰਾਜ) ਹੁੰਦਾ ਤੇ ਸੱਚੇ ਗੁਣ ਵਿਕਾਰਾਂ ਨੂੰ ਨੇੜੇ ਨਹੀਂ ਆਉਣ ਦੇਂਦੇ ਭਾਵ ਵਿਕਾਰਾਂ ਦਾ ਮੂੰਹ ਕਾ਼ਲਾ ਕਰਕੇ "ਸੱਚ" ਉੱਥੋਂ ਕੱਢ ਦੇਂਦਾ ਹੈ। ਦੂਜੇ ਪਾਸੇ ਜਦੋਂ ਕਦੇ ਕੋਈ ਵਿਦਿਆਰਥੀ ਸਲਾਨਾ ਇਮਤਿਹਾਨ ਵਿੱਚ ਨਕਲ ਮਾਰਦਾ ਫੜਿਆ ਜਾਂਦੈ ਤਾਂ ਸਬੰਧਿਤ ਨਿਗਰਾਨ ਉਸ ਨੂੰ ਇਮਤਿਹਾਨ ਚੋਂ ਬਾਹਰ ਕੱਢ ਦਿੰਦੈ। ਜੇ ਕੋਈ ਨਕਲ ਮਾਰ ਕੇ ਡਾਕਟਰੀ ਕਰ ਵੀ ਲੈਂਦੈ ਪਰ ਜਦੋਂ ਅਪ੍ਰੇਸ਼ਨ ਕਰਨਾ ਪੈ ਜਾਏ ਤਾਂ ਫਿਰ ਅਜੇਹੇ ਡਾਕਟਰ ਨੂੰ ਜੇਲ੍ਹ ਵੀ ਜਾਣਾ ਪੈਂਦੈ, ਉਸ ਵੇਲੇ ਉਸ ਦਾ ਕੋਈ ਵੀ ਸਾਥ ਨਹੀਂ ਦਿੰਦਾ। ਝੂਠਾ ਬੰਦਾ ਫਿਰ ਆਪਣੇ ਜੀਵਨ ਵਿੱਚ ਹੀ ਨਰਕ ਭੋਗਦੈ-ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥ ਪੁਰਣੇ ਸਮੇ ਪੰਚਾਇਤਾਂ ਮਾੜੀ-ਹਰਕਤ ਕਰਨ ਵਾਲੇ ਦਾ ਮੂੰਹ ਕਾਲਾ ਕਰਕੇ ਗਧੇ 'ਤੇ ਚੜ੍ਹਾ ਕੇ ਸਾਰੇ ਪਿੰਡ ਵਿੱਚ ਫੇਰਦੀਆਂ ਸਨ। ਅੱਜ ਕੱਲ੍ਹ ਕਿਹਾ ਜਾਂਦੈ ਕਿ ਪੰਚਾਇਤ ਨੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ। ਮੀਡੀਏ ਦਾ ਜ਼ਮਾਨਾ ਹੋਣ ਕਰਕੇ ਕਈ ਵਾਰੀ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਕਰਕੇ ਪੇਸ਼ ਕਰਦਾ ਹੈ। ਮੂੰਹ ਕਾਲੇ ਦਾ ਭਾਵ ਮਾੜੇ-ਕਰਮ ਕਰਨ ਵਾਲਾ ਆਪਣੇ ਅੰਤਰ-ਆਤਮੇ 'ਤੇ ਸ਼ਰਮਿੰਦਾ ਤੇ ਸਮਾਜ ਵਿੱਚ ਵੀ ਸ਼ਰਮਸਾਰ ਹੁੰਦਾ ਹੈ। ਜਿੱਤ ਹਮੇਸ਼ਾਂ ਸੱਚ ਦੀ ਹੀ ਹੁੰਦੀ ਹੈ-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ ਇਹ ਠੀਕ ਹੈ ਸਮਾਜ ਵਿੱਚ ਠੱਗੀਆਂ ਮਾਰਨ ਵਾਲੇ ਮਾਲਦਾਰ ਹੋ ਸਕਦੇ ਨੇ ਪਰ ਉਹ ਅਸਲ ਵਿੱਚ ਜੀਵਨ ਵਿਚੋਂ ਇਖ਼ਲਾਕ ਦੀ ਬਾਜ਼ੀ ਹਾਰ ਗਏ ਹੁੰਦੇ ਹਨ।

ਗੁਰਦੇਵ ਆਖਦੇ ਹਨ ਕਿ ਬੇ ਸ਼ੱਕ ਹੇਰਾ-ਫੇਰੀਆਂ ਨਾਲ ਆਪਣਾ ਕੰਮ ਕਰੀ ਜਾਵੇ ਪਰ ਜਿੱਤ ਓਸੇ ਇਨਸਾਨ ਦੀ ਹੁੰਦੀਐ ਜਿਹੜਾ ਸੱਚ ਦਾ ਧਾਰਨੀ ਹੁੰਦਾ ਹੈ। ਦੁਨੀਆਂ ਪਾਸੋਂ ਆਪਣੇ ਐਬ ਲਕਾਉਣ ਦੀ ਸਮਰੱਥਾ ਰੱਖਣ ਵਾਲਾ ਆਪਣੇ "ਅੰਦਰਲੇ ਧਰਮਰਾਜ" ਦੇ ਸਾਹਮਣੇ ਝੂਠਾ ਹੈ। ਅੰਤਰ-ਆਤਮੇ ਵਿੱਚ ਵੱਸੇ ਸੱਚ ਦਾ ਨਾਂ ਹੀ "ਧਰਮਰਾਜ" ਹੈ। ਇਸ ਸੱਚ ਦੇ ਸਾਹਮਣੇ ਕੇਵਲ ਸੱਚ ਅਨੁਸਾਰ ਹੀ ਫੈਸਲੇ ਹੁੰਦੇ ਨੇ ਜਦੋਂ "ਇਸ ਸੱਚ" ਨੂੰ ਦਬਾਇਆ ਜਾਂਦੈ ਤਾਂ ਝੂਠ ਪ੍ਰਧਾਨ ਹੋ ਜਾਂਦਾ ਹੈ। ਲੋਕਾਂ ਦੇ ਸਾਹਮਣੇ ਭਾਵੇਂ ਮਨੁੱਖ ਧਰਮੀ ਪਰ ਆਪਣੇ ਕੀਤੇ ਕਾਲੇ ਕਾਰਨਾਮਿਆਂ ਕਰਕੇ ਨਰਕ ਹੀ ਭੋਗ ਰਿਹਾ ਹੁੰਦਾ ਤੇ ਜ਼ਿੰਦਗੀ ਦੇ ਰਹੱਸ ਨੂੰ ਸਮਝਣ ਵਾਲਾ ਹੀ ਆਪਣੇ ਜੀਵਨ ਦੀ ਬਾਜ਼ੀ ਜਿੱਤਦਾ ਹੈ। ਇਨ੍ਹਾਂ ਗੁਰਵਾਕਾਂ ਵਿੱਚ ਅੰਤਰ-ਆਤਮੇ ਵਿੱਚ ਪਏ ਹੋਏ ਸੱਚ ਦੀ ਵਰਤੋਂ ਕਰਨ ਦੀ ਜਾਚ ਸਿਖਾਈ ਗਈ ਹੈ। ਸੋ ਅੰਦਰਲਾ ਸੱਚ ਹੀ "ਧਰਮ-ਰਾਜ" ਅਤੇ ਗੁਣਾਹ ਹੀ ਕੁਸ਼ਟ ਰੋਗ "ਜਜਮਾਲਿਆ" ਹਨ।

# ਹਰਜਿੰਦਰ ਸਿੰਘ ਧਾਮੀ ਬਣੇ ਸ਼੍ਰੋਮਣੀ ਕਮੇਟੀ ਪ੍ਰਧਾਨ



**ਅੰਮ੍ਰਿਤਸਰ** – ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਬਣੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਇਹ ਚੋਣ ਸ਼ੁਰੂ ਕੀਤੀ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਿਜੰਦਰ ਸਿੰਘ ਧਾਮੀ ਤੇ ਵਿਰੋਧੀ ਧਿਰ ਵੱਲੋਂ ਮਾਸਟਰ ਮਿੱਠੂ ਸਿੰਘ ਦਾ ਨਾਮ ਪੇਸ਼ ਕੀਤਾ ਗਿਆ। ਵੋਟਾਂ ਰਾਹੀਂ ਚੋਣ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਗਿਆ। ਹਰਜਿੰਦਰ ਸਿੰਘ ਧਾਮੀ ਨੂੰ 122 ਤੇ ਵਿਰੋਧੀ ਧਿਰ ਦੇ ਮਾਸਟਰ ਮਿੱਠੂ ਸਿੰਘ ਨੂੰ 19 ਵੋਟਾਂ ਪਈਆਂ। ਕੁੱਲ 142 ਵਿਚੋਂ ਇਕ ਵੋਟ ਰੱਦ ਹੋਈ।ਇਸ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿਗ ਕਮੇਟੀ ਦੇ ਮੈਬਰਾਂ ਦੀ ਚੋਣ ਵੀ ਜਨਰਲ ਇਜਲਾਸ ਵਿਚ ਪ੍ਰਧਾਨ ਦੀ ਚੋਣ ਤੋਂ ਬਾਅਦ ਮੁਕੰਮਲ ਕੀਤੀ ਗਈ। ਇਕ-ਤਰਾਤਾ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ, ਬੀਬੀ ਜਗੀਰ ਕੌਰ, ਪ੍ਰੋ ਕਿਰਪਾਲ ਸਿੰਘ ਬਡੂੰਗਰ, ਸੰਤ ਬਲਬੀਰ ਸਿੰਘ ਘੁੰਣਸ, ਭਾਈ ਗੋਬਿੰਦ ਸਿੰਘ ਲੌਂਗੋਵਾਲ ਆਦਿ ਮੈਂਬਰ ਸ਼ਾਮਲ ਸਨ। ਸ਼੍ਰੋਮਣੀ ਕਮੇਟੀ ਦੇ ਕੁੱਲ ਮੈਂਬਰ 170 ਵੋਟਾਂ ਰਾਹੀਂ ਚੁਣੇ ਜਾਂਦੇ ਹਨ। ਇਸ ਤੋਂ ਇਲਾਵਾ ਪੰਦਰਾਂ ਮੈਂਬਰ ਨਾਮਜ਼ਦ ਹੁੰਦੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਪੰਜਾਂ ਤਖ਼ਤਾਂ ਦੇ ਜਥੇਦਾਰ ਸ਼ਾਮਲ ਹਨ। 23 ਮੈਂਬਰ ਅਕਾਲ ਚਲਾਣਾ ਕਰ ਚੁੱਕੇ ਹਨ ਅਤੇ ਦੋ ਮੈਂਬਰਾਂ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ। ਕੁਲ 160 ਮੈਂਬਰਾਂ ਵਿਚੋਂ142 ਨੇ ਚੋਣ ਵਿਚ ਭਾਗ ਲਿਆ। ਦੱਸ ਦੇਈਏ ਕਿ ਅਰਦਾਸ ਵਿਚ ਸ਼੍ਰੋਮਣੀ ਅਕਾਲੀ ਦਲ ਬਸਪਾ ਦੇ ਉਮੀਦਵਾਰ ਸ਼ਾਮਲ ਹੋਏ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦੇ ਸੀਨੀਅਰ ਆਗੂ ਇਸ ਅਰਦਾਸ ਸਮਾਗਮ ਵਿਚ ਸ਼ਾਮਲ ਹੋਏ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਰੂਪਨਗਰ ਵੱਲੋ ਕੁਟੀਆ ਬਾਬਾ ਜਮਨਾ ਦਾਸ ਅਜੋਲੀ ਵਿਖੇ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ ਗਿਆ



**ਰੂਪਨਗਰ–** ਮਿਸ਼ਨ ਪੇਅ ਬੈਕ ਟੂ ਸੋਸਾਇਟੀ ਰੂਪਨਗਰ ਵੱਲੋ ਕੁਟੀਆ ਬਾਬਾ ਜਮਨਾ ਦਾਸ ਅਜੋਲੀ ਵਿਖੇ ਬਾਬਾ ਜਗਤਾਰ ਸਿੰਘ ਦੀ ਅਗਵਾਈ ਵਿੱਚ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ ਗਿਆ ਇਸ ਮੌਕੇ ਵੱਖ ਵੱਖ ਬੁੱਧੀਜੀਵੀਆ ਬਾਬਾ ਜਗਤਾਰ ਸਿੰਘ, ਪ੍ਰਧਾਨ ਗੁਰਮੇਲ ਸਿੰਘ, ਪ੍ਰੇਮ ਸਿੰਘ, ਸਵਰਨ ਸਿੰਘ, ਜਗਮੋਹਨ ਸਿੰਘ, ਅਵਤਾਰ ਸਿੰਘ, ਸਰਪੰਚ ਪੁਸ਼ਪਿੰਦਰ ਕੌਰ, ਜੋਤੀ ਦੇਵੀ, ਰੀਤਿਕਾ, ਰੁਪਾਲੀ, ਬਲਾਕ ਸੰਮਤੀ ਮੈਬਰ ਨਿਰਮਲਾ ਦੇਵੀ, ਰਕੇਸ਼ ਕੁਮਾਰ, ਅਮਰਜੀਤ, ਡਾਕਟਰ ਜੇ ਐੱਸ ਕਹਿਲ ਆਦਿ ਨੇ ਭਾਰਤੀ ਸੰਵਿਧਾਨ ਦੀ ਬਣਤਰ ਅਤੇ ਵਿਸ਼ੇਸ਼ਤਾ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਭਾਰਤੀ ਸੰਵਿਧਾਨ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ। ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਤਕਰੀਬਨ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਜੋਕਿ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਭਾਰਤੀ ਸੰਵਿਧਾਨ ਦੀ ਪਾਲਣਾ ਬਹੁਤ ਸਾਰੇ ਦੇਸ਼ ਕਰਦੇ ਹਨ। ਭਾਰਤੀ ਸੰਵਿਧਾਨ ਦਾ ਅਰਬੀ ਵਿੱਚ ਅਨੁਵਾਦ ਮੁਕੰਮਲ ਹੋ ਗਿਆ ਹੈ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਭਾਰਤੀ ਸੰਵਿਧਾਨ ਦੇਸ਼ ਦੇ ਸਮੂਹ ਨਾਗਰਿਕਾਂ ਨੂੰ ਬਰਾਬਰਤਾ ਦਾ ਦਰਜਾ ਦਿੰਦਾ ਹੈ ਅਤੇ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਨਾਲ ਜਾਤ-ਧਰਮ ਜਾਂ ਲਿੰਗ ਆਧਾਰ ਤੇ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਨਹੀਂ ਕੀਤਾ ਜਾ ਸਕਦਾ ਹੈ। ਇਨ੍ਹਾਂ ਆਗੂਆਂ ਨੇ ਦੱਸਿਆ ਕੀ ਭਾਰਤੀ ਸੰਵਿਧਾਨ ਵਿੱਚ ਲੋਕਾਂ ਦੀਆ ਜ਼ਰੂਰਤਾਂ ਅਨੁਸਾਰ ਅਤੇ ਸਮੇ ਦੀ ਮੰਗ ਅਨੁਸਾਰ ਕਈ ਵਾਰ ਬਦਲਾਅ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਮੇ ਦੀਆ ਸਰਕਾਰਾਂ ਤੇ ਕਈ ਵਾਰ ਇਸ ਸੰਵਿਧਾਨ ਦੀ ਦੁਰਵਰਤੋ ਕਰਨ ਦੇ ਇਲਜਾਮ ਵੀ ਲੱਗਦੇ ਹਨ ਇਸ ਲਈ ਸਾਨੂੰ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ ਅਤੇ ਆਮ ਲੋਕਾਂ ਨੂੰ ਸੰਵਿਧਾਨ ਪ੍ਰਤੀ ਜਾਗਰੂਕ ਕਰਨ ਦੀ ਜਰੂਰਤ ਹੈ ਤਾਂ ਜੋ ਸੰਵਿਧਾਨ ਦਾ ਲਾਭ ਸਮੂਹ ਦੇਸ਼ ਵਾਸੀਆਂ ਤੱਕ ਪਹੁੰਚ ਸਕੇ ਅਤੇ ਸੰਵਿਧਾਨ ਦੀ ਹੋ ਰਹੀ ਦੁਰਵਰਤੋ ਨੂੰ ਮਿਲ ਕੇ ਰੋਕਿਆ ਜਾ ਸਕੇ। ਇਸ ਮੌਕੇ ਕਹਿਲ ਟਰੋਮਾ ਸੈਟਰ ਦੇ ਡਾਕਟਰ ਜੇ ਐਸ ਕਹਿਲ ਦੀ ਅਗਵਾਈ ਵਿਚ ਡਾਕਟਰਾਂ ਦੀ ਟੀਮ ਨੇ ਮੈਡੀਕਲ ਕੈਪ ਲਗਾਇਆ ਜਿਸ ਵਿਚ ਸੰਤੋਖ਼ਗੜ ਹਿਮਾਚਲ ਪਰਦੇਸ਼ ਤੋ ਸਿਲਵਰ ਓਕ ਲਬੋਟਰੀ ਦੇ ਮਾਲਕ ਸਤੀਸ਼ ਕੁਮਾਰ ਦੀ ਅਗਵਾਈ ਵਿਚ ਸੈਕੜੇ ਜ਼ਰੂਰਤਮੰਦ ਮਰੀਜ਼ਾਂ ਦੇ ਮੁਫ਼ਤ ਟੈਸਟ ਕੀਤੇ ਗਏ ਅਤੇ ਡਾਕਟਰਾਂ ਦੀ ਟੀਮ ਵੱਲੋ ਮੁਫ਼ਤ ਦਵਾਈਆ ਦਿੱਤੀਆ ਗਈਆ। ਇਸ ਮੌਕੇ ਬਾਬਾ ਜਮਨਾ ਦਾਸ ਕੁਟੀਆ ਵੈਲਫੇਅਰ ਸੁਸਾਇਟੀ ਅਜੋਲੀ ਦੇ ਪ੍ਰਬੰਧਕਾਂ ਵੱਲੋ ਡਾਕਟਰ ਰਣਵੀਰ ਸਿੰਘ, ਡਾਕਟਰ ਐੱਸ ਪੀ ਸਿੰਘ ਡਾਕਟਰ ਰਜੇਸ਼ ਕੁਮਾਰ, ਡਾਕਟਰ ਜੇ ਐੱਸ ਕਹਿਲ, ਸਤੀਸ਼ ਕੁਮਾਰ, ਵਿਜੇ ਕੁਮਾਰ, ਕੁਲਦੀਪ ਚੰਦ ਆਦਿ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਗਤ ਲਈ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ। ਇਸ ਮੌਕੇ ਜੈਮਲ ਸਿੰਘ ਸੁਖਦੇਵ ਸਿੰਘ ਭਾਗ ਸਿੰਘ ਗੁਲਜ਼ਾਰੀ ਲਾਲ ਤਿਲਕ ਰਾਜ ਸਰਵਣ ਲਾਲ ਤਾਰੋ ਦੇਵੀ, ਕਲਾ ਦੇਵੀ ਆਦਿ ਹਾਜ਼ਰ ਸਨ ।

# ਗੁਰੂ ਰਵਿਦਾਸ ਸਭਾ ਦੇ ਫਾਊਂਡਰ ਮੈਂਬਰ ਸ੍ਰੀ ਹੰਸ ਰਾਜ ਹੀਰ "ਲਾਈਫ ਟਾਈਮ ਅਚੀਵਮੈਂਟ ਐਵਾਰਡ" ਨਾਲ ਸਨਮਾਨਤ




**ਕੈਨੇਡਾ, ਵੈਨਕੂਵਰ (ਕੁਲਦੀਪ ਚੁੰਬਰ)–** ਗੁਰੂ ਰਵਿਦਾਸ ਸਭਾ ਬਰਨਬੀ ਵੈਨਕੂਵਰ ਦੇ ਫਾਊਂਡਰ ਮੈਂਬਰ ਭਾਈ ਹੰਸ ਰਾਜ ਹੀਰ ਜੀ ਦਾ 100 ਵਾਂ ਜਨਮ ਦਿਨ ਗੁਰੂ ਘਰ ਵਿਖੇ ਪਰਿਵਾਰ ਵਲੋਂ ਮਨਾਇਆ ਗਿਆ। ਕੈਨੇਡਾ ਦੇ ਪ੍ਰਧਾਨ ਮੰਤਰੀ ਸਤਿਕਾਰਯੋਗ ਜਸਟਿਨ ਟਰੂਡੋ ਵਲੋਂ ਵਧਾਈਆਂ ਤੇ ਸਨਮਾਨ ਪੱਤਰ ਭੇਜਿਆ ਗਿਆ । ਇਸੇ ਤਰ੍ਹਾਂ ਐਨ ਡੀ ਪੀ ਦੇ ਲੀਡਰ ਸਰਦਾਰ ਜਗਮੀਤ ਸਿੰਘ, ਪੀਟਰ ਜੂਲੀਅਨ ਅਤੇ ਵੈਨਕੂਵਰ ਇਲਾਕੇ ਦੇ ਐਮ ਪੀ ਡੌਨ ਡੇਵਿਸ ਵਲੋਂ ਵੀ ਸਨਮਾਨ ਪੱਤਰ ਦਿੱਤੇ ਗਏ । ਇਸੇ ਤਰ੍ਹਾਂ ਬੀ ਸੀ ਦੀ ਸਰਕਾਰ ਵਲੋਂ ਵੀ ਮਾਣਯੋਗ ਸਪੀਕਰ ਸਤਿਕਾਰਯੋਗ ਸ੍ਰੀ ਰਾਜ ਚੌਹਾਨ , ਸਤਿਕਾਰਯੋਗ ਸ੍ਰੀਮਾਨ ਕਟਰੀਨ ਚਿੰਨ੍ਹ, ਐਮ ਐਲ ਏ ਸਿਹਤ ਮੰਤਰੀ ਐਡਰੀਅਨ ਡਿਕਸ ਵਲੋਂ ਵੀ ਵਧਾਈਆਂ ਤੇ ਸਨਮਾਨ ਪੱਤਰ ਦਿੱਤੇ ਗਏ । ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਤਿਕਾਰਯੋਗ ਸ੍ਰੀ ਹੰਸ ਰਾਜ ਹੀਰ ਜੀ ਨੂੰ ਸਨਮਾਨ ਕੀਤਾ ਗਿਆ। ਚੇਤਨਾ ਐਸੋਸੀਏਸ਼ਨ ਅਤੇ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਬੱਲਾਂ ਕੈਨੇਡਾ ਵਲੋਂ ਵੀ ਸਨਮਾਨ ਪੱਤਰ ਤੇ ਵਧਾਈਆਂ ਦਿੱਤੀਆਂ ਗਈਆਂ। ਇਸ ਖ਼ੁਸ਼ੀ ਵਿੱਚ ਸ਼ਾਮਲ ਹੋਣ ਵਾਸਤੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਕੈਲੇਫੋਰਨੀਆ ਦੇ ਸਾਬਕ ਪ੍ਰਧਾਨ ਸੁੱਚਾ ਸਿੰਘ ਰਾਏਪੁਰ ਅਤੇ ਐਡਮਿੰਟਨ ਸ਼ਹਿਰ ਤੋਂ ਪਰਮਿੰਦਰ ਸਿੰਘ ਹੀਰ ਸਮੇਤ ਪਰਿਵਾਰ ਵਿਸ਼ੇਸ਼ ਤੌਰ ਤੇ ਆਏ । ਪਰਿਵਾਰ ਵਲੋਂ ਗੁਰੂ ਘਰ ਦੇਗਾਂ ਅਤੇ ਲੰਗਰਾਂ ਦੀ ਸੇਵਾ ਕਰਵਾਈ ਗਈ । ਅਖੀਰ ਵਿੱਚ ਸਤਿਕਾਰਯੋਗ ਸ੍ਰੀਮਾਨ ਬਲਵੀਰ ਹੀਰ ਨੇ ਆਈਆਂ ਸੰਗਤਾਂ ਦਾ ਗੁਰੂ ਦੀ ਪ੍ਰਬੰਧਕ ਕਮੇਟੀ ਅਤੇ ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ ਦਾ ਧੰਨਵਾਦ ਕੀਤਾ। ਸੰਗਤ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ ।






## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਭਾਰਤੀ ਮੂਲ ਦੇ ਅਮਰੀਕੀ ਕਾਰੋਬਾਰੀ ਨੂੰ ਵੀਜ਼ਾ ਘੁਟਾਲੇ ਵਿਚ 15 ਮਹੀਨਿਆਂ ਦੀ ਸਜ਼ਾ

**ਸੈਕਰਾਮੈਂਟੋ 28 ਨਵੰਬਰ-** ਸਨੀਵੇਲ (ਕੈਲੀਫੋਰਨੀਆ) ਵਾਸੀ ਭਾਰਤੀ ਮੂਲ ਦੇ ਇਕ ਅਮਰੀਕੀ ਕਾਰੋਬਾਰੀ ਕਿਸ਼ੋਰ ਕੁਮਾਰ ਕਾਵੂਰੂ ਨੂੰ ਇਕ ਸੰਘੀ ਅਦਾਲਤ ਨੇ ਵੀਜ਼ਾ ਘੁਟਾਲੇ ਦੇ ਮਾਮਲੇ ਵਿਚ 15 ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਕਾਰਜਕਾਰੀ ਅਟਾਰਨੀ ਸਟੈਫਾਈਨ ਐਮ ਹਿੰਡਸ ਨੇ ਦਿੰਦਿਆਂ ਕਿਹਾ ਹੈ ਕਿ ਕਾਵੂਰੂ ਨੇ ਵਿਦੇਸ਼ੀ ਵਰਕਰ ਵੀਜ਼ੇ ਹਾਸਲ ਕਰਨ ਲਈ ਗਲਤ ਜਾਣਕਾਰੀ ਦੇ ਕੇ ਲੱਖਾਂ ਡਾਲਰ ਕਮਾਏ। ਨਿਆਂ ਵਿਭਾਗ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ 49 ਸਾਲਾ ਕਾਵੂਰੂ ਨੂੰ ਸਜ਼ਾ ਯੂ ਐਸ ਡਿਸਟ੍ਰਿਕਟ ਜੱਜ ਐਡਵਰਡ ਜੇ ਡਾਵਿਲਾ ਨੇ ਸੁਣਾਈ। ਕਾਵੂਰੂ ਨੇ ਦਾਅਵਾ ਕੀਤਾ ਸੀ ਕਿ ਉਹ 4 ਕੰਪਨੀਆਂ ਦਾ ਮਾਲਕ ਤੇ ਸੀ ਈ ਓ ਹੈ। ਉਸ ਦੀਆਂ ਕੰਪਨੀਆਂ ਵਿਦੇਸ਼ੀ ਹੁਨਰਮੰਦ ਵਰਕਰਾਂ ਲਈ ਐਚ-1ਬੀ ਵੀਜ਼ਾ ਹਾਸਲ ਕਰਨ ਵਿਚ ਮਾਹਿਰ ਹਨ ਤੇ ਇਨ੍ਹਾਂ ਵਰਕਰਾਂ ਨੂੰ ਅਮਰੀਕਾ ਦੀਆਂ ਤਕਨੀਕੀ ਫਰਮਾਂ ਵਿਚ





ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਕਾਵੂਰੂ ਨੇ ਮੰਨਿਆਂ ਕਿ ਉਸ ਨੇ 2009 ਤੋਂ 2017 ਤੱਕ ਗਲਤ ਤੇ ਝੂਠੀ ਜਾਣਕਾਰੀ ਦੇ ਆਧਾਰ 'ਤੇ ਸਰਕਾਰੀ ਏਜੰਸੀਆਂ ਤੋਂ ਐਚ - 1 ਬੀ ਵੀਜ਼ਾ ਲੈਣ ਦੀ ਸਕੀਮ ਉਪਰ ਕੰਮ ਕੀਤਾ। ਕਾਵੂਰੂ ਨੇ ਮੰਨਿਆ ਕਿ ਉਸ ਨੇ ਐਚ-1 ਬੀ ਵੀਜ਼ਾ ਦਰਖਾਸਤਾਂ ਦਾਇਰ ਕਰਨ ਦੇ ਬਦਲੇ ਵਿਦੇਸ਼ੀ ਹੁਨਰਮੰਦ ਵਰਕਰਾਂ ਕੋਲੋਂ ਹਜਾਰਾਂ ਡਾਲਰ ਲਏ ਜੋ ਕਿ ਅਮਰੀਕਾ ਦੇ ਕਿਰਤ ਨਿਯਮਾਂ ਦੀ ਉਲੰਘਣਾ ਹੈ।

ਉਸ ਨੇ ਗਲਤ ਢੰਗ ਤਰੀਕੇ ਨਾਲ 15 ਲੱਖ ਡਾਲਰ ਤੋਂ ਵਧ ਕਮਾਏ। ਜੱਜ ਨੇ ਉਸ ਨੂੰ 5,33,350।03 ਡਾਲਰਾਂ ਦਾ ਜੁਰਮਾਨਾ ਵੀ ਲਾਇਆ ਹੈ। ਇਸ ਤੋਂ ਇਲਾਵਾ ਸਜ਼ਾ ਭੁਗਤਣ ਉਪਰੰਤ ਉਸ ਉਪਰ 3 ਸਾਲ ਨਜਰ ਰਖੀ ਜਾਵੇਗੀ। ਕਾਵੂਰੂ ਸਜ਼ਾ ਭੁਗਤਣ ਲਈ 10 ਫਰਵਰੀ,2022 ਨੂੰ ਆਤਮ ਸਮਰਪਣ ਕਰੇਗਾ।

# 4 ਦਹਾਕਿਆਂ ਦਾ ਵਧ ਸਮਾਂ ਜੇਲ੍ਹ ਵਿਚ ਗੁਜਾਰਨ ਬਾਅਦ ਦੋਸ਼ੀ ਦੋਸ਼ ਮੁਕਤ ਕਰਾਰ

**ਸੈਕਰਾਮੈਂਟੋ 27 ਨਵੰਬਰ-** ਅਮਰੀਕਾ ਦੇ ਮਿਸੌਰੀ ਰਾਜ ਦੇ ਵਸਨੀਕ 62 ਸਾਲਾ ਕੈਵਿਨ ਸਟਰਿਕਲੈਂਡ ਜੋ 3 ਹੱਤਿਆਵਾਂ ਕਰਨ ਦੇ ਦੋਸ਼ ਵਿਚ ਪਿਛਲੇ 43 ਸਾਲ ਤੋਂ ਜੇਲ੍ਹ ਵਿਚ ਬੰਦ ਸੀ,ਨੂੰ ਬੀਤੇ ਦਿਨ ਦੋਸ਼ ਮੁਕਤ ਕਰਾਰ ਦੇ ਕੇ ਰਿਹਾਅ ਕਰ ਦਿੱਤਾ ਗਿਆ। ਸਟਰਿਕਲੈਂਡ ਨੂੰ ਤਿੰਨ ਹੱਤਿਆਵਾਂ ਦੇ ਮਾਮਲੇ ਵਿਚ 1979 ਵਿਚ ਦੋਸ਼ੀ ਕਰਾਰ ਦੇ ਕੇ ਬਿਨਾਂ ਜ਼ਮਾਨਤ ਦੀ ਸੰਭਾਵਨਾ ਦੇ ਉਮਰ ਕੈਦ (50 ਸਾਲ) ਦੀ ਸਜ਼ਾ ਸੁਣਾਈ ਗਈ ਸੀ । ਉਹ ਪੱਛਮੀ ਮਿਸੌਰੀ ਵਿਚ ਕੈਮਰਨ ਦੀ ਜੇਲ੍ਹ ਵਿਚ ਬੰਦ ਸੀ। ਉਹ ਨਿਰੰਤਰ ਆਪਣੇ ਆਪ ਨੂੰ ਨਿਰਦੋਸ਼ ਹੋਣ ਦੀ



ਦੁਹਾਈ ਪਾਉਂਦਾ ਰਿਹਾ। ਸੀਨੀਅਰ ਜੱਜ ਜੇਮ ਵੈਲਸ਼ ਨੇ ਸਟਰਿਕਲੈਂਡ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਉਸ ਨੇ ਤਕਰੀਬਨ 43 ਸਾਲ ਜੇਲ੍ਹ ਵਿਚ ਬਿਤਾਏ। ਮਿਸੌਰੀ ਦੇ ਇਤਿਹਾਸ ਵਿਚ ਉਹ ਪਹਿਲਾ ਵਿਅਕਤੀ ਹੈ ਜਿਸ ਨੇ 43 ਸਾਲ ਉਸ ਜੁਰਮ ਤਹਿਤ ਜੇਲ੍ਹ ਵਿਚ ਬਿਤਾਏ ਜੋ ਉਸ ਨੇ ਕੀਤਾ ਹੀ ਨਹੀਂ ਸੀ। "ਮਿਡਵੈਸਟ ਇਨੋਸੈਂਸ ਪ੍ਰਾਜਕੈਟ" ਨੇ ਸਟਰਿਕਲੈਂਡ ਲਈ ਆਨ ਲਾਈਨ ਫੰਡ ਇਕੱਠਾ ਕਰਨ ਦੀ ਸ਼ੁਰੂਆਤ ਕੀਤੀ ਹੈ ਤਾਂ ਜੋ ਉਹ ਆਪਣੀ ਜਿੰਦਗੀ ਦੁਬਾਰਾ ਸ਼ੁਰੂ ਕਰ ਸਕੇ। ਹੁਣ ਤੱਕ 10 ਲੱਖ ਡਾਲਰ ਤੋਂ ਵਧ ਦੀ ਰਾਸ਼ੀ ਇਕੱਠੀ ਹੋ ਚੁੱਕੀ ਹੈ।

# ਅਮਰੀਕਾ ਦੇ ਇਕ ਸ਼ਾਪਿੰਗ ਮਾਲ ਵਿਚ ਚੱਲੀ ਗੋਲੀ

**ਸੈਕਰਾਮੈਂਟੋ 27 ਨਵੰਬਰ-** ਅਮਰੀਕਾ ਦੀ ਦੁਰਹਮ ਕਾਊਂਟੀ ਵਿਚ ਸਾਊਥ ਪੋਆਇੰਟ ਸ਼ਾਪਿੰਗ ਮਾਲ ਵਿਚ ਗੋਲੀ ਚੱਲਣ ਦੀ ਰਿਪੋਰਟ ਹੈ। ਸਿਟੀ ਕੌਂਸਲ ਮੈਂਬਰ ਮਾਰਕ ਅਨਥਨੀ ਮਿਡਲਟਨ ਨੇ ਕਿਹਾ ਹੈ ਕਿ ਉਸ ਨੇ ਪੁਲਿਸ ਮੁੱਖੀ ਪੈਟਰਾਈਸ ਐਂਡਰੀਊਜ ਨਾਲ ਗੱਲ ਕੀਤੀ ਹੈ ਜਿਸ ਨੇ ਦਸਿਆ ਕਿ ਘੱਟੋ ਘੱਟ ਇਕ ਵਿਅਕਤੀ ਨੂੰ ਗੋਲੀ ਮਾਰੀ ਗਈ ਹੈ। ਪੁਲਿਸ ਮੁੱਖੀ ਨੇ ਦੱਸਿਆ ਕਿ ਸ਼ਾਪਿੰਗ ਮਾਲ ਵਿਚ ਹੋਰ ਵੀ ਲੋਕ ਮੌਜੂਦ ਸਨ ਪਰੰਤੂ ਮੁੱਢਲੀ ਰਿਪੋਰਟ ਵਿਚ ਇਕ ਵਿਅਕਤੀ ਦੇ ਜ਼ਖਮੀ ਹੋਣ ਦੀ ਗਲ ਕਹੀ ਗਈ ਹੈ। ਜ਼ਖਮੀ ਵਿਅਕਤੀ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਘਟਨਾ ਦੀ ਜਾਂਚ ਲਈ ਸ਼ਾਪਿੰਗ ਮਾਲ ਫਿਲਹਾਲ ਬੰਦ ਕਰ ਦਿੱਤਾ ਗਿਆ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਕਈ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਹੈ। ਗੋਲੀ ਚੱਲਣ ਉਪਰੰਤ ਲੋਕਾਂ ਨੇ ਇਧਰ ਉਧਰ ਭਜ ਕੇ ਜਾਨ ਬਚਾਈ।

# ਬੱਚਿਆਂ ਤੇ ਨਬਾਲਗਾਂ ਨੂੰ ਕੋਵਿਡ ਬੂਸਟਰ ਖੁਰਾਕ ਲਾਉਣ ਬਾਰੇ ਛੇਤੀ ਸਿੱਟੇ ਉਪਰ ਪੁਜਿਆ ਜਾਵੇਗਾ-ਮਾਹਿਰ

**ਸੈਕਰਾਮੈਂਟੋ 26 ਨਵੰਬਰ-** ਸੈਕਰਾਮੈਂਟੋ 26 ਨਵੰਬਰ- ਹੁਣ ਜਦ ਕਿ ਅਮਰੀਕਾ ਨੇ ਮੁਕੰਮਲ ਕੋਵਿਡ-19 ਟੀਕਾਕਰਣ ਕਰਵਾ ਚੁੱਕੇ ਸਾਰੇ ਬਾਲਗਾਂ ਨੂੰ ਬੂਸਟਰ ਖੁਰਾਕ ਦੇਣੀ ਸ਼ੁਰੂ ਕਰ ਦਿੱਤੀ ਹੈ ਤਾਂ ਇਸ ਦਰਮਿਆਨ ਮਾਪਿਆਂ ਵਿਚ ਆਪਣੇ ਛੋਟੇ ਬੱਚਿਆਂ ਜਾਂ ਨਬਾਲਗਾਂ ਨੂੰ ਬੂਸਟਰ ਖੁਰਾਕ ਦੇਣ ਬਾਰੇ ਦੁਚਿੱਤੀ ਪਾਈ ਜਾ ਰਹੀ ਹੈ। ਇਸ ਸਮੇ ਫਾਈਜ਼ਰ ਜਾਂ ਮੋਡਰਨਾ ਕੋਰੋਨਾ ਵੈਕਸੀਨ ਦੀ ਸਾਰੇ ਬਾਲਗਾਂ ਜਿਨਾਂ ਨੇ ਘੱਟੋ ਘੱਟ 6 ਮਹੀਨੇ ਪਹਿਲਾਂ ਕੋਵਿਡ-19 ਦੀਆਂ ਦੋਨੋਂ ਖੁਰਾਕਾਂ ਲਗਵਾ ਲਈਆਂ ਹਨ, ਨੂੰ ਬੂਸਟਰ ਖੁਰਾਕ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਨੇ ਘੱਟੋ ਘੱਟ 2 ਮਹੀਨੇ ਪਹਿਲਾਂ ਕੋਵਿਡ ਵੈਕਸੀਨ ਦੀ ਇਕ ਖੁਰਾਕ ਲਗਵਾਈ ਹੈ, ਵਾਸਤੇ ਜੌਹਨਸਨ ਐਂਡ ਜੌਹਨਸਨ ਦੀ ਬੂਸਟਰ ਖੁਰਾਕ ਲਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। 6 ਮਹੀਨੇ ਪਹਿਲਾਂ ਮਈ ਵਿਚ ਜਦੋਂ "ਯੂ ਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ" ਨੇ 12 ਤੋਂ 15 ਸਾਲਾਂ ਦੇ ਨਬਾਲਗਾਂ ਲਈ ਫਾਈਜ਼ਰ ਦੀ ਕੋਵਿਡ ਵੈਕਸੀਨ ਲਾਉਣ ਦੀ ਸਿਫਾਰਿਸ਼ ਕੀਤੀ ਸੀ ਤਾਂ "ਯੂ ਐਸ ਸੈਂਟਰਜ਼ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ" ਨੇ ਵੀ ਇਸ ਗਰੁੱਪ ਦੇ ਨਬਾਲਗਾਂ ਦੇ ਕੋਵਿਡ ਟੀਕਾਕਰਣ ਦੀ ਸਿਫਾਰਿਸ਼ ਕੀਤੀ ਸੀ ਤੇ ਇਸ ਪਿਛੋਂ ਛੇਤੀ ਨਬਾਲਗਾਂ ਦੇ ਟੀਕਾਕਰਣ ਸ਼ੁਰੂ ਕਰ ਦਿੱਤਾ ਗਿਆ ਸੀ ਪਰੰਤੂ ਬੱਚਿਆਂ ਦੇ ਬੂਸਟਰ ਖੁਰਾਕ ਲਵਾਉਣ ਬਾਰੇ ਮਾਪਿਆਂ ਦੀ ਅਜੇ ਸਪੱਸ਼ਟ ਰਾਏ ਨਹੀਂ ਬਣ ਸਕੀ। ਬਾਲ ਟੀਕਾਕਰਣ ਪ੍ਰੀਖਣ ਦੇ ਇਕ ਸਥਾਨ 'ਬੱਚਿਆਂ ਦਾ ਟੈਕਸਾਸ ਦਾ ਹਸਪਤਾਲ' ਵਿਚ ਛੂਤ ਦੀਆਂ ਬਿਮਾਰੀਆਂ ਦੇ ਮਾਹਿਰ ਵਜੋਂ ਸੇਵਾਵਾਂ ਦੇ ਰਹੇ ਡਾਕਟਰ ਫਲੋਰ ਮੂਨੋਜ਼ ਨੇ ਕਿਹਾ ਹੈ ਕਿ ਅਜੇ ਅਸੀਂ ਨਹੀਂ ਜਾਣਦੇ ਕਿ ਬੱਚਿਆਂ ਨੂੰ ਬੂਸਟਰ ਖੁਰਾਕ ਦੀ ਲੋੜ ਹੈ ਜਾਂ ਨਹੀਂ ਪਰੰਤੂ ਅਸੀਂ ਇਸ ਪ੍ਰਸ਼ਨ ਦਾ ਉਤਰ ਦੇਣ ਲਈ ਸਰਗਰਮੀ ਨਾਲ ਅਧਿਅਨ ਕਰ ਰਹੇ ਹਾਂ। ਉਨ੍ਹਾਂ ਕਿਹਾ ਹੈ ਕਿ ਇਸ ਸਬੰਧੀ ਅਧਿਅਨ ਚੱਲ ਰਿਹਾ ਹੈ ਤੇ ਅੰਕੜੇ ਅਗਲੇ ਸਾਲ ਪ੍ਰਾਪਤ ਹੋ ਜਾਣਗੇ। "ਨੈਸ਼ਨਲ ਇੰਸਟੀਚਿਊਟਸ ਆਫ ਅਲੈਰਜੀ ਐਂਡ ਇਨਫੈਕਸ਼ੀਅਸ ਡਸੀਜ਼" ਦੇ ਮੁੱਖੀ ਡਾਕਟਰ ਐਨਥਨੀ ਫੌਕੀ ਨੇ ਇਸ ਸਬੰਧੀ ਕਿਹਾ ਹੈ ਕਿ ਵੱਡੀ ਉਮਰ ਦੇ ਲੋਕਾਂ ਦੇ ਮੁਕਾਬਲੇ ਨਬਾਲਗਾਂ ਨੂੰ ਬੂਸਟਰ ਖੁਰਾਕ ਦੀ ਘੱਟ ਲੋੜ ਹੈ ਕਿਉਂਕਿ ਉਨ੍ਹਾਂ ਦੀ ਰੋਗਾਂ ਨਾਲ ਲੜਨ ਦੀ ਪ੍ਰਣਾਲੀ ਮਜਬੂਤ ਹੁੰਦੀ ਹੈ। ਫੌਕੀ ਦਾ ਮੰਨਣਾ ਹੈ ਕਿ 18 ਸਾਲ ਜਾਂ ਇਸ ਤੋਂ ਵਧ ਉਮਰ ਦੇ ਲੋਕ ਜਿਨਾਂ ਦੇ ਦੋਨੋਂ ਖੁਰਾਕਾਂ ਲੱਗ ਚੁੱਕੀਆਂ ਹਨ, ਨੂੰ ਬੂਸਟਰ ਖੁਰਾਕ ਲਵਾ ਲੈਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਕਮਜੋਰ ਹੋਈ ਰੋਗਾਂ ਨਾਲ ਲੜਨ ਦੀ ਪ੍ਰਣਾਲੀ ਨੂੰ ਬਲ ਮਿਲੇਗਾ।

'Unhain Parmeshvar Kay Raajha Ka Prachaar Karnay Aur Beemaron Ko Achaa Karnay Kay Leay Bheja' (Luke 9:2)
THE SAVIOR'S CHURCH
HINDI, PUNJABI, URDU
You are invited to be our guest
Sunday Service
12:00 PM
913 FLOYD AVE. MODESTO, CA 95350
FOR FURTHER INFORMATION CONTACT: +1 (209) 300-9483
ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਾਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।
209 687 6548, 209 300 9483
ਸਾਡੀ ਵੈਬ ਸਾਈਟ www.thesaviorschurch.net

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸ੍ਰੀਮਾਨ ਸੰਤ ਬਾਬਾ ਰਾਮ ਕਿਸ਼ਨ ਜੀ ਸ਼ੇਰਪੁਰ ਢੱਕੋਂ ਵਾਲੇ ਹੋਏ ਬ੍ਰਹਮਲੀਨ

**ਹੁਸ਼ਿਆਰਪੁਰ (ਕੁਲਦੀਪ ਚੁੰਬਰ)–** ਧੰਨ ਧੰਨ ਡੇਰਾ ਸਤਿਗੁਰੂ ਬਾਬਾ ਨਾਰਾਇਣ ਦਾਸ ਜੀ ਮਹਾਰਾਜ ਸ਼ੇਰਪੁਰ ਢੱਕੋਂ ਵਾਲੇ ਦਰਬਾਰ ਦੇ ਸੰਤ ਸ੍ਰੀਮਾਨ ਰਾਮ ਕਿਸ਼ਨ ਜੀ ਮਹਾਰਾਜ ਅੱਜ ਬ੍ਰਹਮਲੀਨ ਹੋ ਗਏ । ਇਸ ਦੁਖ਼ਦ ਸ਼ੋਕਮਈ ਘਟਨਾ ਦਾ ਜਦ ਪਤਾ ਲੱਗਾ ਤਾਂ ਸਮੁੱਚੀਆਂ ਸੰਗਤਾਂ ਵਿਚ ਸ਼ੋਕ ਦੀ ਲਹਿਰ ਦੌੜ ਗਈ ਅਤੇ ਮਹਾਂਪੁਰਸ਼ਾਂ ਦੇ ਨਾਲ ਅਥਾਹ ਮੁਹੱਬਤ ਰੱਖਣ ਵਾਲੀਆਂ ਸੰਗਤਾਂ ਡੇਰਾ ਸਤਿਗੁਰੂ ਬਾਬਾ ਨਾਰਾਇਣ ਦਾਸ ਜੀ ਸ਼ੇਰਪੁਰ ਢੱਕੋਂ ਵਿਖੇ ਪੁੱਜੀਆਂ ।

ਡੇਰੇ ਦੇ ਸੰਚਾਲਕ ਸੰਤ ਮਹਾਰਾਜ ਸ੍ਰੀਮਾਨ ਹਰਮੇਸ਼ ਦਾਸ ਜੀ ਨਾਲ ਵੱਡੀ ਗਿਣਤੀ ਵਿਚ ਸੰਤ ਸਮਾਜ ਵੱਲੋਂ ਮਹਾਂਪੁਰਸ਼ਾਂ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਗੁਰ-ਬਚਨ ਦਾਸ ਚੱਕ ਲਾਦੀਆਂ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਸੰਤ ਨਿਰਮਲ ਸਿੰਘ , ਸੰਤ ਕਸ਼ਮੀਰ ਸਿੰਘ ਜੀ ਕੋਟ ਫਤੂਹੀ ,ਸੰਤ ਪ੍ਰਦੀਪ ਦਾਸ ਕਠਾਰ , ਬੀਬੀ ਮੀਨਾ ਜੀ ਜੇਜੋਂ, ਸੰਤ ਸਤਨਾਮ ਦਾਸ ਜੀ ਗੱਜਰ ਮਹਿਦੂਦ, ਸੰਤ ਇੰਦਰਦਾਸ ਜੀ, ਸੰਤ ਮਹਿੰਦਰ ਦਾਸ , ਸੰਤ ਸਤਨਾਮ ਦਾਸ ਜੀ, ਸੰਤ ਦਲੀਪ ਦਾਸ ਤਲਵਾੜਾ, ਸੰਤ ਪਰਸ਼ੋਤਮ ਦਾਸ ਜੀ, ਸੰਤ ਆਨੰਦ ਮੁਨੀ ਜੀ ਹਾਜੀਪੁਰ, ਸੰਤ ਚਰਨ ਦਾਸ ਜੀ ਭੂਰੀ ਵਾਲੇ ਹੁਸ਼ਿਆਰਪੁਰ, ਸੰਤ ਪ੍ਰੇਮ ਦਾਸ ਜੀ, ਸੰਤ ਗੁਲਜਾਰ ਸਿੰਘ, ਸੰਤ ਗੁਰਮੁਖ ਸਿੰਘ ਸੱਜਣਾ, ਸੰਤ ਪਰਮਿੰਦਰ ਸਿੰਘ ਡਗਾਣਾ, ਬੀਬੀ ਸ਼ਰੀਫਾਂ ਜੀ ਉਦੇਸੀਆਂ, ਸੰਤ ਲਖਵਿੰਦਰ ਦਾਸ ਜੀ ਕਡਿਆਣਾ ਗੁਰੂ ਰਵਿਦਾਸ ਆਸ਼ਰਮ, ਸੰਤ ਓਮ ਦਾਸ ਜੀ ਨੂਰਪੁਰ, ਸੰਤ ਨਰਿੰਦਰ ਸਿੰਘ ਜੱਸਲ, ਬੀਬੀ ਕੁਲਦੀਪ ਕੌਰ ਮਹਿਨਾ, ਬਾਬਾ ਪ੍ਰਿਥੀ ਸਿੰਘ ਬਾਲੀ ਸ਼ਾਮਚੁਰਾਸੀ, ਸੰਤ ਹਰਚਰਨ ਦਾਸ ਸ਼ਾਮਚੁਰਾਸੀ ਸਮੇਤ ਵੱਡੀ ਗਿਣਤੀ ਵਿੱਚ ਮਹਾਂਪੁਰਸ਼ਾਂ ਨੇ ਸੰਤ ਬਾਬਾ ਰਾਮ ਕ੍ਰਿਸ਼ਨ ਜੀ ਮਹਾਰਾਜ ਜੀ ਦੇ ਅਕਾਲ ਚਲਾਣੇ ਤੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ।




ਸੰਤ ਰਾਮ ਕਿਸ਼ਨ ਮਹਾਰਾਜ ਜੀ

# ਓਮੈਕ੍ਰੋਨ- ਭਾਰਤ ਸਰਕਾਰ ਨੇ ਜਾਰੀ ਕੀਤੀ ਨਵੀਂ ਟ੍ਰੈਵਲ ਐਡਵਾਇਜ਼ਰੀ

**ਨਵੀਂ ਦਿੱਲੀ –** ਕੇਂਦਰੀ ਸਿਹਤ ਮੰਤਰਾਲੇ ਨੇ ਭਾਰਤ 'ਚ ਵਿਦੇਸ਼ਾਂ ਤੋਂ ਆਏ ਲੋਕਾਂ ਲਈ ਸੋਧੀਆਂ ਗਾਈਡਲਾਈਨਜ਼ ਜਾਰੀ ਕੀਤੀਆਂ ਹਨ ਜੋ 1 ਦਸੰਬਰ ਤੋਂ ਲਾਗੂ ਹੋਣਗੀਆਂ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਜ਼ਰੀਏ ਹਵਾਈ ਯਾਤਰੀਆਂ ਨੂੰ ਯਾਤਰਾ ਤੋਂ ਪਹਿਲਾਂ ਏਅਰ ਸੁਵਿਧਾ ਪੋਰਟਲ 'ਤੇ 14 ਦਿਨਾਂ ਦੇ ਯਾਤਰਾ ਵੇਰਵੇ ਜਮ੍ਹਾਂ ਕਰਵਾਉਣੇ ਪੈਣਗੇ। ਨਾਲ ਹੀ ਇਕ ਨੈਗੇਟਿਵ ਆਰਟੀ-ਪੀਸੀਆਰ ਟੈਸਟ ਰਿਪੋਰਟ ਅਪੋਲਡ ਕਰਨ ਦਾ ਹੁਕਮ ਦਿੱਤਾ ਗਿਆ ਹੈ।ਸਿਹਤ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਾਈ ਰਿਸਕ ਵਾਲੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਆਉਣ ਤੋਂ ਬਾਅਦ ਕੋਵਿਡ ਟੈਸਟ ਤੇ ਹਵਾਈ ਅੱਡੇ 'ਤੇ ਇਸ ਦੇ ਰਿਜ਼ਲਟ ਦੀ ਉਡੀਕ ਕਰਨੀ ਪਵੇਗੀ। ਜੇਕਰ ਰਿਜ਼ਲਟ ਪਾਜ਼ੇਟਿਵ ਹੈ ਤਾਂ 7 ਦਿਨਾਂ ਲਈ ਹੋਮ ਕੁਆਰੰਟਾਈਨ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। 8ਵੇਂ ਦਿਨ ਇਕ ਫਿਰ ਟੈਸਟ ਕੀਤਾ ਜਾਵੇਗਾ ਤੇ ਜੇਕਰ ਨੈਗੇਟਿਵ ਹੈ ਤਾਂ ਅਗਲੇ 7 ਦਿਨਾਂ ਲਈ ਖ਼ੁਦ ਦੀ ਨਿ-ਗਰਾਨੀ ਕਰਨੀ ਪਵੇਗੀ। ਹਾਈ ਰਿਸਕ ਦੇਸ਼ਾਂ ਨੂੰ ਛੱਡ ਕੇ ਬਾਕੀ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਹਵਾਈ ਅੱਡੇ ਤੋਂ ਬਾਹਰ ਜਾਣ ਦੀ ਇਜਾਜ਼ਤ ਹੋਵੇਗੀ, ਬਸ ਉਨ੍ਹਾਂ 14 ਦਿਨਾਂ ਲਈ ਆਪਣੀ ਸਿਹਤ ਦਾ ਧਿਆਨ ਰੱਖਣਾ ਪਵੇਗਾ।

# ਸਮਾਜ ਸੇਵੀ ਤੇ ਵੱਡੇ ਕਾਰੋਬਾਰੀ ਸ਼ਿਵਜੋਤ ਬਸਪਾ ਵਿੱਚ ਸ਼ਾਮਲ ਹੋਏ

**ਚੰਡੀਗੜ੍ਹ/ਜਲੰਧਰ–** ਬਹੁਜਨ ਸਮਾਜ ਪਾਰਟੀ ਦੇ ਬਸਪਾ ਸੂਬਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਜੀ ਬੈਨੀਪਾਲ ਇੰਚਾਰਜ ਤੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਜੀ ਗੜ੍ਹੀ ਦੀ ਹਾਜ਼ਰੀ ਵਿੱਚ ਖਰੜ ਨਾਲ ਸੰਬੰਧਿਤ ਸ਼੍ਰੀ ਦਰਸ਼ਨ ਸਿੰਘ ਸ਼ਿਵਜੋਤ ਜੋ ਕਿ ਵੱਡੇ ਸਮਾਜਸੇਵੀ ਹਨ ਅੱਜ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਿਲ ਹੋ ਗਏ। ਸ ਸ਼ਿਵਜੋਤ ਖਰੜ ਕੌਂਸਲ ਦੇ ਲਗਾਤਾਰ ਦੋ ਵਾਰ ਕੌਂਸਲਰ ਅਤੇ ਮਿਉਂਸਪਲ ਕਾਰਪੋਰੇਸ਼ਨ ਖਰੜ ਦੇ ਕੌਂਸਲਰ ਤੇ ਸੀਨੀਅਰ ਮੀਤ ਪ੍ਰਧਾਨ ਰਹੇ ਹਨ।

ਸ਼੍ਰੀ ਸ਼ਿਵਜੋਤ ਦੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਮੁਹਾਲੀ ਤੇ ਰੋਪੜ ਜਿਲੇ ਵਿੱਚ ਬਹੁਤ ਵੱਡਾ ਬਲ ਮਿਲੇਗਾ। ਬਸਪਾ ਦੇ ਸੂਬਾ ਇੰਚਾਰਜ ਸ਼੍ਰੀ ਬੈਨੀਪਾਲ ਜੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਚ 20 ਸੀਟਾਂ ਤੇ ਇਲੈਕਸ਼ਨ ਲੜ ਰਹੀ ਹੈ। ਬਸਪਾ ਲੀਡਰਸ਼ਿਪ ਤੇ ਵਰਕਰਾਂ ਨੂੰ ਇਹ ਸਿਹਰਾ ਜਾਂਦਾ ਹੈ ਕਿ ਅੱਜ ਵੱਡੇ ਵੱਡੇ ਚਿਹਰੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਉਨ੍ਹਾਂ ਕਿਹਾ ਕਿ ਜਿਨ੍ਹਾਂ ਜ਼ਮਾਨਿਆਂ ਵਿੱਚ ਮੁੱਖਮੰਤਰੀ ਪੰਜਾਬ ਦਾ ਪਰਿਵਾਰ ਖਰੜ ਵਿੱਚ ਟੈਂਟ ਹਾਊਸ ਚਲਾਉਂਦਾ ਸੀ ਉਨ੍ਹਾਂ ਜ਼ਮਾਨਿਆਂ ਵਿੱਚ ਸ਼੍ਰੀ ਸ਼ਿਵਜੋਤ ਵੱਡੇ ਪੱਧਰ ਤੇ ਦਲਿਤ ਪਛੜਿਆਂ ਵਿੱਚ ਜਿੱਥੇ ਉਹ ਬਿਜਨੈੱਸ ਵਿੱਚ ਵੱਡੇ ਪੱਧਰ ਤੇ ਬੁਲੰਦੀਆਂ ਛੋਹ ਰਹੇ ਹਨ ਉੱਥੇ ਹੀ ਉਹ ਵੱਡੇ ਪੱਧਰ ਤੇ ਬਹੁਜਨ ਸਮਾਜ ਦੀ ਸੇਵਾ ਕਰ ਰਹੇ ਹਨ। ਇਸ ਮੌਕੇ ਸਰਦਾਰ ਦਰਸ਼ਨ ਸਿੰਘ ਜੀ ਸ਼ਿਵਜੋਤ ਜੀ ਨੇ ਕਿਹਾ ਕਿ ਮੈਂ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਲ ਹੋ ਕੇ ਨਿਆਸਰਿਆਂ ਨਿਓਟਿਆਂ ਦੀ ਸੇਵਾ ਕਰਾਂਗਾ ਅਤੇ ਪਾਰਟੀ ਜੋ ਵੀ ਜ਼ਿੰਮੇਵਾਰੀ ਦੇਵੇਗੀ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾਂ। ਇਸ ਸਮੇਂ ਉਨ੍ਹਾਂ ਦੇ ਨਾਲ ਸਰਦਾਰ ਹਰਜੀਤ ਸਿੰਘ ਲੌਂਗੀਆ ਉੱਪ ਪ੍ਰਧਾਨ, ਰਜਿੰਦਰ ਸਿੰਘ ਨਨਹੇੜ੍ਹੀਆਂ ਸੂਬਾ ਜਨਰਲ ਸਕੱਤਰ, ਸ ਜਗਦੇਵ ਸਿੰਘ ਪਵਾਰ ਬਾਮਸੇਫ ਆਗੂ, ਗੁਰਦਰਸ਼ਨ ਸਿੰਘ ਢੋਲਣਮਾਜਰਾ ਜਿਲ੍ਹਾ ਜਨਰਲ ਸਕੱਤਰ, ਨਰਿੰਦਰ ਸਿੰਘ ਬਡਵਾਲੀ ਹਲਕਾ ਪ੍ਰਧਾਨ, ਗੁਰਪ੍ਰੀਤ ਸਿੰਘ ਭੂਰੜੇ ਬੀ ਵੀ ਐੱਫ ਇੰਚਾਰਜ, ਸਰਬਜੀਤ ਸਿੰਘ ਪਿੱਪਲਮਾਜਰਾ ਉੱਪ ਪ੍ਰਧਾਨ, ਕੁਲਦੀਪ ਸਿੰਘ ਪਪਰਾਲੀ ਜਨਰਲ ਸਕੱਤਰ, ਹਰਮੇਸ਼ ਸਿੰਘ ਫਤਿਹਪਰ ਖ਼ਜਾਨਚੀ, ਦਰਸ਼ਨ ਸਿੰਘ ਸਮਾਣਾ ਚਮਕੌਰ ਸਾਹਿਬ ਸ਼ਹਿਰੀ ਪ੍ਰਧਾਨ ਆਦਿ ਆਗੂ ਹਾਜ਼ਰ ਸਨ।









# ਡਾਕਟਰ ਜਤਿੰਦਰ ਰੰਧਾਵਾ ਦੀ ਪਲੇਠੀ ਕਹਾਣੀਆਂ ਦੀ ਕਿਤਾਬ ਲੋਕ ਅਰਪਣ ਕੀਤੀ

ਬੀਤੇ ਐਤਵਾਰ, ਨਵੰਬਰ 21, 2021 ਨੂੰ ਡਾਕਟਰ ਜਤਿੰਦਰ ਰੰਧਾਵਾ ਦੀ ਪਲੇਠੀ ਕਹਾਣੀਆਂ ਦੀ ਕਿਤਾਬ "ਬਾਰੀਂ ਬਰਸੀਂ ਖੱਟਣ ਗਿਆ ਸੀ" ਨੂੰ ਲੋਕ ਅਰਪਣ ਕੀਤਾ ਗਿਆ, ਇਸ ਤੋਂ ਪਹਿਲਾਂ ਉਹਨਾਂ ਦੀ ਕਲਮ ਤੋਂ "ਮੈਂ ਵੇਲ ਹਾਂ" ਇਕ ਕਾਵਿ ਸੰਗ੍ਰਹਿ ਅਤੇ ਇਕ ਆਲੋਚਨਾ ਦੀ ਪੁਸਤਕ "ਲੋਕ ਗੀਤਾਂ ਵਿੱਚ ਨਾਰੀ ਸਰੋਕਾਰ" ਪਾਠਕਾਂ ਦੇ ਰੂਬਰੂ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਉਹਨਾਂ ਦੇ ਕਈ ਆਰਟੀਕਲ ਅਤੇ ਕਹਾਣੀਆਂ ਵੱਖ ਵੱਖ ਮੈਗਜ਼ੀਨਾਂ ਵਿੱਚ ਛੱਪਦੇ ਹੀ ਰਹਿੰਦੇ ਹਨ।





ਕੋਵਿਡ ਦੇ ਪ੍ਰਕੋਪ ਤੋਂ ਬਾਅਦ ਇਹ ਇਕ ਪਹਿਲਾ ਪ੍ਰੋਗਰਾਮ ਸੀ, ਜਿਸ ਵਿੱਚ ਲੇਖਕਾਂ ਦੀ ਇਹ ਇਕ ਪਹਿਲੀ ਵੱਡੀ ਮਿਲਣੀ ਵੇਖਣ ਨੂੰ ਮਿਲੀ। ਕਨੇਡਾ ਦੇ ਟਰੌਂਟੋ ਸ਼ਹਿਰ ਦੇ ਮੰਨੇ ਪ੍ਰਮੰਨੇ ਸਾਹਿਤਕਾਰਾਂ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਲ ਸਾਰੇ ਬਹੁਤ ਖੁਸ਼ ਨਜ਼ਰ ਆ ਰਹੇ ਸਨ, ਇਹ ਖੁਸ਼ੀ ਜਿੱਥੇ ਜਤਿੰਦਰ ਰੰਧਾਵਾ ਦੀ ਕਿਤਾਬ ਦੇ ਲੋਕ ਅਰਪਣ ਦੀ ਸੀ, ਉੱਥੇ ਨਾਲ ਹੀ ਆਪਸੀ ਮੇਲ ਮਿਲਾਪ ਦੀ ਵੀ ਸੀ।

ਪੰਜਾਬੀ ਮੀਡਿਆ ਦੀ ਮੰਨੀ ਪ੍ਰਮੰਨੀ ਹਸਤੀ ਅਤੇ ਇੱਕ ਆਲ਼ਾ ਗਾਇਕਾ ਰਾਜ ਘੁੰਮਣ ਜੀ ਨੇ ਪ੍ਰੋਗਰਾਮ ਦਾ ਆਗਾਜ਼ ਆਪਣੀ ਸੁਰੀਲੀ ਆਵਾਜ਼ ਅਤੇ ਖੂਬਸੂਰਤ ਅੰਦਾਜ਼ ਨਾਲ ਸਾਰਿਆਂ ਦਾ ਸਵਾਗਤ ਕਰਦਿਆਂ ਕੀਤਾ। ਬਹੁਤ ਪਿਆਰੀ ਹੋਸਟ ਗੁਰਲੀਨ ਢਿੱਲੋਂ ਨੇ ਮੰਚ ਸੰਚਾਲਨ ਦੀ ਜ਼ੁੰਮੇਵਾਰੀ ਬਹੁਤ ਵਧੀਆ ਢੰਗ ਨਾਲ ਨਿਭਾਈ। ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਸ਼ਮੀਲ ਜਸਵੀਰ (ਸ਼ਾਇਰ ਅਤੇ ਜਰਨਲਿਸਟ), ਮੇਜਰ ਮਾਂਗਟ (ਕਹਾਣੀਕਾਰ ਅਤੇ ਨਾਵਲਿਸਟ), ਡਾਕਟਰ ਨਿਰਮਲ ਜਸਵਾਲ ਰਾਣਾ (ਕਹਾਣੀਕਾਰ ਅਤੇ ਨਾਵਲਿਸਟ), ਬਲਬੀਰ ਕੌਰ ਸੰਘੇੜਾ (ਕਹਾਣੀਕਾਰ ਅਤੇ ਨਾਵਲਿਸਟ), ਦਲਜੀਤ ਵਿਰਕ (ਐਸੋਸੀਏਟ ਪ੍ਰੋਫੈਸਰ ਖਾਲਸਾ ਕਾਲਜ ਬਰਾੜਾ) ਅਤੇ ਜਰਨੈਲ ਸਿੰਘ ਕਹਾਣੀਕਾਰ ਸਨ। ਮੇਜਰ ਮਾਂਗਟ ਕਿਸੇ ਕਾਰਣ ਪ੍ਰੋਗਰਾਮ ਵਿੱਚ ਨਹੀਂ ਪਹੁੰਚ ਸਕੇ ਤੇ ਉਹਨਾਂ ਵਲੋਂ ਲਿਖਿਆ ਪੇਪਰ ਬਲਜੀਤ ਧਾਲੀਵਾਲ ਵੱਲੋਂ ਪੇਸ਼ ਕੀਤਾ ਗਿਆ। ਜਤਿੰਦਰ ਰੰਧਾਵਾ ਦੀਆਂ ਕਹਾਣੀਆਂ ਤੇ ਬੁਲਾਰਿਆਂ ਵੱਲੋਂ ਭਰਪੂਰ ਚਰਚਾ ਹੋਈ। ਵੱਖੋ ਵੱਖਰੇ ਵਿਸ਼ਿਆਂ ਦੀ ਤਰਜਮਾਨੀ ਕਰਦੀਆਂ ਇਹਨਾਂ ਕਹਾਣੀਆਂ ਨੇ ਪੇਪਰ ਪੜ੍ਹਨ ਵਾਲੇ ਵਿਦਵਾਨਾਂ ਤੋਂ ਕਾਫੀ ਵਾਹ ਵਾਹ ਖੱਟੀ। ਮੰਚ ਸੰਚਾਲਨ ਕਰਦਿਆਂ ਗੁਰਲੀਨ ਢਿੱਲੋਂ, ਜਤਿੰਦਰ ਦੀਆਂ ਕਵਿਤਾਵਾਂ ਦੀ ਪੇਸ਼ਕਾਰੀ ਨਿਵੇਕਲੇ ਅੰਦਾਜ਼ ਵਿੱਚ ਨਾਲੋਂ ਨਾਲ ਹੀ ਕਰਦੀ ਰਹੀ। ਰਿੰਟੂ ਭਾਟੀਆ ਨੇ ਆਪਣੀ ਮਿੱਠੀ ਆਵਾਜ਼ ਵਿੱਚ ਜਤਿੰਦਰ ਰੰਧਾਵਾ ਦਾ ਹੀ ਇਕ ਗੀਤ ਗਾ ਕੇ ਸਰੋਤਿਆਂ ਦਾ ਮਨ ਮੋਹ ਲਿਆ। ਰਾਜ ਘੁੰਮਣ ਨੇ ਜਤਿੰਦਰ ਰੰਧਾਵਾ ਦੀ ਕਿਤਾਬ ਵਿੱਚੋਂ "ਉਹ ਚਲਾ ਗਿਆ" ਕਹਾਣੀ ਦੀ ਬੇਹਤਰੀਨ ਪੇਸ਼ਕਾਰੀ ਕਰ ਕੇ ਸਰੋਤਿਆਂ ਨੂੰ ਜਤਿੰਦਰ ਦੀ ਕਹਾਣੀ ਕਲਾ ਨਾਲ ਜਾਣੂ ਕਰਵਾ ਦਿੱਤਾ। ਆਪਣੀ ਵੱਖਰੀ ਖੁਸ਼ਬੂ ਬਿਖੇਰਦਾ ਇਹ ਪੁਸਤਕ ਲੋਕ ਅਰਪਣ ਸਮਾਗਮ ਬਹੁਤ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ।

# ਮੋਹਨ ਭੰਡਾਰੀ ਦੇ ਤੁਰ ਜਾਣ 'ਤੇ ਪਿੰਡ ਬਨਭੌਰਾ ਉਦਾਸ ਹੈ

ਮੋਹਨ ਭੰਡਾਰੀ ਦੇ ਤੁਰ ਜਾਣ 'ਤੇ ਪਿੰਡ ਬਨਭੌਰਾ ਉਦਾਸ ਹੋ ਗਿਆ ਹੈ। ਉਸਦੇ ਜਨਮ ਘਰ ਤੋਂ ਪੱਕੇ ਦਰਵਾਜ਼ੇ ਨੂੰ ਜਾਂਦੀ ਲੰਬੀ ਬੀਹੀ ਹੋਰ ਵੀ ਸੁੰਨੀ ਹੋ ਗਈ ਹੈ। ਜਿਸ ਪ੍ਰਾਇਮਰੀ ਸਕੂਲ ਬਨਭੌਰਾ ਵਿੱਚ ਉਸਦੀ ਪ੍ਰਸਿੱਧ ਕਹਾਣੀ " ਮੈਨੂੰ ਟੈਗੋਰ ਬਣਾ ਦੇ ਮਾਂ " ਦਾ ਬਦਰੂ ਪੜ੍ਹਦਾ ਸੀ। ਉਹ ਸਕੂਲ " ਘੋਟਣਾ" ਕਹਾਣੀ ਦੇ ਪਾਤਰ ਦੀ ਦੁਕਾਨ ਅੱਗੋਂ ਦੀ ਲੰਘਦੀ ਤਰਖਾਣਾ ਵਾਲੀ ਬੀਹੀ ਵੱਲ ਨੂੰ ਵੇਖ ਰਿਹਾ ਹੈ। ਮੋਹਨ ਭੰਡਾਰੀ ਦੇ ਤੁਰ ਜਾਣ ਤੋਂ ਬਾਅਦ ਮਾਹੋਰਾਣੇ ਵਾਲੀ ਨਹਿਰ ਦੀ ਪਟੜੀ ਤੇ ਭੁੱਲਰਾਂ ਵਾਲੀ ਪੁਲੀ ਉਪਰ ਕਬੂਤਰ, ਪਾੜ, ਦੋ ਛੜੇ ਅਤੇ ਬਾਕੀ ਸਭ ਸੁੱਖ ਸਾਂਦ ਹੈ ਕਹਾਣੀਆਂ ਦੇ ਪਾਤਰ ਆਪਣੇ ਸਿਰਜਕ ਨੂੰ ਲੱਭਦੇ ਫਿਰਦੇ ਹਨ। ਪਰ ਮੋਹਨ ਭੰਡਾਰੀ ਉਰਫ ਬਨਭੌਰੇ ਵਾਲਾ ਮੋਹਣਾ ਹੁਣ ਨਹੀਂ ਵਾਪਿਸ ਨਹੀਂ ਆਵੇਗਾ। 80 ਸਾਲਾਂ ਤੋਂ ਵੱਧ ਜਿੰਦਗੀ ਮਾਣ ਚੁੱਕੇ 65 ਤੋਂ ਵੱਧ ਕਹਾਣੀਆਂ ਦੇ ਸਿਰਜਕ ਨੂੰ ਮੌਤ 26 ਨਵੰਬਰ 2021 ਨੂੰ ਸਾਥੋਂ ਹਮੇਸ਼ਾ ਲਈ ਖੋਹ ਕੇ ਲੈ ਗਈ ਹੈ। ਉਹ ਜਾਣ ਲੱਗਾ ਆਪਣੇ ਪਿੱਛੇ ਅਮੀਰ ਕਥਾ ਵਿਰਾਸਤ ਛੱਡ ਗਿਆ ਹੈ। ਉਸਦੀ ਸਾਹਿਤ ਅ ਕ ਾ ਡ ਮ ੀ ਪੁਰਸਕਾਰ ਜੇਤੂ ਕਿਤਾਬ " ਮੂਨ ਦੀ ਅੱਖ" ਪੰਜਾਬੀ ਕਹਾਣੀ ਦੇ ਖੇਤਰ ਵਿੱਚ ਮੀਲ ਪੱਥਰ ਹੈ। ਉਸਦੀ ਸਾਰੀਆਂ ਕਹਾਣੀਆਂ ਦੀ ਕਿਤਾਬ " ਕਥਾ ਵਾਰਤਾ " ਉਸਦੀ ਕਥਾ ਯਾਤਰਾ ਦਾ ਹਾਸਿਲ ਹੈ। ਉਸ ਦੀਆਂ ਕਹਾਣੀਆਂ ਅਨੇਕਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਸਿਲੇਬਸ ਅਤੇ ਖੋਜ ਕਾਰਜ ਦਾ ਹਿੱਸਾ ਹਨ। ਡਾ ਗੁਰਮੀਤ ਕੌਰ ਨੇ ਉਸ ਦੀਆਂ ਕਹਾਣੀਆਂ ਉੱਪਰ ਪੀ



ਐਚ ਡੀ ਕੀਤੀ ਹੈ। ਜਸਵੀਰ ਰਾਣਾ ਉਸਦੇ ਪਿੰਡ ਬਨਭੌਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 21 ਸਾਲ ਤੋਂ ਅਧਿਆਪਕ ਹੈ। ਸਿੱਖਿਆ ਵਿਭਾਗ ਦੇ ਡੀ ਪੀ ਆਈ ਵਿੱਚੋਂ ਹੈਡ ਕਲਰਕ ਵਜੋਂ ਰਿਟਾਇਰ ਹੋਣ ਤੋਂ ਬਾਅਦ ਉਹ ਬਹੁਤ ਦਹਾਕਿਆਂ ਤੋਂ ਚੰਡੀਗੜ੍ਹ ਵਿੱਚ ਰਹਿ ਰਿਹਾ ਸੀ। ਹਰ ਇਕ ਪੰਜਾਬੀ ਦੇ ਦਿਲ ਵਿੱਚ ਆਪਣੀ ਕਹਾਣੀ ਦਾ ਨਕਸ਼ਾ ਬਣਾ ਦੇਣ ਦਾ ਜਾਦੂਈ ਫਨਕਾਰ ਸਾਹਿਤ ਸਿਰਜਣਾ ਮੰਚ ਅਮਰਗੜ੍ਹ ਨਾਲ 27 ਸਾਲਾਂ ਤੋਂ ਘਰ ਦੇ ਜੀਅ ਵਾਂਗ ਜੁੜਿਆ ਹੋਇਆ ਸੀ। ਉਸਦੀ ਰੁਖਸਤ ਉੱਪਰ ਸ਼ਬਦ ਸ਼ਰਧਾਂਜਲੀ ਭੇਂਟ ਕਰਦਿਆਂ ਮੰਚ ਦੇ ਪ੍ਰਧਾਨ ਕਹਾਣੀਕਾਰ ਜਤਿੰਦਰ ਹਾਂਸ, ਜਸਵੀਰ ਰਾਣਾ, ਡਾ ਗੁਰਮੀਤ ਕੌਰ, ਨਾਵਲਕਾਰ ਹਰਜੀਤ ਕੌਰ ਵਿਰਕ,ਡਾ ਰੁਪਿੰਦਰ ਕੌਰ, ਡਾ ਗੁਰਪ੍ਰੀਤ ਵੜੈਚ, ਡਾ ਬਿੰਦਰ ਭੁਮਸੀ, ਡਾ ਕੁਲਵਿੰਦਰ ਸਿੰਘ, ਡਾ ਸੰਦੀਪ ਬਦੇਸ਼ਾ, ਡਾ ਜਗਮੋਹਨ ਸਿੰਘ, ਡਾ ਗੁਰਪ੍ਰੀਤ ਮਡਾਹੜ, ਡਾ ਧਰਮ ਚੰਦ ਵਾਤਿਸ਼, ਡਾ ਪਰਮਵੀਰ ਸਿੰਘ, ਰੁਪਿੰਦਰ ਰੌਕਸੀ, ਰਮਨ ਸਿੰਗਲਾ, ਮਲਕੀਤ ਬਿਲਿੰਗ, ਰੁਪਿੰਦਰ ਕੌਰ ਭੰਦੋਹਲ, ਸੁਖਦੀਪ ਬਿਰਧਨੋ, ਕੁਲਵਿੰਦਰ ਬਾਂਸਲ, ਬਲਜਿੰਦਰ ਟੀਨਾ, ਹਰਪਾਲ ਚੌਂਦਾ, ਰਸ਼ੀਦ ਅੱਬਾਸ, ਨਜ਼ਮਾ ਅੱਬਾਸ, ਮਨਜੀਤ ਸੋਹੀ, ਰਣਜੀਤ ਨੋਨਾ, ਦੇਵ ਅਦੁੱਤੀ, ਕਰਮਜੀਤ ਨੌਧਰਾਣੀ, ਜਗਜੀਤ ਮਡਾਹੜ, ਨਰਿੰਦਰ ਸਿੰਘ, ਸੁੱਖ ਰਾਮ, ਗਗਨ ਗੋਇਲ, ਜਗਸੀਰ ਗਿੱਲ, ਗੁਰਜੀਤ ਗਿੱਲ, ਰਣਧੀਰ ਬਾਗੜੀਆਂ ਅਤੇ ਸਮੂਹ ਪ੍ਰੈਸ ਕਲੱਬ ਅਮਰਗੜ੍ਹ ਨੇ ਆਪਣੇ ਇਲਾਕੇ ਦਾ ਮਾਣ।

– ਜਸਵੀਰ ਰਾਣਾ

# ਕਿਰਪਾਲ ਕਜ਼ਾਕ ਦੇ ਕਹਾਣੀ ਸੰਗ੍ਰਹਿ 'ਸਿਲਸਿਲੇ' ਅਤੇ ਹਰਜੀਤ ਕੌਰ ਵਿਰਕ ਦੇ ਨਾਵਲ' ਇਕ ਟੋਟਾ ਜਨਮ ਭੂਮੀ' ਨੂੰ ਪੁਰਸਕਾਰ













ਮਡਾਹੜ ਅਤੇ ਥਿੰਦ ਪਰਿਵਾਰ ਅਮਰਗੜ੍ਹ ਵੱਲੋਂ ਪਿਛਲੇ ਸਾਲ ਮਾਂ ਚਰਨ ਕੌਰ ਦੀ ਅੰਤਿਮ ਅਰਦਾਸ ਮੌਕੇ ਇਕ ਕਥਾ ਪੁਸਤਕ ਅਤੇ ਇਕ ਨਾਵਲ ਨੂੰ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਸੀ। ਪੁਰਖਿਆਂ ਨੂੰ ਯਾਦ ਕਰਨ ਲਈ ਸ਼ੁਰੂ ਕੀਤੀ ਇਸ ਸਾਹਿਤਕ ਪਰੰਪਰਾ ਦੇ ਤਹਿਤ ਪੁਰਸਕਾਰ ਕਮੇਟੀ ਦੀ ਕਨ-ਵੀਨਰ ਡਾ ਗੁਰਮੀਤ ਕੌਰ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਜਸਵੀਰ ਰਾਣਾ, ਸਵਰਨ ਕੌਰ ਰਾਜੂ ਤੇ ਜਗਦੀਪ ਸਿੰਘ ਥਿੰਦ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ, ਸਾਲ ਦੀਆਂ ਦੋ ਬਿਹਤਰੀਨ ਪੁਸਤਕਾਂ ਨੂੰ ਦੋ ਪੁਰਸਕਾਰ ਦਿੱਤੇ ਜਾਇਆ ਕਰਨਗੇ। ਇਸ ਸਾਲ ਪਿਛਲੇ ਸਾਲ 2020 ਵਿੱਚ ਛਪੀਆਂ ਬਿਹਤਰੀਨ ਪੁਸਤਕਾਂ ਵਿੱਚੋਂ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਕਿਰਪਾਲ ਕਜ਼ਾਕ ਦੇ ਕਹਾਣੀ ਸੰਗ੍ਰਹਿ "ਸਿਲਸਿਲੇ" ਨੂੰ ਮਾਂ ਚਰਨ ਕੌਰ ਯਾਦਗਾਰੀ ਪੁਰਸਕਾਰ ਅਤੇ ਪੰਜਾਬੀ ਦੀ ਪ੍ਰਸਿੱਧ ਨਾਵਲਕਾਰ ਹਰਜੀਤ ਕੌਰ ਵਿਰਕ ਦੇ ਨਾਵਲ "ਇਕ ਟੋਟਾ ਜਨਮ ਭੂਮੀ" ਨੂੰ ਸੂਬੇਦਾਰ ਬਾਪੂ ਦਰਸ਼ਨ ਸਿੰਘ ਯਾਦਗਾਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਇਹਨਾਂ ਪੁਰਸਕਾਰਾਂ ਵਿੱਚ ਕ੍ਰਮਵਾਰ 5100-5100 ਰੁਪਏ ਨਕਦ ਰਾਸ਼ੀ, ਲੋਈ ਤੇ ਸਨਮਾਨ ਪੱਤਰ ਸ਼ਾਮਿਲ ਹਨ। ਸਾਹਿਤ ਸਿਰਜਣਾ ਮੰਚ ਅਮਰਗੜ੍ਹ ਦੇ ਸਹਿਯੋਗ ਨਾਲ ਜਲਦੀ ਹੀ ਇਕ ਸਾਹਿਤਕ ਸਮਾਗਮ ਕਰਕੇ ਇਹ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ।



ਗੁਰੂ ਪਿਆਰਿਓ ਭੋਲਾ ਕਲੇਰ ਜੀ ਕੁਝ ਰੋਜ ਪਹਿਲੇ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਇਸ ਰੰਗਲੇ ਸੁਹਾਵਣੇ ਬਾਗ (ਸੰਸਾਰ) ਨੂੰ ਅਲਵਿਦਾ ਆਖ ਗੁਰੂ ਚਰਨਾ ਵਿੱਚ ਜਾ ਬਿਰਾਜੇ ਹਨ। ਭੋਲਾ ਕਲੇਰ ਜੀ ਜਿਹਨਾ ਨੇ ਆਪਣੇ ਮਿਲਾਪੜੇ ਸੁਭਾਅ ਨਾਲ ਹਰ ਇਕ ਦੇ ਦਿਲ ਵਿੱਚ ਵੱਖਰੀ ਪਹਿਚਾਣ ਬਣਾਈ ਸੀ।ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਪ੍ਰਬੰਧ ਵਿੱਚ ਬੜਾ ਲੰਬਾ ਸਮਾ ਸੇਵਾ ਨਿਭਾਈ। ਭੋਲਾ ਕਲੇਰ ਜੀ ਦੇ ਬੇਵਕਤ ਜਾਣ ਨਾਲ ਪਰਿਵਾਰ, ਯਾਰਾਂ ਦੋਸਤਾਂ ਅਤੇ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ।ਸਤਿਗੁਰੂ ਦੇ ਚਰਨਾ ਵਿੱਚ ਅਰਦਾਸ ਹੈ ਕਿ ਭੋਲਾ ਕਲੇਰ ਜੀ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ਦਿਆਂ ਪਿੱਛੇ ਪਰਿਵਾਰ ਅਤੇ ਯਾਰਾਂ ਦੋਸਤਾਂ ਨੂੰ ਆਪਣੇ ਸ਼ਬਦ ਦੀ ਤਾਕਤ ਬਖ਼ਸ਼ਸ਼ ਕਰਨ ਕਿ ਵਿਛੋੜੇ ਦੀ ਚੀਸ ਘੱਟ ਸਕੇ।

ਭੋਲਾ ਕਲੇਰ ਜੀ ਦੇ ਸਰੀਰ ਦਾ ਅੰਤਮ ਸੰਸਕਾਰ 1 ਦਸੰਬਰ 2021 ਦਿਨ ਬੁੱਧਵਾਰ ਨੂੰ Leahy MacDonald Funeral Home 111-02, Atlantic Ave Richmond Hill NY 11419 ਵਿਖੇ ਹੋਵੇਗਾ। ਜਿਸ ਵਿੱਚ ਸਵੇਰੇ 10 ਵਜੇ ਤੋਂ 12 ਵਜੇ ਤੱਕ ਅੰਤਮ ਦਰਸ਼ਨਾਂ ਤੋ ਬਾਅਦ ਅੰਤਮ ਸੰਸਕਾਰ St Michaels Cemetry 72-02, Astoria Blvd East Elmhurst NY 11370 ਵਿਖੇ ਦੁਪਹਿਰ 1।30 ਵਜੇ ਹੋਵੇਗਾ। ਸੰਸਕਾਰ ਤੋਂ ਬਾਅਦ Shri Guru Ravidass Gurughar 61-01, Broadway Woodside NY 11370 ਵਿਖੇ ਸ੍ਰੀ ਅਖੰਡ-ਪਾਠ ਸਾਹਿਬ ਜੀ ਦੇ ਭੋਗ 2 ਵਜੇ ਪੈਣਗੇ। ਉਪਰੰਤ ਕੀਰਤਨ, ਕਥਾ ਅਤੇ ਅਰਦਾਸ ਸਮਾਗਮ ਹੋਵੇਗਾ। ਆਪ ਸਭ ਅੰਤਮ ਸੰਸਕਾਰ ਦੇ ਪਰੋਗਰਾਮ ਵਿੱਚ ਪਹੁੰਚਣ ਲਈ ਸਨਿਮਰ ਬੇਨਤੀ ਹੈ ਜੀ। ਸੰਪਰਕ ਨੰਬਰ 646-429-2365, 917-774-3334, 347-538-8296



# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ

## ਕਿਸਾਨ ਮੋਰਚੇ ਦੇ ਸ਼ਹੀਦਾਂ ਨੂੰ ਵੀ ਦਿੱਤੀ ਸ਼ਰਧਾਂਜਲੀ





**ਫਰਿਜਨੋ- 28 ਨਵੰਬਰ –** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਸਾਥੀ ਸ਼ਹੀਦਾ; ਬਖਸ਼ੀਸ਼ ਸਿੰਘ, ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ, ਹਰਨਾਮ ਸਿੰਘ, ਜਗਤ ਸਿੰਘ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਸਮਰਪਤ ਇਕ ਪ੍ਰੋਗਰਾਮ ਸਿਖ ਇੰਸਟੀ-ਚਿਊਟ ਆਫ ਫਰਿਜ਼ਨੋ (ਗੁਰਦੁਆਰਾ ਸਿੰਘ ਸਭਾ) ਦੇ ਵਿਹੜੇ ਵਿਚ ਕਰਵਾਇਆ। ਇਸ ਪ੍ਰੋਗਰਾਮ ਵਿਚ ਫਰਿਜ਼ਨੋ ਅਤੇ ਆਸ ਪਾਸ ਦੇ ਸ਼ਹਿਰਾ ਤੋਂ ਸੈਕੜੇ ਲੋਕੀ ਸ਼ਾਮਲ ਹੋਏ। ਗਦਰੀ ਯੋਧਿਆਂ ਦੇ ਨਾਲ ਨਾਲ ਕਿਸਾਨ ਅੰਦੋਲਨ ਦੇ ਦੌਰਾਨ ਆਪਣੀਆਂ ਜਾਨਾ ਨਿਸ਼ਾਵਰ ਕਰਨ ਵਾਲੇ ਕਿਸਾਨਾਂ ਅਤੇ ਹੋਰ ਅੰਦੋਲਨਕਾਰੀਆਂ ਨੂੰ ਵੀ ਸ਼ਰਧਾਜਲੀ ਦਿਤੀ ਗਈ। ਯਾਦ ਰਹੇ ਸਰਦਾਰ ਕਰਤਾਰ ਸਿੰਘ ਸਰਾਭਾ ਜੋ ਪੜਾਈ ਕਰਨ ਲਈ ਜਨਵਰੀ 1912 ਵਿਚ ਅਮਰੀਕਾ ਪਹੁੰਚੇ ਸਨ। ਗਦਰ ਪਾਰਟੀ ਦੇ ਮੁਢਲੇ ਮੈਂਬਰਾ ਵਿਚੋਂ ਸਨ ਅਤੇ ਗਦਰ ਦੀ ਗੂੰਜ ਨਾਂ ਦਾ ਪਰਚਾ ਆਪਣੇ ਹੱਥੀ ਮਸ਼ੀਨ ਗੇੜ ਕੇ ਛਾਪਦੇ ਰਹੇ। ਨਵੰਬਰ 1914 ਵਿਚ ਭਾਰਤ ਮੁੜਣ ਤੋਂ ਬਾਅਦ ਆਪ ਮਾਰਚ 2, 1915 ਨੂੰ ਚੱਕ ਨੰਬਰ 5, ਜਿਲਾ ਲਾਇਲਪੁਰ ਵਿਚ ਗਿਰਫਤਾਰ ਹੋਏ ਅਤੇ ਉਨਾ ਨੂੰ 24 ਗਦਰੀਆਂ ਸਮੇਤ ਫਾਸ਼ੀ ਦੀ ਸਜਾ ਸੁਣਾਈ ਗਈ। ਉਹ ਨਵੰਬਰ 16, 1915 ਨੂੰ ਲਾਹੌਰ ਜੇਲ ਵਿਚ ਆਪਣੇ 6 ਹੋਰ ਸਾਥੀਆ ਨਾਲ ਫਾਸ਼ੀ ਤੇ ਚੜ ਦੇਸ਼ ਤੋ ਕੁਰਬਾਨ ਹੋ ਗਏ।ਇੰਡੋ ਅਮੈਰੀਕਨ ਹੈਰੀਟਜ਼ੇ ਫੋਰਮ ਪਿਛਲੇ ਲੰਬੇ ਸਮੇਂ ਤੋਂ ਹਰ ਸਾਲ ਇਹ ਪ੍ਰੋ-ਗਰਾਮ ਕਰਵਾ ਕੇ ਲੋਕਾਂ ਨੂੰ ਗਦਰੀ ਬਾਬਿਆਂ ਦੇ ਲੋਕ ਪਖੀ ਅਤੇ ਜੁਝਾਰੂ ਇਤਿਹਾਸ ਤੋਂ ਜਾਣੂ ਕਰਵਾ ਰਿਹਾ ਹੈ।

ਪ੍ਰੋਗਰਾਮ ਦੇ ਸ਼ੁਰੂ ਵਿਚ ਫੋਰਮ ਦੇ ਸਕੱਤਰ ਸੁਰਿਦਰ ਮੰਢਾਲੀ ਨੇ ਸ਼ਹੀਦਾ ਨੂੰ ਸ਼ਰਧਾਜਲੀ ਪੇਸ਼ ਕੀਤੀ ਅਤੇ ਭਾਰਤ ਸਰਕਾਰ ਵਲੋਂ ਪਿਛਲੇ ਸਾਲ ਪਾਸ ਕੀਤੇ ਤਿੰਨ ਖੇਤੀ ਸਬੰਧੀ ਬਿਲਾ ਨੂੰ ਵਾਪਸ ਕਰਵਾਉਣ ਲਈ ਚੱਲ ਰਹੇ ਅੰਦੋਲਨ ਵਿਚ ਕੁਰਬਾਨ ਹੋਣ ਵਾਲੇ ਅੰਦੋਲਨਕਾਰੀਆਂ ਨੂੰ ਯਾਦ ਕੀਤਾ। ਉਨਾਂ ਨੇ ਇਸ ਅੰਦੋਲਨ ਨੂੰ ਸਫਲ ਬਣਾਉਣ ਲਈ ਐਨ ਆਰ ਆਈ ਭਾਈਚਾਰੇ ਵਲੋਂ ਪਾਏ ਯੋਗਦਾਨ ਦੀ ਗੱਲ ਕਰਦਿਆਂ ਡਾ ਸਵੈਮਾਨ ਸਿੰਘ ਅਤੇ ਅਮੋਲਕ ਸਿੰਘ ਸਿੱਧੂ ਦਾ ਧੰਨਵਾਦ ਕੀਤਾ। ਜਿਥੇ ਡਾ ਸਵੈਮਾਨ ਪਿਛਲੇ ਇਕ ਸਾਲ ਤੋਂ ਆਪਣਾ ਘਰ



ਪਰਿਵਾਰ ਅਤੇ ਡਾਕਟਰ ਦੀ ਨੌਕਰੀ ਛੱਡ ਕੇ ਦਿਲੀ ਦੀਆਂ ਸੜਕਾ ਤੇ ਚਲ ਰਹੇ ਅੰਦੋਲਨ ਵਿਚ ਕਿਸਾਨਾ ਦਾ ਸਾਥ ਦੇ ਰਿਹਾ ਹੈ ਅਤੇ ਹਰ ਤਰਾਂ ਦੀਆਂ ਸਹੂਲਤਾ ਮਹੁਈਆ ਕਰਵਾਉਲ ਲਈ ਜਰੀਆ ਬਣਿਆ ਹੈ ਉਥੇ ਹੀ ਫਰਿਜਨੋ ਨਿਵਾਸੀ ਅਮੋਲਕ ਸਿੱਧੂ ਨੇ ਅੰਦੋਲਨ ਦੀ ਮਾਇਕ ਸਹਾਇਤਾ ਲਈ ਲੋਕਾਂ ਨੂੰ ਲਾਮਬੰਧ ਕਰਕੇ ਵੱਡਾ ਹਿਸਾ ਪਾਇਆ ਹੈ। ਇਸ ਦੇ ਨਾਲ ਹੀ ਅਮੋਲਕ ਸਿੰਘ ਨੇ ਸਰਕਾਰੀ ਤੰਤਰ ਵਲੋਂ ਮੋਰਚੇ ਨੂੰ ਫੇਲ ਕਰਨ ਲਈ ਕੀਤੇ ਰਹੇ ਭੰਡੀ ਪਰਚਾਰ ਦਾ ਜਵਾਬ ਵੀ ਪੂਰੇ ਤਰਕ ਨਾਲ ਦਿਤਾ ਹੈ ਅਤੇ ਪੰਜਾਬੀ ਭਾਈਚਾਰੇ ਦੀ ਮੋਰਚੇ ਪ੍ਰਤੀ ਸਮਝ ਨੂੰ ਸਾਫ ਕਰਨ ਲਈ ਆਪਣਾ ਯੋਗਦਾਨ ਪਾਇਆ ਹੈ। ਅਮੋਲਕ ਸਿੰਘ ਨੇ ਬੋਲਦਿਆਂ ਕਿਸਾਨ ਮੋਰਚੇ ਨੂੰ ਇਕ ਦਰਗਾਹ ਜਾਂ ਤੀਰਥ ਅਸਥਾਨ ਕਿਹਾ ਜਿਸ ਨਾਲ ਭਿੜਨ ਵਾਲਾ ਹਰ ਸਖਸ ਤਬਾਹ ਹੋ ਗਿਆ ਅਤੇ ਮੋਰਚੇ ਦੀ ਹਿਮਾਇਤ ਕਰਨ ਵਾਲਾ ਹਰ ਇੰਨਸਾਨ ਦੁਨੀਆ ਭਰ ਵਿਚ ਸਤਕਾਰਿਆ ਗਿਆ। ਉਨਾਂ ਨੇ ਲੋਕਾਂ ਨੂੰ ਮੋਰਚੇ ਦੇ ਧਰਮ ਨਿਰਪੱਖਤਾ, ਭਾਈਚਾਰਕ ਏਕਤਾ ਦੇ ਸਬਕਾਂ ਨੂੰ ਹਮੇਸ਼ਾ ਯਾਦ ਰੱਖਣ ਦਾ ਹੋਕਾ ਵੀ ਦਿਤਾ। ਹੋਰ ਵੀ ਕਈ ਬੁਲਾਰਿਆ ਨੇ ਗਦਰੀ ਬਾਬਿਆਂ ਦੀ ਲੜਾਈ ਨੂੰ ਕਿਸਾਨ ਮੋਰਚੇ ਨਾਲ ਜੋੜ ਕੇ ਦੇਖਿਆਂ। ਸ੍ਰ ਗੁਰਦੀਪ ਸਿੰਘ ਅਣਖੀ ਨੇ ਗਦਰੀ ਸ਼ਹੀਦਾ ਦੀਆਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਲਈ ਉਨਾਂ ਨੂੰ ਸਲਾਮ ਕਰਦਿਆਂ ਕਿਸਾਨ ਮੋਰਚੇ ਵਿਚ ਲੋਕਾਂ ਵਲੋਂ ਵਿਖਾਏ ਸਿਰੜ, ਸਿਦਕ, ਏਕਤਾ ਅਤੇ ਸਮਝਦਾਰੀ ਦੀ ਗੱਲ ਕੀਤੀ। ਉਨਾਂ ਨੇ ਮੋਰਚੇ ਵਿਚ ਔਰਤਾ ਵਲੋਂ ਪਾਏ ਯੋਗਦਾਨ ਲਈ ਉਨਾਂ ਦਾ ਧੰਨਵਾਦ ਕੀਤਾ। ਹੋਰ ਬੁਲਾਰਿਆਂ ਵਿਚ ਸ੍ਰ ਮਲਕੀਤ ਸਿੰਘ ਕਿੰਗਰਾ, ਪ੍ਰਿਸੀਪਲ ਬਲਵਿੰਦਰ ਸਿੰਘ ਬੁਟਰ, ਮਾਸਟਰ ਸੁਰਜੀਤ ਸਿੰਘ, ਸ੍ਰ ਕੁੰਦਨ ਸਿੰਘ ਧਾਮੀ, ਸਾਧੂ ਸਿੰਘ ਸੰਘਾ, ਡਾ ਅਰਜਨ ਸਿੰਘ ਜੋਸ਼ਨ, ਇੰਦਰਜੀਤ ਸਿੰਘ ਚੋਗਾਵਾਂ, ਹਰਜਿੰਦਰ ਢੇਸੀ ਅਤੇ ਹੈਰੀ ਮਾਨ ਸ਼ਾਮਲ ਸਨ। ਗੀਤ ਕਵਿਤਾਵਾਂ ਪੇਸ਼ ਕਰਨ ਵਾਲਿਆ ਵਿਚ ਰਾਜ ਬਰਾੜ, ਹਰਜੀਤ ਸ਼ੇਰਗਿਲ, ਸ਼ਰਨਜੀਤ ਧਾਲੀਵਾਲ ਅਤੇ ਸ਼ਿੰਦਰ ਸਿੰਘ ਰਾਠੌਰ ਸ਼ਾਮਲ ਸਨ। ਸਾਰੇ ਹੀ ਬੋਲਾਰਿਆ ਨੇ ਭਾਰਤ ਸਰਕਾਰ ਵਲੋਂ ਖੇਤੀ ਸਬੰਧੀ ਬਣਾਏ ਕਾਨੂੰਨਾ ਨੂੰ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਇਸ ਨੂੰ ਕਿਸਾਨ ਮੋਰਚੇ ਅਤੇ ਲੋਕ ਏਕਤਾ ਈ ਇਤਿਹਾਸਕ ਜਿਤ ਕਰਾਰ ਦਿੱਤਾ।

ਡਾ ਗੁਰਮੇਲ ਸਿੰਘ ਸਿਧੂ ਹੋਣਾ ਵਲੋਂ ਕਈ ਸਾਲਾ ਦੀ ਮੇਹਨਤ ਤੋਂ ਬਾਅਦ ਲਿਖੀ ਕਿਤਾਬ 'ਭਾਰਤ ਦੇ ਅਜਾਦੀ ਸੰਗਰਮ ਵਿਚ ਗਦਰੀ ਲਹਿਰਾਂ ਦੀ ਹਿਸੇਦਾਰੀ' ਵੀ ਲੋਕ ਅਰਪਨ ਕੀਤੀ ਗਈ। ਕਿਤਾਬ ਬਾਰੇ ਬੋਲਦਿਆ ਹਰਜਿੰਦਰ ਢੇਸੀ ਨੇ ਕਿਹਾ ਕਿ ਇਹ ਗਦਰ ਲਹਿਰ ਬਾਰੇ ਇਹ ਇਕ ਬੇਹੱਦ ਕੀਮਤੀ ਕਿਤਾਬ ਹੈ ਜੋ ਇਸ ਲਹਿਰ ਦੀ ਖੋਜ ਕਰਨ ਵਾਲੇ ਵਿਦਿਆਰਥੀਆ ਲਈ ਵਧੀਆਂ ਸਰੋਤ ਬਣੇਗੀ। ਉਨਾਂ ਨੇ ਇਸ ਖੋਜ ਭਰਪੂਰ ਕਿਤਾਬ ਲਈ ਡਾ ਗੁਰੁਮੇਲ ਸਿੱਧੂ ਜੀ ਦਾ ਧੰਨਵਾਦ ਵੀ ਕੀਤਾ ਅਤੇ ਲੋਕਾਂ ਨੂੰ ਇਹ ਕਿਤਾਬ ਖਰੀਦਣ ਅਤੇ ਪੜਣ ਦੀ ਬੇਨਤੀ ਕੀਤੀ। ਫੋਰਮ ਦੇ ਇਸਤਰੀ ਵਿੰਗ ਦੀ ਮੈਂਬਰ ਸ਼ਰਨਜੀਤ ਧਾਲੀਵਾਲ ਨੇ ਫਿਲਮ ਐਕਟਰਸ ਕੰਗਨਾ ਰਾਣੌਤ ਵਲੋਂ ਮੋਰਚੇ ਅਤੇ ਦੇਸ਼ ਦੀ ਆਜ਼ਾਈ ਅਤੇ ਦੇਸ਼ ਭਗਤਾਂ ਬਾਰੁ ਦਿਤੇ ਬਿਆਨਾ ਦੀ ਨਿਖੇਧੀ ਕੀਤੀ।

ਉਨਾਂ ਨੇ ਗੁਰਦਿਆਲ ਰੌਸ਼ਨ ਦੀ ਕਿਸਾਨ ਸਘੰਰਸ਼ ਬਾਰੇ ਲਿਖੀ ਇਕ ਕਵਿਤਾ ਵੀ ਸੁਣਾਈ। ਸਟੇਜ ਦੀ ਕਾਰਵਾਈ ਦਲਜੀਤ ਸਿੰਘ ਰਿਆੜ ਨੇ ਬਾਖੂਬੀ ਨਿਭਾਈ ਅਤੇ ਆਪਣੇ ਸ਼ੇਅਰਾ ਅਤੇ ਕਵਿਤਾਵਾ ਨਾਲ ਵੱਖ ਵੱਖ ਬੁਲਾਰਿਆ ਨੂੰ ਪੇਸ਼ ਕੀਤਾ। ਉਨਾਂ ਨੇ ਇਸ ਪ੍ਰੋਗਰਾਮ ਦੀ ਸਫਲਤਾ ਲਈ ਰੇਡੀਓ 900 ਏ ਐਮ ਵਲੋਂ ਸੁਖੀ ਹੇਅਰ, ਹਰਜਿੰਦਰ ਕੰਗ ਅਤੇ ਸੰਤੋਖ ਮਿਨਹਾਸ ਅਤੇ ਹੋਰ ਰੇਡੀਓ ਹੋਸਟਾ ਦਾ ਧੰਨਵਾਦ ਕੀਤਾ। ਫਰਿਜਨੋ ਇਲਾਕੇ ਚੋਂ ਪਿਛਲੇ ਦਿਨੀ ਵਿਛੋੜਾ ਦੇ ਗਏ ਸ੍ਰ ਜਗਜੀਤ ਸਿੰਘ ਥਿੰਦ ਅਤੇ ਮਾਸਟਰ ਲਛਮਣ ਸਿੰਘ ਰਾਠੌਰ ਹੋਣਾ ਨੂੰ ਓਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਲਈ ਯਾਦ ਕੀਤਾ ਗਿਆ। ਸ੍ਰ ਪਰਗਟ ਸਿੰਘ ਧਾਲੀਵਾਲ ਨੇ ਮੋਰਚੇ ਦੀ ਜਿੱਤ ਲਈ ਦੁਨੀਆਂ ਭਰ ਵਿਚ ਬੈਠੇ ਮੋਰਚੇ ਦੇ ਹਮਦਰਦਾ ਨੂੰ ਮੁਬਾਰਕਬਾਦ ਦਿਤੀ ਅਤੇ ਇਸ ਪ੍ਰੋਗਰਾਮ ਵਿਚ ਪਹੁੰਚੇ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ।

# ਬਹੁਵਿਧਾਵੀ ਲੇਖਕ ਜਗਦੀਸ਼ ਰਾਏ ਕੁਲਰੀਆਂ ਦਾ ਪੇਂਡੂ ਸਾਹਿਤ ਸਭਾ (ਰਜਿ।) ਬਾਲਿਆਂ ਵਾਲੀ (ਬਠਿੰਡਾ) ਵੱਲੋਂ ਸਨਮਾਨ

**ਬਾਲਿਆਂਵਾਲੀ–** ਪੇਂਡੂ ਸਾਹਿਤ ਸਭਾ (ਰਜਿ) ਬਾਲਿਆਂਵਾਲੀ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਬਾਲਿਆਂਵਾਲੀ ਵਿਖੇ ਇਕ ਪ੍ਰਭਾਵਸ਼ਾਲੀ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉਘੇ ਲੇਖਕ ਦਰਸ਼ਨ ਪ੍ਰੀਤੀ ਮਾਨ ਦੀ ਕਹਾਣੀ ਪੁਸਤਕ ‘ਢਲਦੇ ਪ੍ਰਛਾਵੇਂ” ਉਪਰ ਗੋਸ਼ਟੀ, ਬਹੁਵਿਧਾਵੀ ਨੌਜਵਾਨ ਲੇਖਕ ਜਗਦੀਸ਼ ਰਾਏ ਕੁਲਰੀਆਂ ਦਾ ਸਨਮਾਨ ਅਤੇ ਕਵੀ ਦਰਬਾਰ ਸ਼ਾਮਿਲ ਸਨ। ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਇਲਾਕੇ ਦੇ ਐਮ।ਐਲ।ਏ ਸਰਦਾਰ ਜਗਦੇਵ ਸਿੰਘ ਵੱਲੋਂ ਸ਼ਿਰਕਤ ਕੀਤੀ ਗਈ। ਪ੍ਰੋਗਰਾਮ ਦੇ ਪਹਿਲੇ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਸ਼ਖਸੀਅਤਾਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ, ਪ੍ਰੋਫੈਸਰ ਸੁਰਿੰਦਰਪਾਲ ਕੌਰ, ਜਗਦੀਸ਼ ਰਾਏ ਕੁਲਰੀਆਂ, ਦਰਸ਼ਨ ਪ੍ਰੀਤੀਮਾਨ ਅਤੇ ਸਭਾ ਦੇ ਪ੍ਰਧਾਨ ਜੀਤ ਸਿੰਘ ਚਹਿਲ ਸਨ।ਪ੍ਰੀਤੀਮਾਨ ਦੇ ਕਹਾਣੀ ਸੰਗ੍ਰਹਿ ’ਢਲਦੇ ਪਰਛਾਵੇਂ” ਉੱਪਰ ਆਪਣਾ ਤਿਆਰ ਕੀਤਾ ਸੰਤੁਲਿਤ ਪੇਪਰ ਪ੍ਰੋਫ਼ੈਸਰ ਸੁਰਿੰਦਰਪਾਲ ਕੌਰ ਵੱਲੋਂ ਪੜ੍ਹਿਆ ਗਿਆ ।

ਪੇਪਰ ਉੱਪਰ ਬਹਿਸ ਦਾ ਆਰੰਭ ਗੁਰੂ ਕਾਂਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਦੇ ਪ੍ਰਧਾਨ ਹਰਗੋਬਿੰਦ ਸ਼ੇਖਪੁਰੀਆ ਨੇ ਕੀਤਾ ਅਤੇ ਨਾਵਲਕਾਰ ਸੁਖਦੇਵ ਮਾਨ, ਜਗਦੀਸ਼ ਕੁਲਰੀਆਂ ਅਤੇ ਹੋਰ ਕਈ ਵਿਦਵਾਨਾਂ ਨੇ ਬਹਿਸ ਨੂੰ ਅੱਗੇ ਤੋਰਦਿਆਂ ਇਸ ਗੱਲ ਦੀ ਵਕਾਲਤ ਕੀਤੀ ਕਿ ਸਾਹਿਤ ਲੋਕਾਂ ਲਈ ਹੋਣਾ ਚਾਹੀਦਾ ਹੈ ਤਾਂ ਹੀ ਉਸਦੀ ਸਮਾਜ ਲਈ ਸਾਰਥਿਕਤਾ ਹੈ। ਪਵਨ ਹਰਚੰਦਪੁਰੀ ਜੀ ਨੇ ਬਹਿਸ ਨੂੰ ਸਮੇਟਦਿਆਂ ਅਤੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਪੇਪਰ ਲੇਖਿਕਾ ਨੇ ਕਿਤਾਬ ਵਿਚਲੇ ਸਾਰੇ ਪੱਖਾਂ ਨੂੰ ਵਿਸ਼ਲੇਸ਼ਣਾਤਮਕ ਢੰਗ ਨਾਲ ਘੋਖਦਿਆਂ ਉਭਾਰਕੇ ਲੇਖਕ ਦੀ ਲਿਖਣਕਲਾ ਦਾ ਮੁਲੰਆਂਕਣ ਬਹੁਤ ਹੀ ਸੁਚੱਜੇ ਰੂਪ ਵਿੱਚ ਪੇਸ਼ ਕੀਤਾ ਹੈ। ਪ੍ਰਵਾਸੀ ਲੇਖਕ ਤੇ ਉੱਘੇ ਵਿਅੰਗਕਾਰ ਮੰਗਤ ਕੁਲਜਿੰਦ ਵੱਲੋਂ ਸ਼੍ਰੀ ਕੁਲਰੀਆਂ ਬਾਰੇ ਸਨਮਾਨ-ਪੱਤਰ ਪੜ੍ਹਿਆ ਗਿਆ।ਸਭਾ ਦੇ




ਅਹੁਦੇਦਾਰਾਂ, ਮੈਂਬਰਾਂ ਅਤੇ ਪ੍ਰਧਾਨਗੀ ਮੰਡਲ ਵੱਲੋਂ, ਸਾਹਿਤਕ ਖੇਤਰ ਵਿਚ ਪਾਏ ਜਾ ਰਹੇ ਵਢਮੁੱਲੇ ਯੋਗਦਾਨ ਕਰਕੇ,ਬਹੁ ਵਿਧਾਵੀ ਲੇਖਕ ਜਗਦੀਸ਼ ਰਾਏ ਕੁਲਰੀਆਂ ਨੂੰ ਸਨਮਾਨ ਪੱਤਰ,ਲੋਈ ਅਤੇ ਨਕਦ ਰਾਸ਼ੀ ਨਾਲ ਸਨਮਾਨਿਆ ਗਿਆ।


ਉਹਨਾਂ ਦੀ ਧਰਮਪਤਨੀ ਸ਼੍ਰੀਮਤੀ ਸ਼ਿਖਾ ਗਰਗ ਦਾ ਵੀ ਸਨਮਾਨ ਸਭਾ ਵੱਲੋਂ ਸ਼ਾਲ ਦੇ ਕੇ ਕੀਤਾ ਗਿਆ। ਜਗਦੀਸ਼ ਰਾਏ ਕੁਲਰੀਆਂ ਵੱਲੋਂ ਸਭਾ ਦਾ ਧੰਨਵਾਦ ਕੀਤਾ ਗਿਆ। ਇਲਾਕੇ ਦੇ ਐਮ ਐਲ ਏ ਸਰਦਾਰ ਜਗਦੇਵ ਸਿੰਘ ਕਮਾਲੂ ਨੇ ਕੁਲਰੀਆਂ ਨੂੰ ਮੁਬਾਰਕਾਂ ਦਿੰਦਿਆਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਮੈਨੂੰ ਮਾਨ ਮਹਿਸੂਸ ਹੁੰਦਾ ਹੈ ਕਿ ਮੇਰੇ ਇਲਾਕੇ ਵਿੱਚ ਅਜਿਹੀ ਸਾ-ਹਤਕ ਸਭਾ ਹੈ ਜੋ ਇੰਨੀ ਵੱਡੀ ਅਤੇ ਵਧੀਆ ਲਾਇਬ੍ਰੇਰੀ ਦਾ ਸੰਚਾਲਨ ਕਰ ਰਹੀ ਹੈ।ਨਵੀਂ ਪਨੀਰੀ ਨੂੰ ਨਸ਼ਿਆਂ ਦੇ ਪ੍ਰਕੋਪ ਤੋਂ ਬਚਾਉਣ ਲਈ ਆਪਣੀਆਂ ਸੇਵਾਵਾਂ ਦੇ ਰਹੀ ਹੈ। ਉਹਨਾਂ ਇਹ ਵੀ ਕਿਹਾ ਸਭਾ ਦੀਆਂ ਮੰਗਾਂ ਨੂੰ ਆਉਂਦੇ ਦਿਨਾਂ ਵਿੱਚ ਪੂਰਾ ਕਰਨ ਦੀ ਮੈਂ ਹਰ ਕੋਸ਼ਿਸ਼ ਕਰਾਂਗਾ।

ਕਵੀ ਦਰਬਾਰ ਵਾਲੇ ਸ਼ੈਸ਼ਨ ਦੀ ਪ੍ਰਧਾਨਗੀ ਡਾਕਟਰ ਅਜੀਤਪਾਲ ਸਿੰਘ,ਪ੍ਰਵਾਸੀ ਲੇਖਕ ਅਤੇ ਉੱਘੇ ਵਿਅੰਗਕਾਰ ਮੰਗਤ ਕੁਲਜਿੰਦ,ਪਵਨ ਹਰਚੰਦਪੁਰੀ,ਰਾਜ ਪੁਰਸਕਾਰ ਵਿਜੇਤਾ ਅਮਰਜੀਤ ਸਿੰਘ ਪੇਂਟਰ ਅਤੇ ਸਭਾ ਦੇ ਪ੍ਰਧਾਨ ਜੀਤ ਸਿੰਘ ਚਹਿਲ ਵੱਲੋਂ ਕੀਤੀ ਗਈ। ਕਵੀ ਦਰਬਾਰ ਵਿੱਚ ਸਮਸ਼ੇਰ ਸਿੰਘ ਮੱਲ੍ਹੀ, ਗੁਰਕੀਰਤ ਸਿੰਘ ਔਲਖ, ਰਮੇਸ਼ ਕੁਮਾਰ ਗਰਗ, ਕਾਮਰੇਡ ਮੇਘ ਰਾਜ ਫ਼ੌਜੀ, ਜਸ ਬਠਿੰਡਾ, ਅਮਰਜੀਤ ਸਿੰਘ ਅਮਨ, ਗੁਲਜ਼ਾਰ ਸਿੰਘ ਸ਼ੌਕੀ,ਗੁਰਤੇਜ ਸਿੰਘ, ਜਗਨ ਨਾਥ, ਪ੍ਰੋਫ਼ੈਸਰ ਸੁਰਿੰਦਰਪਾਲ ਕੌਰ,ਗੁਰਿੰਦਰ ਰਸੀਆ, ਹਰਗੋਬਿੰਦ ਸ਼ੇਖਪੁਰੀਆ, ਸੇਵਕ ਸ਼ਮੀਰੀਆ, ਅਜਮੇਰ ਦੀਵਾਨਾ, ਅਮਰ ਸਿੰਘ ਸਿੱਧੂ, ਗੁਰਵਿੰਦਰ ਸਿੱਧੂ, ਮੰਗਤ ਕੁਲਜਿੰਦ ਅਤੇ ਸੁਖਦਰਸ਼ਨ ਗਰਗ ਨੇ ਕਾਵਿ ਸਾਹਿਤ ਦੇ ਵੱਖ ਵੱਖ ਰੂਪਾਂ ਕਵਿਤਾ, ਗੀਤ, ਕਾਵਿ-ਹਾਸ, ਕਾਵਿ-ਵਿਅੰਗ, ਰੁਬਾਈ, ਗ਼ਜ਼ਲ ਆਦਿ ਵਿੱਚ ਸਮਾਜ ਦੇ ਨਾਲ ਸੰਬੰਧਿਤ ਵਿਸ਼ਿਆਂ ਨੂੰ ਪਰੋਅ ਕੇ ਸਿਰਜੀਆਂ ਰਚਨਾਵਾਂ, ਤਰੰਨਮ ’ਚ ਵੀ ਅਤੇ ਉਚਾਰ ਕੇ ਵੀ, ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪ੍ਰੋਗਰਾਮ ਵਿੱਚ ਗੁਰਮੇਲ ਸਿੰਘ ਮੇਲਾ,ਇੰਦਰ ਸਿੰਘ, ਦਰਸ਼ਨ ਸਿੰਘ ਸਿੱਧੂ, ਮੋਨਿਕਾ ਸ਼ਰਮਾ, ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਦੇ ਪ੍ਰਧਾਨ ਹਰਭਜਨ ਸੇਲਬਰਾਹ ਅਤੇ ਚੇਤਾ ਸਿੰਘ ਮਹਿਰੀਆ ਹਾਜ਼ਰ ਸਨ ।ਸਭਾ ਵੱਲੋਂ ਆਏ ਮਹਿਮਾਨਾਂ ਦਾ ਕਿਤਾਬਾਂ ਦੇ ਸੈਟ ਦੇ ਕੇ ਸਨਮਾਨ ਕੀਤਾ ਗਿਆ।ਸਭਾ ਦੇ ਸਰਪ੍ਰਸਤ ਅਜਮੇਰ ਦੀਵਾਨਾ ਵੱਲੋਂ ਆਏ ਮਹਿਮਾਨਾਂ ਅਤੇ ਲੇਖਕਾਂ ਨੂੰ ਜੀ ਆਇਆਂ ਆਖਿਆ ਗਿਆ ਅਤੇ ਧੰਨਵਾਦ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਦੋ ਮਿੰਟ ਦਾ ਮੋਨ ਰੱਖਕੇ ਪਿੱਛਲੇ ਦਿਨਾਂ ਵਿੱਚ ਵਿਛੜੇ ਲੇਖਕਾਂ ਅਤੇ ਕਈ ਲੇਖਕਾਂ ਦੇ ਰਿਸ਼ਤੇਦਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪੱਤਰਕਾਰ ਅਤੇ ਸਭਾ ਦੇ ਪ੍ਰੈਸ ਸਕੱਤਰ ਕੁਲਦੀਪ ਮਤਵਾਲਾ ਵੀ ਹਾਜ਼ਰ ਸਨ।ਸਟੇਜ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਸੁਖਦਰਸ਼ਨ ਗਰਗ ਵੱਲੋਂ ਬੜੇ ਰੌਚਕ ਢੰਗ ਨਾਲ ਕੀਤਾ ਗਿਆ ।

ਜੀਤ ਸਿੰਘ ਚਹਿਲ ਪ੍ਰਧਾਨ, ਸੁਖਦਰਸ਼ਨ ਗਰਗ ਜ।ਸਕੱਤਰ, ਮੰਗਤ ਕੁਲਜਿੰਦ ਕੌਮਾਂਤਰੀ ਪ੍ਰਤੀਨਿਧ, +91 93560-60980, ਮੋਬਾਇਲਤੇ ਵੱਟਸ +1 425 286 0163

### 5 ਦਿਸੰਬਰ ਜਨਮ ਦਿਨ 'ਤੇ

# ਪੰਜਾਬੀ ਸਹਿਤ ਦੇ ਅੰਬਰ ਦਾ ਧਰੂ ਤਾਰਾ- ਭਾਈ ਵੀਰ ਸਿੰਘ



ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਸਨ। ਪੰਜਾਬੀ ਕਵਿਤਾ ਨੂੰ ਆਧੁਨਿਕ ਲੀਹਾਂ 'ਤੇ ਪਾਉਣ ਅਤੇ ਕਾਵਿ-ਮੰਡਲ ਵਿੱਚ ਇਸ ਦਾ ਖਾਸ ਮੁਕਾਮ ਬਣਾਉਣ ਲਈ ਭਾਈ ਵੀਰ ਸਿੰਘ ਦਾ ਯੋਗਦਾਨ ਅਹਿਮ ਹੈ। ਆਪ ਨੇ ਸਿਰਫ ਕਵਿਤਾ ਹੀ ਨਹੀਂ ਸਗੋਂ ਆਧੁਨਿਕ ਸਾਹਿਤ ਦੀਆਂ ਕਈ ਹੋਰ ਵਿਧਾਵਾਂ ਵਿੱਚ ਵੀ ਰਚਨਾ ਰਚੀ ਹੈ। ਛੋਟੀਆਂ ਕਵਿਤਾਵਾਂ ਅਤੇ ਮਹਾਂ-ਕਾਵਿ ਤੋਂ ਛੁਟ ਨਾਵਲ, ਨਾਟਕ, ਵਾਰਤਕ, ਇਤਿਹਾਸਕ ਜੀਵਨੀਆਂ, ਲੇਖਾਂ, ਸਾਖੀਆਂ ਅਤੇ ਟਰੈਕਟ ਆਦਿ ਦੀ ਸਿਰਜਣਾ ਦੀ ਪਹਿਲਤਾ ਵੀ ਉਨ੍ਹਾਂ ਨੇ ਕੀਤੀ।

ਆਪ ਦੀ ਰਚਨਾਤਮਕ ਪ੍ਰਤਿਭਾ ਦਾ ਪ੍ਰੇਰਨਾਸਰੋਤ ਆਪ ਦਾ ਘਰੋਗੀ ਜੀਵਨ ਸੀ। ਆਪ ਦੀ ਕਵਿਤਾ ਰਹੱਸਵਾਦ ਅਤੇ ਅਧਿਆਤਮਵਾਦ ਨਾਲ ਲਬਰੇਜ਼ ਹੈ। ਭਾਈ ਵੀਰ ਸਿੰਘ ਨੂੰ ਵੀਹਵੀਂ ਸ਼ਤਾਬਦੀ ਦਾ ਭਾਈ ਗੁਰਦਾਸ ਵੀ ਕਿਹਾ ਜਾਂਦਾ ਹੈ। ਆਪ ਦੀਆਂ ਕਿਰਤਾਂ ਦੇ ਵਿਸ਼ੇ ਬੇਸ਼ੱਕ ਪੁਰਾਣੇ ਹਨ, ਪਰ ਪੇਸ਼ਕਾਰੀ ਦੇ ਢੰਗ ਨਵੀਨ ਹਨ। ਇਹ ਸਭ ਗੱਲਾਂ ਆਪ ਨੂੰ ਪ੍ਰੰਪਰਾ ਨਾਲੋਂ ਵਖਰਾਉਂਦੀਆਂ ਹਨ ਅਤੇ ਆਧੁਨਿਕਤਾ ਨਾਲ ਜੋੜਦੀਆਂ ਹਨ। ਆਪ ਜੀ ਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ। ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈਸਵੀ ਨੂੰ ਅੰਮ੍ਰਿਤਸਰ ਸ਼ਹਿਰ ਦੀ ਪਾਵਨ ਧਰਤੀ ਉੱਪਰ ਡਾਕਟਰ ਚਰਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਖਾਨਦਾਨ ਦਾ ਸਬੰਧ ਸਿੱਖ ਤਵਾਰੀਖ ਦੀ ਨਾਮਵਰ ਹਸਤੀ ਦੀਵਾਨ ਕੌੜਾ ਮਲ ਨਾਲ ਸੀ। ਆਪ ਦੇ ਨਾਨਾ ਪੰਡਿਤ

ਰਮੇਸ਼ ਬੱਗਾ ਚੋਹਲਾ
91-94631-32719

ਹਜ਼ਾਰਾ ਸਿੰਘ ਮਹਾਨ ਵਿਦਵਾਨ ਸਨ। ਭਾਈ ਵੀਰ ਸਿੰਘ ਨੇ ਮੈ-ਟ੍ਰਿਕ ਦਾ ਇਮਤਿਹਾਨ ਜ਼ਿਲ੍ਹੇ ਭਰ ਵਿੱਚੋਂ ਅਵੱਲ ਰਹਿ ਕੇ ਪਾਸ ਕੀਤਾ। ਆਪ ਦਾ ਤਾਲੀਮੀ ਦੌਰ ਹੋਣਹਾਰ ਤਾਲਿਬ-ਇਲਮਾਂ ਵਾਲਾ ਰਿਹਾ। ਭਾਈ ਵੀਰ ਸਿੰਘ ਨੇ 1898 ਈਸਵੀ ਵਿੱਚ ਇੱਕ ਅਖਬਾਰ ਦੀ ਪ੍ਰਕਾਸ਼ਨਾ ਕੀਤੀ, ਜਿਸ ਦਾ ਨਾਮ 'ਖਾਲਸਾ ਸਮ-ਾਚਾਰ' ਰੱਖਿਆ। ਇਸ ਤੋਂ ਇੱਕ ਸਾਲ ਬਾਅਦ ਨਿਰਗੁਣਿਆਰਾ ਪੇਪਰ ਜਾਰੀ ਕੀਤਾ। ਆਪ ਨੇ ਭਾਵੇਂ ਵਿਸ਼ਵਵਿਦਿਆਲਾ ਦੀ ਉੱਚ-ਵਿੱਦਿਆ ਗ੍ਰਹਿਣ ਨਹੀਂ ਕੀਤੀ, ਫਿਰ ਵੀ ਆਪ ਨੇ ਸੰ-ਸਕ੍ਰਿਤ, ਫ਼ਾਰਸੀ, ਉਰਦੂ, ਗੁਰਬਾਣੀ, ਸਿੱਖ ਤੇ ਹਿੰਦੂ ਦਰਸ਼ਨ ਦਾ ਖ਼ੂਬ ਮੁਤਾਲਿਆ ਕੀਤਾ। ਆਪ ਦੀ ਵਧੇਰੇ ਰਚਨਾ ਸਿੱਖੀ ਦੇ ਪ੍ਰਚਾਰ ਵਜੋਂ ਸੀ। ਇਸ ਸਮੇਂ ਅਹਿਮਦੀਆ ਅਤੇ ਆਰੀਆ ਸਮਾਜੀ ਲਹਿਰਾਂ ਉਰਦੂ ਤੇ ਹਿੰਦੀ ਭਾਸ਼ਾ ਰਾਹੀਂ ਪ੍ਰਚਾਰ ਕਰ ਰਹੀਆਂ ਸਨ। ਇੱਧਰ ਸਿੰਘ ਸਭਾ ਲਹਿਰ ਵੀ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੀ ਰਾਖੀ ਲਈ ਮੈਦਾਨ ਵਿੱਚ ਕੁੱਦ ਚੁੱਕੀ ਸੀ। ਭਾਈ ਵੀਰ ਸਿੰਘ ਦਾ ਇਸ ਲਹਿਰ ਪ੍ਰਤੀ ਬੇਸ਼ਕੀਮਤੀ ਯੋਗਦਾਨ ਹੈ।

1930 ਤੱਕ ਪੰਜਾਬੀ ਸਾਹਿਤ ਦੇ ਅਕਾਸ਼ ਵਿੱਚ ਭਾਈ ਸਾਹਿਬ ਸੂਰਜ ਵਾਂਗ ਮਘਦੇ ਰਹੇ। ਆਪ ਦੀਆਂ ਸਾਹਿਤਕ ਸੇਵਾਵਾਂ ਨੂੰ ਮੱਦੇਨਜ਼ਰ ਰੱਖ ਕੇ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 1849 ਈਸਵੀ ਵਿੱਚ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਪ੍ਰਦਾਨ ਕੀਤੀ। 1950 ਈਸਵੀ ਵਿੱਚ ਆਪ ਜੀ ਨੂੰ ਸਿੱਖ ਵਿੱਦਿਅਕ ਕਾਨਫਰੰਸ ਵਿੱਚ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਭਾਰਤ ਦੀ ਸਾਹਿਤ ਅਕਾਦਮੀ ਦਾ ਸਰਵ-ਉੱਚ ਇਨਾਮ ਮਿਲਿਆ। 1952 ਈ. ਵਿੱਚ ਆਪ ਜੀ ਨੂੰ ਪੰਜਾਬ ਵਿਧਾਨ ਘੜਨੀ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਏਨਾ ਸਫਲ ਤੇ ਪ੍ਰਾਪਤੀਆਂ ਵਾਲਾ ਜੀਵਨ ਬਤੀਤ ਕਰਕੇ ਆਪ 10 ਜੂਨ 1957 ਈਸਵੀ ਵਿੱਚ ਸੁਰਗਵਾਸ ਹੋ ਗਏ।

# ਲੰਬੀ ਹੇਕ ਦੀ ਮਲਿਕਾ - ਗੁਰਮੀਤ ਬਾਵਾ (18 ਫਰਵਰੀ 1944 – 21 ਨਵੰਬਰ 2021)



ਗੁਰਮੀਤ ਬਾਵਾ ਲੰਬੀ ਹੇਕ ਦੀ ਮਲਿਕਾ ਅਤੇ ਹੇਕ ਦੀ ਰਾਣੀ ਵਜੋਂ ਪ੍ਰਸਿੱਧ ਸੀ। ਉਸ ਨੇ ਇਹ ਨਾਮ ਕਿਵੇਂ ਕਮਾਇਆ ਇਹ ਪ੍ਰਸ਼ੰਸਕਾਂ ਲਈ ਅਣਜਾਣ ਨਹੀਂ ਹੈ। ਉਸਦੀ ਗਾਇਕੀ ਦੀ ਪਹਿਚਾਣ ਹੀ ਲੰਮੀ ਹੇਕ ਸੀ। ਪੰਜਾਬੀ ਲੋਕ ਗੀਤ ਦੀ ਸਾਹਹੀਣ ਸ਼ੁਰੂਆਤ ਕਰਨ ਵਾਲੀ ਪਹਿਲੀ ਪੰਜਾਬੀ ਗਾਇਕਾ ਸੀ ਜੋ ਲਗਭਗ 45 ਸਕਿੰਟ ਤੱਕ ਸਾਹ ਰੋਕ ਗਾ ਸਕਦੀ ਸੀ ਉਸ ਦੀ ਸਹਿਜ ਸਾਹਾਂ ਵਾਲੀ ਗਾਇਕੀ ਜਿਸ ਨੂੰ ਪੰਜਾਬੀ ਵਿਚ ਹੇਕ ਕਿਹਾ ਜਾਂਦਾ ਹੈ, ਉਸ ਨੇ ਇਹ ਤਾਜ ਆਪਣੇ ਨਾਮ ਕੀਤਾ। ਗਾਉਣ ਲਈ ਸਾਹ ਰੋਕਣ ਨੇ ਉਸ ਨੂੰ ਲੋਕਾ ਦੇ ਦਿਲਾਂ ਵਿਚ ਵਸਾਇਆ ਹੈ। । ਆਲਮ ਲੋਹਾਰ ਤੋਂ ਬਾਅਦ ਜੁਗਨੀ ਗਾਉਣ ਲਈ ਜਾਣੀ ਜਾਂਦੀ ਅਤੇ ਦੂਰਦਰਸ਼ਨ 'ਤੇ ਗਾਉਣ ਵਾਲੀ ਪਹਿਲੀ ਪੰਜਾਬੀ ਮਹਿਲਾ ਗਾਇਕਾ ਸੀ।



ਐਡਵੋਕੇਟ
ਰਵਿੰਦਰ ਸਿੰਘ ਧਾਲੀਵਾਲ
91-78374-90309


ਉਸ ਦਾ ਜਨਮ 18 ਫਰਵਰੀ 1944 ਵਿੱਚ ਬ੍ਰਿਟਿਸ਼ ਇੰਡੀਆ ਸਮੇ ਪੰਜਾਬ ਦੇ ਪਿੰਡ ਕੋਠੇ ਵਿੱਚ ਪਿਤਾ ਸ। ਉੱਤਮ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਹੋਇਆ ਸੀ। ਇਹ ਹੁਣ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦਾ ਹਿੱਸਾ ਹੈ। ਜਦੋਂ ਦੋ ਸਾਲ ਦੀ ਸੀ ਤਾਂ ਉਸਦੀ ਮਾਂ ਦੀ ਮੌਤ ਹੋ ਗਈ। ਉਸ ਸਮੇਂ ਬਜ਼ੁਰਗਾਂ ਦੀ ਇਜਾਜ਼ਤ ਤੋਂ ਬਿਨਾਂ ਕੁੜੀਆਂ ਨੂੰ ਪੜ੍ਹਨ ਜਾਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ ਪਰ ਅਧਿਆਪਕ ਬਣਨ ਦਾ ਸੁਪਨਾ ਦੇਖਣ ਵਾਲੇ ਬਾਵਾ ਨੇ ਜੇਬੀਟੀ ਪਾਸ ਕਰ ਅਤੇ ਇਲਾਕੇ ਦੀ ਪਹਿਲੀ ਅਧਿਆਪਕ ਬਣਨ ਵਾਲੀ ਲੜਕੀ ਬਣ ਗਈ। ਜੋ ਪ੍ਰੇਰਨਾ ਦੇ ਪੱਧਰ ਨੂੰ ਵਧਾਉਂਦਾ ਹੈ। ਉਸਨੇ 1968 ਵਿੱਚ ਆਪਣਾ ਕੈਰੀਅਰ ਸ਼ੁਰੂ ਕੀਤਾ। ਉਸਦਾ ਵਿਆਹ ਡੇਰਾ ਬਾਬਾ ਨਾਨਕ ਦੇ ਇੱਕ ਪੰਜਾਬੀ ਲੋਕ ਗਾਇਕ ਕਿਰਪਾਲ ਬਾਵਾ ਨਾਲ ਹੋਇਆ ਉਹਨਾਂ ਦੀਆਂ ਤਿੰਨ ਧੀਆਂ ਜਿਹਨਾਂ ਵਿੱਚੋਂ ਦੋ ਲਾਚੀ ਬਾਵਾ ਅਤੇ ਗਲੋਰੀ ਬਾਵਾ, ਗਾਇਕਾ ਹਨ। ਦੁਨੀਆ ਨੂੰ ਲੋਕ ਸਾਜ਼ਾਂ ਨਾਲ ਜਾਣੂ ਕਰਵਾਉਣ ਵਿੱਚ ਗਇਕ ਪਤੀ ਕਿਰਪਾਲ ਸਿੰਘ ਬਾਵਾ ਨੇ ਕੋਈ ਕਸਰ ਨਾ ਛੱਡੀ। ਜਿਸ ਸਦਕਾ ਅਲਗੋਜ਼ੇ, ਚਿਮਟਾ, ਢੋਲਕੀ ਅਤੇ ਤੂੰਬੀ ਵਰਗੇ ਪੰਜਾਬੀ ਲੋਕ ਸਾਜ਼ਾਂ ਨਾਲ ਗਾਇਆ। ਪੰਜਾਬ ਐਸੋਸੀਏਸ਼ਨ ਦੁਆਰਾ ਮੁੰਬਈ ਵਿੱਚ ਇੱਕ ਸਮਾਗਮ ਦੌਰਾਨ ਅਜਿਹਾ ਰੰਗ ਬੰਨਿਆ ਕਿ ਗਾਇਕੀ ਦਾ ਸਨਮਾਨ ਕਰਦਿਆ ਪ੍ਰੇਮ ਚੋਪੜਾ, ਪ੍ਰਾਣ ਅਤੇ ਖਾਸ ਤੌਰ 'ਤੇ ਰਾਜ ਕਪੂਰ ਵਰਗੇ ਬਾਲੀਵੁੱਡ ਸਿਤਾਰਿਆਂ ਨੇ ਖੜ੍ਹੇ ਹੋ ਕੇ ਤਾੜੀਆਂ ਮਾਰੀਆ। ਜਿਨ੍ਹਾਂ ਨੇ ਵਾਰ-ਵਾਰ ਇੱਕ ਬੋਲੀ, "ਮੈਂ ਜੱਟੀ ਪੰਜਾਬ ਦੀ, ਮੇਰੀ ਨਰਗਿਸ ਵਾਰਗੀ ਅੱਖ" ਦੀ ਗੁਜਾਰਿਸ ਵੀ ਕੀਤੀ। ਉਸ ਦੇ ਗਾਏ ਗੀਤ ਲਿਆਦੇ ਚੰਬਾ ਲਾਵਾਂ ਘਰੇ ਦੇ ਕੋਲ ,ਕਹਾਰੋ ਡੋਲੀ ਨਾ ਚਾਇਓ, ਮੇਰਾ ਬਾਬਲ ਆਇਆ ਨੀ ਘੋੜੀਆ (ਇੱਕ ਆਦਮੀ ਦੇ ਵਿਆਹ 'ਤੇ ਗਾਏ ਜਾਣ ਵਾਲਾ ਗੀਤ) ਅਤੇ ਮਿਰਜ਼ਾ ਮਸ਼ਹੂਰ ਹੋਏ।

1987 ਵਿੱਚ ਉਸ ਨੇ ਸਯੁੰਕਤ ਸੋਵੀਅਤ ਸੰਘ ਅਤੇ 1988 ਵਿੱਚ ਜਾਪਾਨ ਵਿੱਚ ਆਯੋਜਿਤ ਭਾਰਤ ਦੇ ਤਿਉਹਾਰ ਦੌਰਾਨ ਭਾਰਤ ਦੀ ਪ੍ਰਤੀਨਿਧਤਾ ਕੀਤੀ। 1988 ਬੈਂਕਾਕ ਵਿੱਚ ਥਾਈਲੈਂਡ ਕਲਚਰ ਸੈਂਟਰ ਵਿੱਚ ਵੀ ਪ੍ਰਦਰਸ਼ਨ ਕੀਤਾ ਅਤੇ 1989 ਵਿੱਚ ਬੋਸਰਾ ਤਿਉਹਾਰ ਅਤੇ ਤ੍ਰਿਪੋਲੀ (ਲੀਬੀਆ) ਵਿੱਚ 25ਵੇਂ ਜਸ਼ਨ-ਏ-ਆਜ਼ਾਦੀ ਤਿਉਹਾਰ ਵਿੱਚ ਵੀ ਦੇਸ਼ ਦੀ ਪ੍ਰਤੀਨਿਧਤਾ ਕੀਤੀ। ਸੰਸਾਰ ਨੂੰ ਪੰਜਾਬੀ ਗਾਇਕੀ ਦੇ ਨਾਲੋ-ਨਾਲ ਮਾਂ-ਬੋਲੀ ਨੂੰ ਰੂਬਰੂ ਕਰਵਾਇਆ। ਉਘੇ ਪੰਜਾਬੀ ਲੇਖਕ ਅਤੇ ਕਵੀ ਗੁਰਭਜਨ ਗਿੱਲ, ਜੋ ਬਾਵਾ ਪਰਿਵਾਰ ਦੇ ਨਜ਼ਦੀਕ ਸਨ, ਨੇ ਕਿਹਾ, "ਉਹ ਸਾਡੇ ਪਿੰਡ ਅਲੀਵਾਲ ਦੇ ਨੇੜੇ ਇੱਕ ਸਕੂਲ ਵਿੱਚ ਪੜ੍ਹਾਉਂਦੀ ਸੀ। ਉਸ ਸਮੇਂ ਇਲਾਕੇ ਵਿੱਚ ਰੇਡੀਓ ਗਾਇਕਾ ਵਜੋਂ ਜਾਣੀ ਜਾਂਦੀ ਸੀ। ਕੋਈ ਵੀ ਗਾਇਕ ਇੰਨੀ ਦੇਰ ਤੱਕ ਸਾਹ ਰੋਕ ਕੇ ਰੱਖਣ ਵਿੱਚ ਉਸਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਉਹ ਉਨ੍ਹਾਂ ਕੁਝ ਗਾਇਕਾਂ ਵਿੱਚੋਂ ਸੀ ਜਿਨ੍ਹਾਂ ਨੇ ਪੰਜਾਬੀ ਲੋਕ ਸੰਗੀਤ ਨੂੰ ਜਿਉਂਦਾ ਰੱਖਿਆ। ਉਸਨੇ ਅਲਗੋਜ਼ਾ ਦੀ ਧੁਨ 'ਤੇ ਗਾਇਆ, ਜੋ ਕਿ ਪੰਜਾਬ ਦਾ ਰਵਾਇਤੀ ਲੋਕ ਸਾਜ਼ ਹੈ। ਵਿਆਹ ਦੇ ਗੀਤ ਅਤੇ ਲੋਕ ਗੀਤ ਤੇ ਵਿਰਾਸਤੀ ਸਾਜਾਂ ਨੂੰ ਆਪਣੀ ਗਰਜਵੀ ਆਵਾਜ ਨਾਲ ਲੈਅ ਬੱਧ ਕਰ ਵੱਖਰੇ ਮੁਕਾਮ ਉਪਰ ਪਹੁੰਚਾਇਆ।

ਪੁਰਸਕਾਰਾਂ ਵਿੱਚ ਪੰਜਾਬ ਸਰਕਾਰ ਦੁਆਰਾ 1991 ਵਿੱਚ ਰਾਜ ਪੁਰਸਕਾਰ, ਪੰਜਾਬ ਨਾਟਕ ਅਕਾਦਮੀ ਦੁਆਰਾ ਸੰਗੀਤ ਪੁਰਸਕਾਰ, 2002 ਵਿੱਚ ਮੱਧ ਪ੍ਰਦੇਸ਼ ਸਰਕਾਰ ਦੁਆਰਾ ਰਾਸ਼ਟਰੀ ਦੇਵੀ ਅਹਿਲਿਆ ਪੁਰਸਕਾਰ ਅਤੇ 2008 ਵਿੱਚ ਪੰਜਾਬੀ ਭਾਸ਼ਾ ਵਿਭਾਗ ਦੁਆਰਾ ਹਾਲ ਹੀ ਵਿੱਚ ਸ੍ਰੋਮਣੀ ਗਾਇਕਾ ਪੁਰਸਕਾਰ ਸ਼ਾਮਲ ਹਨ। ਉਸ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਦੁਆਰਾ ਰਾਸ਼ਟਰਪਤੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। 21 ਨਵੰਬਰ 2021 ਨੂੰ 77 ਸਾਲ ਦੀ ਉਮਰ ਵਿੱਚ ਅੰਮ੍ਰਿਤਸਰ ਦੇ ਇੱਕ ਹਸਪਤਾਲ ਸੰਗੀਤਮਈ ਦੁਨੀਆ ਨੂੰ ਅਲਵਿਦਾ ਆਖ ਗਏ। ਪੰਜਾਬੀ ਲੋਕ ਸੰਗੀਤ ਵਿੱਚ ਲੰਬੀ ਹੇਕ ਦੀ ਮਲਿਕਾ ਦਾ ਯੋਗਦਾਨ ਅਮਿੱਟ ਰਹੇਗਾ।

# ਅਸ਼ਵਨੀ ਸ਼ਰਮਾ ਵਲੋਂ ਜ਼ਿਲ੍ਹਾ ਕਪੂਰਥਲਾ ਦਾ ਪ੍ਰਧਾਨ, ਸੂਬਾਈ ਕਾਰਜਕਾਰਨੀ ਮੈਂਬਰ ਅਤੇ ਸੂਬਾਈ ਵਿਸ਼ੇਸ਼ ਇਨਵਾਈਟੀ ਮੈਂਬਰ ਨਿਯੁਕਤੀ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਪੰਜਾਬ ਨੇ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੇ



ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਕਪੂਰਥਲਾ ਜ਼ਿਲ੍ਹੇ ਵਿੱਚ ਭਾਜਪਾ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਨਵੇਂ ਜ਼ਿਲ੍ਹਾ ਪ੍ਰਧਾਨ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੂਬਾ ਕਾਰਜਕਾਰਨੀ ਮੈਂਬਰਾਂ ਅਤੇ ਵਿਸ਼ੇਸ਼ ਇਨਵਾਈਟੀ ਮੈਬਰਾਂ ਦਾ ਵੀ ਐਲਾਨ ਕੀਤਾ ਗਿਆ ਹੈ। ਸੂਬਾ ਭਾਜਪਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਜ਼ਿਲ੍ਹਾ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਦੇ ਅਹੁਦੇ 'ਤੇ ਰਾਜੇਸ਼ ਪਾਸੀ ਨੂੰ ਨਿਯੁਕਤ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪਹਿਲਾਂ ਜ਼ਿਲ੍ਹਾ ਪ੍ਰਧਾਨ ਦਾ ਇਹ ਅਹੁਦਾ ਰਾਕੇਸ਼ ਦੁੱਗਲ (ਕਪੂਰਥਲਾ) ਕੋਲ ਸੀ, ਜਿਨ੍ਹਾਂ ਨੂੰ ਹੁਣ ਸੂਬਾ ਕਾਰਜਕਾਰਨੀ ਮੈਂਬਰ ਦੇ ਔਹਦੇ ਨਾਲ ਨਵਾਜਿਆ ਗਿਆ ਹੈ। ਇਸ ਤੋਂ ਇਲਾਵਾ ਓਮ ਪ੍ਰਕਾਸ਼ ਠੁਕਰਾਲ (ਜਲਾਲਾਬਾਦ) ਅਤੇ ਬਲਵਿੰਦਰ ਕੁਮਾਰ ਬੱਬਾ (ਅੰਮ੍ਰਿਤਸਰ) ਨੂੰ ਵਿਸ਼ੇਸ਼ ਇਨਵਾਈਟੀ ਮੈਬਰਾਂ ਵਜੋਂ ਨਿਯੁਕਤ ਕੀਤਾ ਗਿਆ ਹੈ।

ਜੀਵਨ ਗੁਪਤਾ ਨੇ ਨਵ-ਨਿਯੁਕਤ ਸੂਬਾ ਕਾਰਜਕਾਰਨੀ ਮੈਂਬਰ, ਵਿਸ਼ੇਸ਼ ਇਨਵਾਈਟੀ ਮੈਬਰਾਂ ਅਤੇ ਜ਼ਿਲ੍ਹਾ ਪ੍ਰਧਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵ-ਨਿਯੁਕਤ ਔਹਦੇਦਾਰਾਂ ਦੀ ਇਹ ਨਿਯੁਕਤੀ ਉਨ੍ਹਾਂ ਦੀ ਪਾਰਟੀ ਪ੍ਰਤੀ ਸਮਰਪਿਤ ਭਾਵਨਾ ਅਤੇ ਕੰਮ ਨੂੰ ਮੁੱਖ ਰੱਖਦਿਆਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਤੇ ਹੋਰ ਸੂਬਾਈ ਅਹੁਦੇਦਾਰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਭਾਜਪਾ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਪਾਰਟੀ ਦੀਆਂ ਗਤੀਵਿਧੀਆਂ ਅਤੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾ ਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਗੇ।




NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਗਦਰ ਲਹਿਰ ਦਾ ਬਾਗੀ ਨਾਇਕ ਕਰਤਾਰ ਸਿੰਘ ਸਰਾਭਾ



ਗਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸਦਾ ਆਰੰਭ 15 ਜੂਨ, 1913 ਵਿਚ ਅਮਰੀਕਾ ਵਿਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼ ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਵਿਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸਨੇ ਹਿੰਦੀਆਂ ਦੇ ਖ਼ੂਨ ਵਿਚ ਆਜ਼ਾਦੀ ਲਈ ਮਰ-ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਂ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ, ਪੁਰਾਤਨ ਨਾਂ ਸਿਰਹਾਬ ਮਤਲਬ ਹਰੀ ਭਰੀ ਜਗ੍ਹਾ, ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸਦਾ ਪਾਲਣ-ਪੋਸ਼ਣ ਉਸਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ 8 ਇੰਚ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ ਉੜੀਸਾ ਤੋਂ ਪ੍ਰਾਪਤ 1912 ਵਿਚ ਕੀਤੀ। ਉਸਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਂਕ ਸੀ। ਬੰਗਾਲ ਉੜੀਸਾ ਦੀ ਆਜ਼ਾਦੀ ਦੀ ਲਹਿਰ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖਤ ਪੁੱਛ-ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸਨ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜੋਰਾਂ 'ਤੇ ਹੈ। ਉਸਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜ਼ਰਤ 'ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ, ਇੱਥੋਂ ਤੱਕ ਕਿ ਮਾਰ ਕੁਟਾਈ ਵੀ ਹੋ ਜਾਂਦੀ ਸੀ। ਆਜ਼ਾਦ ਦੇਸ਼ ਵਿਚ ਵਿਚਰਦਿਆਂ ਉਸਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇੱਜਤੀ ਨਾ ਹੁੰਦੀ। ਸਰਾਭਾ ਨੇ ਕੈਲੇਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇੱਥੇ ਰਹਿੰਦੇ ਵੀ ਦਿਲ ਵਿਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿਚ ਰਾਜਨੀਤਿਕ ਜਾਗਰਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ ਇਕ ਅਖਬਾਰ ਕੱਢਣ ਦੀ ਤਜਵੀਜ਼ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਅਖਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤਾ। ਸਰਾਭਾ ਨੇ ਅਖਬਾਰ ਦੇ ਕੰਮ ਦੀ ਪੂਰੀ ਜ਼ਿੰਮੇਵਾਰੀ ਸੰਭਾਲੀ। ਅਖਬਾਰ ਵਿਚ ਅੰਗਰੇਜ਼ਾਂ ਦੇ ਜੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖਬਾਰ ਡਾਕ ਰਾਹੀਂ ਜਿੱਥੇ ਕਿਤੇ ਵੀ ਭਾਰਤੀ ਵੱਸਦੇ ਸਨ, ਸੰਸਾਰ ਪੱਧਰ ਤੇ ਮੁਫਤ ਭੇਜਿਆ ਜਾਂਦਾ ਸੀ। ਅਖਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।

ਅਖਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦ ਰ ਦੇ ਨਾਅਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਅਤੇ ਧਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਉਸਨੇ ਬੰਬ ਬਣਾਉਣਾ ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਣਾਂ ਇਕ ਜਹਾਜਾਂ ਦੀ ਕੰਪਨੀ ਨਿਊਸਾਰਕ ਤੋਂ ਸਿੱਖਿਆ। ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। 'ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਲ ਤੇ ਫੁਰਮਾਨ ਹੋ ਗਏ'। ਸਰਾਭਾ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਨੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20,000 ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫੀਆ ਵਿਭਾਗ ਵੱਲੋਂ ਖਬਰਾਂ ਦੇ ਆਧਾਰ 'ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੇ ਗ੍ਰਿਫਤਾਰ ਕਰ ਲਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ। ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪਹੁੰਚੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸਦਾ ਇਲਾਕੇ ਵਿਚ ਪੂਰੀ ਪ੍ਰਭਾਵ ਸੀ। ਉਹ ਹਥਿਆਰ ਲੈਣ ਲਏ. ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ, 1915 ਨੂੰ ਹੋਈ ਇਕੱਤਰਤਾ ਵਿਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ 19 ਫਰਵਰੀ 1915 ਕਰ ਦਿੱਤੀ।

ਪਰ ਫਿਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫਤਾਰ ਹੋ ਗਏ। ਫੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ। ਇਸ ਲਈ ਫੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਵੱਲ ਚੱਲ ਪਏ। ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ, 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਸਨਪੁਰ ਵਿਖੇ ਘੋੜ ਸਵਾਰ ਫੌਜ-22 ਨੂੰ ਵਰਗਲਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁਕੱਦਮਾ ਚੱਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੇ ਦ੍ਰਿੜ੍ਹ ਵਿਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗਦਰੀ ਇੰਨੀ ਨਿਡਰਤਾ ਨਾਲ ਬਿਆਨ ਦਿੰਦੇ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ 19 ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗਦਰੀਆਂ ਵੱਲੋਂ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਰਘੁਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ-ਏ-ਕਾਲੇਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ। ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜਿਹੀ ਘਟਨਾ ਨਹੀਂ, ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕੱਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ:-

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ।
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ।
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।

ਅਖੀਰ 16 ਨਵੰਬਰ 1915 ਨੂੰ ਸਾਢੇ ਉਨੀ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਸਾਥੀਆਂ ਬਖਸ਼ੀਸ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸੁਰੈਣ ਸਿੰਘ-1 ਅਤੇ ਸੁਰੈਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ 'ਬਾਗੀ' ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲ੍ਹਰ ਨੂੰ ਆਖਿਆ ਕਿ ਜੇਲ੍ਹਰ ਸਾਬ ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਵੇਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਰਾ ਕਰੇਂਗੇ। ਸਰਾਭਾ ਦੀ ਯਾਦ ਵਿਚ ਉਸਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ:-

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

**- ਕਰਤਾਰ ਸਿੰਘ ਸਰਾਭਾ**

# ਹਰੇਕ ਇਨਸਾਨ ਦਾ ਗੁਰਬਾਣੀ ਨਾਲ ਜੁੜਨਾ ਜਰੂਰੀ- ਬਾਬਾ ਕੁਲਵਿੰਦਰ ਸਿੰਘ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਧਰਮ ਕੋਈ ਵੀ ਹੋਵੇ ਸਾਰੇ ਧਰਮ ਇਨਸਾਨ ਨੂੰ ਚੰਗੀ ਸਿਖਿਆ ਤੇ ਚੰਗੇ ਪਾਸੇ ਲਾਉਣ ਲਈ ਪ੍ਰੇਰਿਤ ਕਰਦੇ ਹਨ ਕਿਉਕਿ ਚੰਗਿਆਂ ਦੀ ਸੰਗਤ ਕਰਨ ਦੇ ਨਾਲ ਹਮੇਸ਼ਾਂ ਇਨਸਾਨ ਚੰਗੇ ਕਾਰਜ ਕਰਦਾ ਹੈ ਤੇ ਲੋੜਬੰਦਾਂ ਦੀ ਮਦਦ ਕਰਨ ਲਈ ਤੱਤਪਰ ਰਹਿੰਦਾ ਹੈ ਤੇ ਜੋ ਵੀ ਇਨਸਾਨ ਜੁੱਗੋ ਜੁੱਗ ਅਟੱਲ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਦਾ ਹੈ ਉਹ ਹਮੇਸ਼ਾਂ ਬੁਲੰਦੀਆਂ ਸਰ ਕਰਦਾ ਹੈ ਇਸ ਲਈ ਅੱਜ ਦੇ ਸਮੇਂ ਚ ਹਰੇਕ ਇਨਸਾਨ ਦਾ ਗੁਰਬਾਣੀ ਨਾਲ ਜੁੜਨਾ ਬੇਹੱਦ ਜਰੂਰੀ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਬਾਬਾ ਕੁਲਵਿੰਦਰ ਸਿੰਘ ਚੱਕਦਾਨਾ ਮੁੱਖ ਸੇਵਾਦਾਰ ਬਾਬਾ ਵਡਭਾਗ ਸਿੰਘ ਯੂਕੇ ਨੇ ਸਾਦੇ ਸਮਾਗਮ ਦੋਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ ਇਸ ਮੋਕੇ ਬਾਬਾ ਕੁਲਵਿੰਦਰ ਸਿੰਘ ਨੇ ਆਖਿਆ ਕਿ ਕਿਸੇ ਭੁੱਲੇ ਭਟਕੇ ਇਨਸਾਨ ਨੂੰ ਕੋਈ ਗੁਰੂ ਘਰ ਦਾ ਪ੍ਰੇਮੀ ਚੰਗੇ ਪਾਸੇ ਲਾਉਦਾ ਹੈ ਤੇ ਉਹ ਭੁਲਿਆ ਹੋਇਆ ਇਨਸਾਨ ਤਾਂ ਚੰਗੇ ਰਸਤੇ ਆ ਹੀ ਜਾਂਦਾ ਤੇ ਉਸ ਨੂੰ ਚੰਗੇ ਪਾਸੇ ਲਾਉਣ ਵਾਲੇ ਤੇ ਅਕਾਲ ਪੁਰਖ ਹਮੇਸ਼ਾਂ ਦਇਆ ਬਾਨ ਰਹਿੰਦਾ ਹੈ ਅਗਰ ਆਪਾਂ ਕਿਸੇ ਧਾਰਮਿਕ ਸਮਾਗਮ ਤੇ ਜਾਂਦੇ ਹਾਂ ਤਾਂ ਉਥੇ ਗੁਰੂ ਘਰ ਦੇ ਗ੍ਰੰਥੀ ਸਾਹਿਬ ਜਾਂ ਕਥਾ ਕੀਰਤਨ ਜਾਂ ਕਲਾਕਾਰ ਵੀ ਗੁਰਬਾਣੀ ਰਾਂਹੀ ਸਾਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕਰਦੇ ਹਨ ਤੇ ਸਾਨੂੰ ਸਮੇਂ ਵਿਚੋ ਸਮਾਂ ਕੱਢ ਕੇ ਧਾਰੁਮਿਕ ਸਥਾਨਾਂ ਅਤੇ ਧਾਰਮਿਕ ਸਮਾਗਮਾਂ ਚ ਜਰੂਰ ਜਾਣਾ ਚਾਹੀਦਾ ਹੈ ਤੇ ਬਾਕੀ ਲੋਕਾਂ ਨੂੰ ਵੀ ਇਸ ਪਾਸੇ ਲਾਉਣਦਾ ਉਪਰਾਲਾ ਕਰਨਾ ਚਾਹੀਦਾ ਹੈ ਕਿਉਕਿ ਇਹ ਸਾਡਾ ਮੁਢਲਾ ਫਰਜ ਹੈ ਜਿਸ ਅਕਾਲ ਪੁਰਖ ਨੇ ਸਾਨੂੰ ਇਨਸਾਨੀ ਜਾਮਾ ਦਿਤਾ ਉਸ ਸ਼ੁਕਰਾਨਾ ਕਰਨਾ ਚਾਹੀਦਾ ਹੈ ਇਸ ਮੋਕੇ ਬਾਬਾ ਕੁਲਵਿੰਦਰ ਸਿੰਘ ਵਲੋਂ ਲੋਕ ਗਾਇਕ ਰੂਪ ਲਾਲ ਧੀਰ,ਗਾਇਕ ਹਰਦੇਵ ਚਾਹਲ ਹੋਰ ਕੀਰਤਨੀ ਜਥਿਆਂ ਦਾ ਵਿਸੇਸ਼ ਸਨਮਾਨ ਕੀਤਾ ਸਮਾਗਮ ਦੋਰਾਨ ਹੋਰ ਸੰਗਤਾ ਹਾਜਰ ਸਨ।



# ਗਾਇਕਾ ਰਿਧੀ ਬੰਗਾ ਦਾ, ਸਿਖਿਆ, ਟਰੈਕ ਰਿਲੀਜ ਲਈ ਤਿਆਰ




**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**- ਭਾਰਤ ਰਤਨ ਡਾ.ਭੀਮ ਰਾਓ ਜੀ ਅੰਬੇਡਕਰ ਸਾਹਿਬ ਦੇ ਸੰਵਿਧਾਨ ਮੁਤਾਬਕ ਲੋਕਾਂ ਨੂੰ ਇਨਸਾਫ ਦਿਵਾਉਣ ਵਾਲੀ ਐਡਵੋਕੇਟ ਤੇ ਸੁਰੀਲੀ ਗਾਇਕਾ ਰਿਧੀ ਬੰਗਾ ਵਲੋ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ ਬੀਆਰ ਅੰਬੇਦਕਰ ਜੀ ਦੇ ਪ੍ਰਨਿਰਵਾਣ ਦਿਵਸ ਤੇ ਮਿਸ਼ਨਰੀ ਟਰੈਕ, ਸਿਖਿਆ, ਸ਼ੇਰਨੀ ਦਾ ਦੁੱਧ-2 ਬਿਲਕੁਲ ਤਿਆਰ ਹੈ ਤੇ ਤਿੰਨ ਦਸੰਬਰ ਨੂੰ ਰਿਲੀਜ ਕੀਤਾ ਜਾ ਰਿਹਾ ਏ ਜਾਣਕਾਰੀ ਦਿੰਦੇ ਹੋਏ ਰਿਧੀ ਬੰਗਾ ਨੇ ਦੱਸਿਆ ਕਿ ਇਸ ਰਚਨਾ ਨੂੰ ਮਿਸ਼ਨਰੀ ਅਤੇ ਕ੍ਰਾਂਤੀਕਾਰੀ ਲੇਖਕ ਰਾਜਵੀਰ ਗੰਗੜ ਯੂਐਸਏ ਨੇ ਕਲਮਬੱਧ ਕੀਤਾ ਤੇ ਇਸ ਦਾ ਸੰਗੀਤ ਮੈਲੋਡੀ ਬੀਟਸ ਨੇ ਤਿਆਰ ਕੀਤਾ ਤੇ ਇਸਦੀ ਵੀਡੀਓ ਆਰਕੇ ਬਾਂਸਲ ਨੇ ਕੀਤੀ ਹੈ ਇਸ ਨੂੰ ਗਾਇਕ ਰਿਕੀ ਮਨ ਵਲੋ ਕੰਪੋਜ ਕੀਤਾ ਗਿਆ ਇਸ ਟਰੈਕ ਨੂੰ ਮਨੀ ਚੋਹਾਨ ਦੀ ਅਗਵਾਈ ਚ ਨਾਮਵਰ ਕੰਪਨੀ ਅਸ਼ੋਕਾ ਇੰਟਰਟੇਨਰਜ ਵਲੋਂ ਤਿੰਨ ਦਸੰਬਰ ਸਵੇਰੇ ਅੱਠ ਵਜੇ ਵਰਲਡ ਲੇਬਲ ਤੇ ਨਾਮਵਰ ਸ਼ਖਸ਼ੀਅਤਾਂ ਵਲੋਂ ਸਰੋਤਿਆਂ ਦੇ ਸਨਮੁੱਖ ਕਰ ਦਿਤਾ ਜਾਵੇਗਾ ਧੰਨਵਾਦ ਏ ਸਾਰੇ ਸਰੋਤਿਆਂ ਦਾ ਜੋ ਸਾਡੇ ਸਮਾਜ ਦੇ ਮਹਾਨ ਰਹਿਬਰਾਂ ਦੇ ਮਿਸ਼ਨ ਤੇ ਅਧਾਰਤ ਆ ਰਹੇ ਗੀਤਾਂ ਨੂੰ ਬੜਾ ਪਸੰਦ ਕਰ ਰਹੇ ਹਨ ਤੇ ਪਵਨ ਦਦਰਾਲ,ਰਾਜਵੀਰ ਗੰਗੜ,ਰਿੱਕੀ ਮਨ,ਸੁਮਿਤ ਰੱਤੂ ਜੋ ਸਮੇਂ ਸਮੇ ਤੇ ਬੜਾ ਸਾਥ ਦਿੰਦੇ ਹਨ ਤੇ ਆ ਕਰਦੀ ਹਾਂ ਕਿ ਇਸ ਟਰੈਕ ਨੂੰ ਮਿਸ਼ਨਰੀ ਸਰੋਤੇ ਜਰੂਰ ਮਾਣਸਤਿਕਾਰ ਦੇਣਗੇ।

# ਭਾਰਤ ਵਿਚ ਘਟਦੀ ਜਣਨ ਦਰ ਅਤੇ ਆਬਾਦੀ



ਡਾ. ਗੁਰਿੰਦਰ ਕੌਰ
001-408-493-9776

ਨੈਸ਼ਨਲ ਫੈਮਿਲੀ ਹੈਲਥ ਸਰਵੇ-5 (2019-21) ਦੁਆਰਾ ਇਕੱਠੇ ਕੀਤੇ ਗਏ ਅੰਕੜਿਆਂ ਦੀ ਦੂਜੀ ਕਿਸ਼ਤ 24 ਨਵੰਬਰ 2021 ਨੂੰ ਜਾਰੀ ਕੀਤੀ ਗਈ ਹੈ। ਇਹ ਸਰਵੇ ਕਰੋਨਾ ਮਹਾਮਾਰੀ ਕਾਰਨ ਦੋ ਕਿਸ਼ਤਾਂ ਵਿਚ ਕਰਨਾ ਪਿਆ। ਮਾਰਚ 2020 ਵਿਚ ਨੈਸ਼ਨਲ ਫੈਮਿਲੀ ਹੈਥਲ ਸਰਵੇ-5 ਚਲ ਰਿਹਾ ਸੀ, ਪਰ ਇਸ ਨੂੰ ਇਕਦਮ ਕਰੋਨਾ ਕਾਰਨ ਹੋਏ ਲੌਕਡਾਊਨ ਕਾਰਨ ਬੰਦ ਕਰਨਾ ਪਿਆ। ਇਸ ਲਈ ਇਸ ਦੀ ਪਹਿਲੀ ਕਿਸ਼ਤ ਵਿਚ 22 ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਦੇ ਅੰਕੜੇ ਜੋ ਕਰੋਨਾ ਮਹਾਮਾਰੀ ਤੋਂ ਪਹਿਲਾਂ ਇੱਕਠੇ ਕੀਤੇ ਸਨ ਉਹ ਦਸੰਬਰ 2020 ਵਿਚ ਜਾਰੀ ਕਰ ਦਿੱਤੇ ਸਨ।

ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ ਭਾਰਤ ਵਿਚ ਪਹਿਲੀ ਵਾਰ ਜਣਨ ਦਰ ਬਦਲਵੇਂ ਪੱਧਰ (ਰਿਪਲੇਸਮੈਂਟ ਰੇਸ਼ੋ) 2.1 ਤੋਂ ਹੇਠਾਂ ਆ ਗਈ ਹੈ। ਦੇਸ ਦੀ ਜਣਨ ਦਰ ਇਸ ਸਰਵੇ ਅਨੁਸਾਰ ਹੁਣ ਘਟ ਕੇ ਸਿਰਫ਼ 2.0 ਰਹਿ ਗਈ ਹੈ ਜੋ ਨੈਸ਼ਨਲ ਫੈਮਿਲੀ ਹੈਲਥ ਸਰਵੇ-4 (2015-2016) ਵਿਚ 2.2 ਅਤੇ ਤੀਜੇ ਸਰਵੇ (2005-2006) ਵਿਚ 2.7 ਸੀ। ਜਣਨ ਦਰ ਸ਼ਹਿਰੀ ਖੇਤਰਾਂ ਵਿਚ 1.6 ਆਂਕੀ ਗਈ ਹੈ ਜਦੋਂਕਿ ਪੇਂਡੂ ਖੇਤਰਾਂ ਵਿਚ ਹਾਲੇ ਵੀ 2.1 ਹੈ ਜੋ ਕਿ ਬਦਲਵੇਂ ਪੱਧਰ ਦੇ ਬਰਾਬਰ ਹੀ ਹੈ। ਇਸ ਸਰਵੇ ਅਨੁਸਾਰ ਦੇਸ ਦੇ ਸਿਰਫ਼ ਪੰਜ ਰਾਜਾਂ ਬਿਹਾਰ (3.0), ਮੇਘਾਲਿਆ (2.9), ਉੱਤਰ ਪ੍ਰਦੇਸ਼ (2.7), ਝਾਰਖੰਡ (2.4), ਅਤੇ ਮਨੀਪੁਰ ਵਿਚ (2.2) ਮੁਕਾਬਲਤਨ ਉੱਚੀ (ਜਣਨ ਦਰ) ਰਿਕਾਰਡ ਕੀਤੀ ਗਈ ਹੈ ਜੋ ਬਦਲਵੇਂ ਪੱਧਰ ਤੋਂ ਉੱਪਰ ਹੈ।

ਭਾਵੇਂ ਇਨ੍ਹਾਂ ਪੰਜਾ ਰਾਜਾਂ ਵਿਚ ਜਣਨ ਦਰ ਬਦਲਵੇਂ ਪੱਧਰ ਤੋਂ ਉੱਪਰ ਰਿਕਾਰਡ ਕੀਤੀ ਗਈ ਹੈ ਪਰ ਇਸ ਦਾ ਸਕਾਰਾਤਮਕ ਪੱਖ ਇਹ ਹੈ ਕਿ ਇਹ ਚੌਥੇ ਨੈਸ਼ਨਲ ਫੈਮਿਲੀ ਹੈਲਥ ਸਰਵੇ ਨਾਲੋਂ ਘੱਟ ਹੈ। ਸਿਕਮ ਵਿਚ ਜਣਨ ਦਰ ਸਿਰਫ਼ 1.1 ਰਿਕਾਰਡ ਕੀਤੀ ਗਈ ਹੈ ਜੋ ਦੇਸ ਦੇ ਸਭ ਰਾਜਾਂ ਅਤੇ ਕੇਂਦਰੀ ਸ਼ਾਸ਼ਤ ਰਾਜਾਂ ਨਾਲੋਂ ਘੱਟ ਹੈ। ਜਣਨ ਦਰ ਦਾ ਬਦਲਵੇਂ ਪੱਧਰ ਤੋਂ ਘਟਣਾ ਆਬਾਦੀ ਦੇ ਵਾਧੇ ਉੱਤੇ ਕਾਬੂ ਪਾਉਣ ਵਾਲੇ ਉਪਰਾਲਿਆਂ ਦੇ ਅਸਰ ਦੀ ਇਕ ਝਲਕ ਵੱਲ ਇਸ਼ਾਰਾ ਕਰਦਾ ਨਜ਼ਰ ਆਉਂਦਾ ਹੈ।

ਜਣਨ ਦਰ ਦਾ ਮਤਲਬ ਇਕ ਜੋੜਾ (ਪਤੀ-ਪਤਨੀ) ਜਾਂ ਮਾਂ-ਬਾਪ ਦਾ ਬਦਲ ਉਨ੍ਹਾਂ ਦੇ ਦੋ ਬੱਚੇ, ਜੇਕਰ ਇਕ ਜੋੜੇ ਦੇ ਬੱਚੇ ਦੋ ਤੋਂ ਵੱਧ ਹਨ ਤਾਂ ਉਸ ਨਾਲ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਦੋ ਤੋਂ ਘੱਟ ਬੱਚੇ ਹੋਣ ਦੀ ਸੂਰਤ ਵਿਚ ਆਬਾਦੀ ਵਧੇਗੀ ਤਾਂ ਜ਼ਰੂਰ, ਪਰ ਘਟਦੀ ਹੋਈ ਦਰ ਉੱਤੇ। ਸਿੱਕਮ, ਲੱਦਾਖ, ਗੋਆ, ਅੰਡੇਮਾਨ ਅਤੇ ਨਿਕੋਬਾਰ, ਲਕਸ਼ਦੀਪ, ਜੰਮੂ ਅਤੇ ਕਸ਼ਮੀਰ, ਅਤੇ ਚੰਡੀਗੜ੍ਹ ਵਿਚ ਤਾਂ ਜਣਨ ਦਰ 1.5 ਤੋਂ ਵੀ ਘੱਟ ਹੈ। ਮਹਾਰਾਸ਼ਟਰ ਅਤੇ ਰਾਜਸਥਾਨ ਵਿਚ ਜਣਨ ਦਰ 2 ਹੈ ਜੋ ਨੈਸ਼ਨਲ ਔਸਤ ਦੇ ਬਰਾਬਰ ਹੈ ਜਦੋਂਕਿ ਇਹ ਦਰ ਬਾਕੀ 22 ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਵਿਚ 1.6 ਤੋਂ ਲੈ ਕੇ 1.9 ਤੱਕ ਆਂਕੀ ਗਈ ਹੈ।

1947 ਵਿਚ ਦੇਸ ਦੀ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਵਧ ਰਹੀ ਆਬਾਦੀ ਦੀ ਸਮੱਸਿਆ ਸਰਕਾਰਾਂ ਲਈ ਹਮੇਸ਼ਾ ਹੀ ਚਿੰਤਾ ਦਾ ਵਿਸ਼ਾ ਰਿਹਾ ਹੈ। ਇਸ ਲਈ ਪਰਿਵਾਰ ਨਿਯੋਜਨ ਸੰਬੰਧੀ ਪਹਿਲੀ ਯੋਜਨਾ 1952 ਵਿੱਚ ਹੀ ਵਿਉਂਤ ਲਈ ਗਈ ਸੀ। ਸਮੇਂ ਦੀਆਂ ਸਰਕਾਰਾਂ ਉਸ ਨੂੰ ਆਪਣੇ ਵੋਟ ਬੈਂਕ ਦੇ ਡਰੋਂ ਲਾਗੂ ਕਰਨ ਲਈ ਢਿੱਲ-ਮੱਠ ਕਰਦੀਆਂ ਰਹੀਆਂ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1972 ਵਿਚ ਇਕ ਵਿਵਾਦਪੂਰਨ ਜਨਤਕ ਨਸਬੰਦੀ ਦੀ ਮੁਹਿੰਮ ਚਲਾਈ ਸੀ। ਉਸ ਨਾਲ ਆਬਾਦੀ ਦਾ ਵਾਧਾ ਤਾਂ ਕਾਬੂ ਵਿਚ ਨਹੀਂ ਆਇਆ, ਪਰ ਉਨ੍ਹਾਂ ਨੂੰ ਸਿਆਸੀ ਤੌਰ ਉੱਤੇ ਬਹੁਤ ਨੁਕਸਾਨ ਹੋਇਆ।

1950 ਵਿਚ ਦੇਸ ਵਿਚ ਔਸਤ ਜਣਨ ਦਰ 5.90 ਸੀ ਜਿਸ ਦਾ ਮਤਲਬ ਸੀ ਆਮ ਘਰਾਂ ਵਿਚ ਔਸਤਨ 6 ਬੱਚੇ ਹੁੰਦੇ ਸਨ। ਔਸਤ ਜਣਨ ਦਰ ਉਸ ਤੋਂ ਬਾਅਦ ਹਰ ਦਹਾਕੇ ਵਿਚ ਪਹਿਲੇ ਨਾਲੋਂ ਘਟਦੀ ਤਾਂ ਰਹੀ, ਪਰ ਬਹੁਤ ਹੀ ਸੁਸਤ ਗਤੀ ਨਾਲ। 1950 ਤੋਂ 2021 ਤੱਕ ਦੇ ਲੰਬੇ ਅਰਸੇ ਵਿਚ ਜਣਨ ਦਰ 5.90 ਤੋਂ ਘਟ ਕੇ 2.0 ਰਹਿ ਗਈ ਹੈ ਜੋ ਦੇਸ ਲਈ ਰਾਹਤ ਦੀ ਗੱਲ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਦੇਸ ਦੀ ਆਬਾਦੀ ਤੇਜ਼ੀ ਨਾਲ ਘਟਣੀ ਸ਼ੁਰੂ ਹੋ ਜਾਵੇਗੀ। ਹਾਲੇ ਤਾਂ ਦੇਸ ਨੇ ਸਥਿਰਤਾ ਦਾ ਟੀਚਾ ਹਾਸਲ ਕੀਤਾ ਹੈ। ਲੈਨਸੈੱਟ ਰਸਾਲੇ ਵਿਚ ਛਪੀ ਇਕ ਖੋਜ ਅਨੁਸਾਰ ਜੇਕਰ ਭਾਰਤ ਦੀ ਜਣਨ ਦਰ ਮੌਜੂਦਾ ਰਫਤਾਰ ਨਾਲ ਘਟਦੀ ਰਹੀ ਤਾਂ ਵੀ ਹੁਣ ਤੋਂ 80 ਸਾਲ ਬਾਅਦ (ਸਦੀ ਅੰਤ ਤੱਕ) ਦੇਸ ਆਬਾਦੀ ਘਟ ਕੇ 100 ਕਰੋੜ ਰਹਿ ਜਾਵੇਗੀ ਜੋਕਿ ਕਈ ਦੇਸਾਂ ਦੀ ਆਬਾਦੀ ਦੇ ਬਰਾਬਰ ਹੋਵੇਗੀ। ਇਸ ਖੋਜ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਉਸ ਸਮੇਂ ਤੱਕ ਜਣਨ ਦਰ 2.0 ਤੋਂ ਘਟ ਕੇ 1.27 ਹੀ ਰਹਿ ਜਾਵੇਗੀ।



ਸੰਯੁਕਤ ਰਾਸ਼ਟਰ ਦੀ 'ਵਰਲਡ ਪਾਪੂਲੇਸ਼ਨ ਡੈਟਾ ਸ਼ੀਟ, 2021' ਅਨੁਸਾਰ ਭਾਰਤ ਦੀ ਆਬਾਦੀ 2024 ਤੋਂ 2028 ਤੱਕ ਚੀਨ ਦੀ ਆਬਾਦੀ ਤੋਂ ਵਧ ਜਾਵੇਗੀ ਅਤੇ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ ਬਣ ਜਾਵੇਗਾ। ਭਾਰਤ ਵਿਚ ਜਣਨ ਦਰ ਦਾ ਬਦਲਾਅ ਪੱਧਰ ਤੋਂ ਘਟਣਾ ਭਾਵੇਂ ਆਬਾਦੀ ਦੇ ਵਾਧੇ ਉੱਤੇ ਕਾਬੂ ਪਾਉਣ ਵਾਲਾ ਇਕ ਬਹੁਤ ਹੀ ਅਹਿਮ ਸੂਚਕ ਹੈ, ਇਸ ਨਾਲ ਦੇਸ ਦੁਨੀਆ ਦਾ ਆਬਾਦੀ ਦੇ ਲਿਹਾਜ਼ ਨਾਲ ਪਹਿਲੇ ਦਰਜੇ ਉੱਤੇ ਆਉਣ ਦੇ ਸਮੇਂ ਨੂੰ ਕੁਝ ਹੋਰ ਸਾਲਾਂ ਤੱਕ ਟਾਲ ਤਾਂ ਸਕਦਾ ਹੈ, ਪਰ ਇਸ ਤੋਂ ਖਹਿੜਾ ਛੁਡਾਉਣ ਲਈ ਹੋਰ ਵੀ ਬਹੁਤ ਉਪਰਾਲੇ ਕਰਨ ਦੀ ਜ਼ਰੂਰਤ ਹੈ।

ਵਰਤਮਾਨ ਸਰਵੇ ਅਨੁਸਾਰ ਜਣਨ ਦਰ ਵਿਚ ਕਮੀ ਆਉਣ ਦਾ ਕਾਰਨ ਕਈ ਤਰ੍ਹਾਂ ਦੇ ਗਰਭ ਨਿਰਧੋਕਾਂ ਦੀ ਵਰਤੋਂ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ-4 ਨਾਲੋਂ 5 ਤੱਕ ਗਰਭ ਨਿਰੋਧਕਾਂ ਦੀ ਵਰਤੋਂ ਕਰਨ ਵਾਲਿਆਂ ਵਿਚ 13 ਫ਼ੀਸਦ ਵਾਧਾ ਹੋਇਆ ਹੈ। ਹੁਣ ਦੇਸ ਵਿਚ ਔਸਤਨ 67 ਫ਼ੀਸਦ ਲੋਕ ਗਰਭ ਨਿਰੋਧਕਾਂ ਦੀ ਵਰਤੋਂ ਕਰ ਰਹੇ ਅਤੇ 89 ਫ਼ੀਸਦ ਲੋਕ ਬੱਚੇ ਦੀ ਪੈਦਾਇਸ਼ ਹਸਪਤਾਲ ਵਿਚ ਕਰਵਾ ਰਹੇ ਹਨ। ਇਸ ਦੇ ਨਾਲ ਨਾਲ 76 ਫ਼ੀਸਦ ਬੱਚਿਆਂ ਦਾ ਟੀਕਾਕਰਨ ਸਮੇਂ ਨਾਲ ਹੋ ਰਿਹਾ ਹੈ ਜਿਸ ਨਾਲ ਬੱਚਿਆਂ ਦੀ ਮੌਤ ਦਰ ਵੀ ਤੇਜੀ ਨਾਲ ਘਟੀ ਹੈ।

ਔਰਤਾਂ ਦੀ ਹਿੱਸੇਦਾਰੀ ਨਸਬੰਦੀ ਦੇ ਮਾਮਲੇ ਵਿਚ ਮਰਦਾਂ ਨਾਲੋਂ ਜ਼ਿਆਦਾ ਹੈ। ਇਹ 2015-2016 ਦੇ 36 ਫ਼ੀਸਦ ਹਿੱਸੇ ਤੋਂ ਵਧ ਕੇ 38 ਫ਼ੀਸਦ ਹੋ ਗਈ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਆਬਾਦੀ ਉੱਤੇ ਕਾਬੂ ਪਾਉਣ ਲਈ ਜਣਨ ਦਰ ਦਾ ਘਟਣਾ ਇਕ ਅਹਿਮ ਪਹਿਲੂ ਹੈ, ਪਰ ਇਸ ਦੇ ਨਾਲ ਬੱਚਿਆਂ ਦੀ ਮੌਤ ਜਨਮ ਲੈਣ ਸਮੇਂ ਜਾਂ ਛੋਟੀ ਉਮਰ ਵਿਚ ਹੋਣਾ ਵੀ ਆਬਾਦੀ ਦੇ ਵਾਧੇ ਉੱਤੇ ਅਸਰ ਪਾਉਂਦੀ ਹੈ ਕਿਉਂਕਿ ਜੇਕਰ ਬੱਚਾ ਛੇਤੀ ਮਰ ਜਾਂਦਾ ਹੈ ਜਾਂ ਦੇਸ ਵਿਚ ਬਾਲ ਮੌਤ ਜ਼ਿਆਦਾ ਹੈ ਤਾਂ ਉਸ ਦਾ ਪ੍ਰਭਾਵ ਜਨਮ ਅਤੇ ਜਣਨ ਦਰ ਦੋਹਾਂ ਉੱਤੇ ਪਵੇਗਾ। ਇਸ ਤਰ੍ਹਾਂ ਦੇ ਵਰਤਾਰੇ ਨਾਲ ਦੋਵੇਂ ਹੀ ਵਧ ਜਾਣਗੇ ਕਿਉਂਕਿ ਮਾਪਿਆਂ ਨੂੰ ਹਮੇਸ਼ਾਂ ਖ਼ਤਰਾ ਰਹੇਗਾ ਕਿ ਬੱਚੇ ਘੱਟ ਹੋਣ ਦੀ ਸੂਰਤ ਵਿਚ ਉਹ ਕਿਧਰੇ ਬੱਚਿਆਂ-ਵਿਹੂਣੇ ਨਾ ਰਹਿ ਜਾਣ।

ਬੱਚਿਆਂ ਦੀ ਖ਼ੁਰਾਕ ਵਿਚ ਪੋਸ਼ਟਿਕ ਤੱਤਾਂ ਦੀ ਘਾਟ ਕਾਰਨ ਉਨ੍ਹਾਂ ਦਾ ਪੂਰਨ ਵਿਕਾਸ ਨਹੀਂ ਹੋ ਰਿਹਾ ਹੈ ਜਿਸ ਕਾਰਨ ਭਾਰਤ ਦੇ 36 ਫ਼ੀਸਦ ਬੱਚਿਆਂ ਦਾ ਵਾਧਾ ਉਨ੍ਹਾਂ ਦੀ ਉਮਰ ਅਤੇ ਲੋੜ ਅਨੁਸਾਰ ਨਹੀਂ ਹੋ ਰਿਹਾ ਹੈ। ਦੇਸ ਵਿਚ ਹਾਲੇ 67.1 ਫ਼ੀਸਦ ਬੱਚੇ ਅਨੀਮਿਕ ਹਨ। ਔਰਤਾਂ ਵਿਚ ਇਹ ਮਾਤਰਾ 57 ਫ਼ੀਸਦ ਅਤੇ ਮਰਦਾ ਵਿਚ 25 ਫ਼ੀਸਦ ਹੈ। ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਇਹ ਫ਼ੀਸਦੀ 2015-2016 ਨਾਲੋਂ ਬੱਚਿਆਂ ਵਿਚ 8.5 ਫ਼ੀਸਦ, ਔਰਤਾਂ ਵਿਚ 4 ਫ਼ੀਸਦ ਅਤੇ ਮਰਦਾਂ 2 ਫ਼ੀਸਦ ਵਧੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ ਅਨੀਮੀਆ ਤੋਂ ਪ੍ਰਭਾਵਿਤ ਆਬਾਦੀ ਸੰਬੰਧੀ ਨਿਰਾਸ਼ਾਜਨਕ ਸੁਨੇਹਾ ਮਿਲ ਰਿਹਾ ਹੈ ਕਿ ਬੱਚਿਆਂ ਦਾ 67 ਫ਼ੀਸਦ ਅਤੇ ਔਰਤਾਂ ਦਾ 57 ਫ਼ੀਸਦ ਹਿੱਸਾ ਪੋਸ਼ਟਿਕ ਭੋਜਨ ਦੀ ਘਾਟ ਕਾਰਨ ਅਨੀਮੀਏ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਅਜਿਹੀਆਂ ਮਾਵਾਂ ਅਤੇ ਬੱਚੇ ਦੇਸ ਦਾ ਸੁਨਹਿਰੀ ਭਵਿੱਖ ਕਿਵੇਂ ਸਿਰਜ ਸਕਦੇ ਹਨ!

ਭਾਵੇਂ ਦੇਸ ਵਿਚ ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵੱਧ ਰਿਕਾਰਡ ਕੀਤੀ ਗਈ ਹੈ, ਪਰ ਇਹ ਆਮ ਤੌਰ ਉੱਤੇ ਜਨਗਣਨਾ ਦੇ ਅੰਕੜਿਆਂ ਨਾਲੋਂ ਜ਼ਿਆਦਾ ਦਰਸਾਉਂਦੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ ਪਹਿਲੇ (1992-93) ਵਿਚ 1000 ਮਰਦਾਂ ਦੇ 957 ਔਰਤਾਂ ਜਦੋਂ ਕਿ 1991 ਦੀ ਜਨਗਣਨਾ ਦੇ ਅੰਕੜਿਆਂ ਅਨੁਸਾਰ 927 ਔਰਤਾਂ ਸੀ। ਇਸੇ ਤਰ੍ਹਾਂ 1998-99 ਦੇ ਨੈਸ਼ਨਲ ਫੈਮਿਲੀ ਹੈਲਥ ਸਰਵੇ ਦੂਜੇ ਅਨੁਸਾਰ ਔਰਤਾਂ ਦੀ ਗਿਣਤੀ 1000 ਮਰਦਾਂ ਪਿੱਛੇ 960 ਜਦੋਂ ਕਿ 2001 ਦੀ ਜਨਗਣਨਾ ਦੇ ਅੰਕੜਿਆਂ ਅਨੁਸਾਰ 933 ਸੀ ਅਤੇ 2015-2016 (ਚੌਥਾ ਨੈਸ਼ਨਲ ਫੈਮਿਲੀ ਹੈਲਥ ਸਰਵੇ) ਵਿਚ ਔਰਤਾਂ ਦੀ ਗਿਣਤੀ 991 ਸੀ ਜਦੋਂ ਕਿ 2011 ਦੀ ਜਨਗਣਨਾ ਅਨੁਸਾਰ 943 ਸੀ। ਇਨ੍ਹਾਂ ਸਾਰੇ ਅੰਕੜਿਆਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਔਰਤਾਂ ਦੀ ਗਿਣਤੀ ਵਿਚ ਹੌਲੀ ਹੌਲੀ ਵਾਧਾ ਤਾਂ ਹੋ ਰਿਹਾ, ਪਰ ਹਾਲੇ ਮਰਦਾਂ ਦੇ ਬਰਾਬਰ ਪਹੁੰਚਣ ਲਈ ਸ਼ਾਇਦ ਕੁਝ ਸਮਾਂ ਹੋਰ ਲੱਗੇਗਾ।

ਜਣਨ ਦਰ ਘਟਣ ਨਾਲ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਫ਼ੀਸਦ ਗਿਣਤੀ ਕੁੱਲ ਆਬਾਦੀ ਵਿਚ ਤੇਜ਼ੀ ਨਾਲ ਘਟ ਰਹੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ ਪਹਿਲੇ (1992-93) ਅਨੁਸਾਰ ਇਸ ਉਮਰ ਦੀ ਬੱਚਿਆਂ ਦੀ ਆਬਾਦੀ 38 ਫ਼ੀਸਦ ਸੀ ਜਿਹੜੀ ਹੁਣ ਘਟ ਕੇ 26.5 ਫ਼ੀਸਦ ਰਹਿ ਗਈ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਭਾਰਤ ਦੀ ਆਬਾਦੀ ਘਟਦੀ ਹੋਈ ਦਰ ਉੱਤੇ ਵਧੇਗੀ ਜਿਸ ਦਾ ਦੇਸ ਦੇ ਆਰਥਿਕ ਅਤੇ ਸਮਾਜਿਕ ਤਾਣੇ-ਬਾਣੇ ਉੱਪਰ ਬਹੁਤ ਅਸਰ ਪਵੇਗਾ।

ਜਣਨ ਦਰ ਦੇ ਬਦਲਾਅ ਪੱਧਰ ਤੋਂ ਥੱਲੇ ਆਉਣ ਦਾ ਇਕ ਕਾਰਨ ਸਰਕਾਰ ਦੇ ਪਰਿਵਾਰ ਨਿਯੋਜਨ ਦੇ ਪ੍ਰੋਗਰਾਮ ਤੋਂ ਬਿਨਾਂ ਲੋਕਾਂ ਦਾ ਛੋਟੇ ਪਰਿਵਾਰਾਂ ਬਾਰੇ ਆਪਣਾ ਨਜ਼ਰੀਆ ਅਤੇ ਸੋਚ ਵੀ ਹੈ। ਭਾਰਤ ਵਿਚ ਚੀਨ ਵਾਂਗ 'ਇਕ ਬੱਚੇ ਵਰਗੀ' ਭਾਵੇਂ ਕੋਈ ਵੀ ਯੋਜਨਾ ਲੋਕਾਂ ਉੱਤੇ ਜ਼ਬਰਦਸਤੀ ਨਹੀਂ ਥੋਪੀ ਗਈ, ਪਰ ਫਿਰ ਵੀ ਦੇਸ ਦੇ 29 ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਵਿਚ ਜਣਨ ਦਰ 1.1 ਤੋਂ ਲੈ ਕੇ 1.9 ਤੱਕ ਰਿਕਾਰਡ ਕੀਤੀ ਗਈ ਹੈ। ਇਸ ਤਰ੍ਹਾਂ ਲੋਕਾਂ ਦੇ ਆਪਮੁਹਾਰੇ ਇਕ ਬੱਚੇ ਦੇ ਸੀਮਤ ਪਰਿਵਾਰ ਵੱਲ ਆਉਣ ਨਾਲ ਦੇਸ ਦੀ ਸਰਕਾਰ ਲਈ ਆਬਾਦੀ ਦੇ ਵਾਧੇ ਨੂੰ ਕਾਬੂ ਕਰਨਾ ਸੌਖਾ ਹੋ ਜਾਵੇਗਾ।

ਬਿਹਾਰ, ਉੱਤਰ ਪ੍ਰਦੇਸ਼, ਅਤੇ ਝਾਰਖੰਡ ਵਰਗੇ ਰਾਜਾਂ ਵਿਚ 'ਮਿਸ਼ਨ ਪਰਿਵਾਰ ਵਿਕਾਸ' ਵਰਗੇ ਪ੍ਰੋਗਰਾਮ ਵੱਡੀ ਪੱਧਰ ਉੱਤੇ ਸੰਜੀਦਗੀ ਨਾਲ ਅਮਲ ਵਿਚ ਲਿਆਉਣ ਲਈ ਸਖ਼ਤ ਲੋੜ ਹੈ ਇਸ ਦੇ ਨਾਲ ਇਨ੍ਹਾਂ ਰਾਜਾਂ ਵਿਚ ਔਰਤਾਂ ਦੀ ਸਾਖ਼ਰਤਾ ਦਰ ਵਧਾਉਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ ਉੱਤੇ ਆਤਮ-ਨਿਰਭਰ ਬਣਾਉਣ ਲਈ ਸਰਕਾਰ ਨੂੰ ਉਚੇਚੇ ਉਪਰਾਲੇ ਕਰਨੇ ਚਾਹੀਦੇ ਹਨ। ਇਨ੍ਹਾਂ ਤਿੰਨਾਂ ਰਾਜਾਂ ਵਿਚ 40 ਤੋਂ 45 ਫ਼ੀਸਦ ਔਰਤਾਂ ਹਾਲੇ ਵੀ ਅਨਪੜ੍ਹ ਹਨ। ਆਬਾਦੀ ਦੇ ਵਾਧੇ ਉੱਤੇ ਕਾਬੂ ਪਾਉਣ ਲਈ ਔਰਤਾਂ ਅਤੇ ਬੱਚਿਆਂ ਦੀ ਖ਼ੁਰਾਕ ਵਿਚ ਪੌਸਟਿਕ ਤੱਤਾਂ ਦੀ ਭਰਪਾਈ ਲਈ ਸਰਕਾਰ ਨੂੰ ਉੱਚਿਤ ਇੰਤਜ਼ਾਮ ਕਰਨੇ ਬਣਦੇ ਹਨ। ਭਾਵੇਂ ਜਣਨ ਦਰ ਦਾ ਘੱਟ ਹੋਣਾ ਇਕ ਚੰਗਾ ਸੰਕੇਤ ਹੈ, ਪਰ ਸਾਰੇ ਰਾਜਾਂ ਵਿਚ ਬਦਲਾਅ ਦਰ ਤੋਂ ਇਸ ਨੂੰ ਹੇਠਾਂ ਵੱਲ ਲਿਜਾਣ ਲਈ ਹੋਰ ਉਪਰਾਲਿਆਂ ਦੀ ਸਖ਼ਤ ਲੋੜ ਹੈ।

# ਅਮਰੀਕਾ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿੱਚ 3 ਵਿਦਿਆਰਥੀਆਂ ਦੀ ਮੌਤ, 8 ਜ਼ਖਮੀ, ਸ਼ੱਕੀ ਨੂੰ ਹਿਰਾਸਤ ਵਿਚ ਲਿਆ

## ਰਾਸ਼ਟਰਪਤੀ ਨੇ ਪ੍ਰਗਟਾਇਆ ਅਫਸੋਸ





**ਸੈਕਰਾਮੈਂਟੋ 1 ਦਸੰਬਰ (ਹੁਸਨ ਲੜੋਆ ਬੰਗਾ)-** ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਕਾਰਨ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ ਤੇ 8 ਹੋਰ ਜ਼ਖਮੀ ਹੋ ਗਏ। ਮਾਰੇ ਗਏ ਵਿਦਿਆਰਥੀਆਂ ਵਿਚ ਇਕ ਲੜਕਾ ਤੇ ਦੋ ਲੜਕੀਆਂ ਸ਼ਾਮਿਲ ਹਨ ਜਿਨ੍ਹਾਂ ਦੀ ਉਮਰ 14 ਤੋਂ 17 ਸਾਲਾਂ ਦੇ ਦਰਮਿਆਨ ਹੈ। ਇਹ ਜਾਣਕਾਰੀ ਓਕਲੈਂਡ ਕਾਊਂਟੀ ਦੇ ਪੁਲਿਸ ਅਧਿਕਾਰੀ ਮਾਈਕਲ ਮਕੈਬ ਨੇ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਦੋ ਦੀ ਸਰਜਰੀ ਹੋਈ ਹੈ ਤੇ ਬਾਕੀ 6 ਦੀ ਹਾਲਤ ਸਥਿੱਰ ਹੈ ਜਿਨ੍ਹਾਂ ਦੇ ਸਰੀਰ ਦੇ ਵੱਖ ਵੱਖ ਹਿੱਸਿਆਂ ਵਿੱਚ ਗੋਲੀਆਂ ਵੱਜੀਆਂ ਹਨ। ਗੋਲੀ ਚੱਲਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮਿਸ਼ੀਗਨ ਦੇ ਅਟਾਰਨੀ ਜਨਰਲ ਡਾਨਾ ਨੇਸਲ ਨੇ ਮਾਰੇ ਗਏ ਵਿਦਿਆਰਥੀਆਂ ਦੇ ਮਾਪਿਆਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਸ ਦੇ ਵਿਭਾਗ ਨੇ ਘਟਨਾ ਦੀ ਜਾਂਚ ਲਈ ਸਥਾਨਕ ਪੁਲਿਸ ਅਧਿਕਾਰੀਆਂ ਨੂੰ ਹਰ ਤਰਾਂ ਦੀ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਨੇਸਲ ਨੇ ਕਿਹਾ ਹੈ ਕਿ ਸਕੂਲਾਂ ਵਿਚ ਗੰਨ ਹਿੰਸਾ ਖਤਮ ਕਰਨ ਲਈ ਸਾਨੂੰ ਉਚਿੱਤ ਢੰਗ ਤਰੀਕੇ ਅਪਣਾਉਣੇ ਪੈਣਗੇ।

**ਰਾਸ਼ਟਰਪਤੀ ਵੱਲੋਂ ਦੁੱਖ ਦਾ ਪ੍ਰਗਟਾਵਾ**

ਰਾਸ਼ਟਰਪਤੀ ਜੋ ਬਾਈਡਨ ਨੇ ਸਕੂਲ ਵਿਚ ਗੋਲੀਬਾਰੀ ਦੀ ਘਟਨਾ ਵਾਪਰਨ ਉਪਰ ਅਫਸੋਸ ਪ੍ਰਗਟ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਹੈ ਕਿ ਮੇਰੇ ਡਕੋਟਾ ਟੈਕਨੀਕਲ ਕਾਲਜ ਦੇ ਦੌਰੇ ਤੋਂ ਬਾਅਦ ਮੈਨੂੰ ਆਕਸਫੋਰਡ ਹਾਈ ਸਕੂਲ ਮਿਸ਼ੀਗਨ ਦੀ ਘਟਨਾ ਬਾਰੇ ਜਾਣਕਾਰੀ ਮਿਲੀ ਹੈ ਜਿਸ ਵਿਚ ਇਕ 15 ਸਾਲਾਂ ਸ਼ੱਕੀ ਵੱਲੋਂ ਗੋਲੀਆਂ ਚਲਾਉਣ ਨਾਲ 3 ਵਿਦਿਆਰਥੀ ਮਾਰੇ ਗਏ ਤੇ 8 ਹੋਰ ਜ਼ਖਮੀ ਹੋਏ ਹਨ। ਇਸ ਘਟਨਾ ਕਾਰਨ ਸਮੁੱਚੇ ਰਾਜ ਵਿਚ ਸ਼ੋਕ ਪਾਇਆ ਜਾ ਰਿਹਾ ਹੈ। ਮੇਰੀ ਪੀੜਤ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਹੈ ਤੇ ਮੈ ਉਨ੍ਹਾਂ ਦੀ ਹਰ ਮੱਦਦ ਦਾ ਭਰੋਸਾ ਦਿੰਦਾ ਹਾਂ।

**15 ਸਾਲਾ ਸ਼ੱਕੀ ਨੂੰ ਹਿਰਾਸਤ ਵਿਚ ਲਿਆ**

ਪੁਲਿਸ ਨੇ 15 ਸਾਲਾ ਸ਼ੱਕੀ ਵਿਦਿਆਰਥੀ ਨੂੰ ਹਿਰਾਸਤ ਵਿਚ ਲਿਆ ਹੈ। ਪੁਲਿਸ ਅਧਿਕਾਰੀ ਮਾਈਕਲ ਮਕੈਬ ਨੇ ਕਿਹਾ ਹੈ ਕਿ ਸ਼ੱਕੀ ਜੋ ਇਸ ਸਮੇ ਹਿਰਾਸਤ ਵਿਚ ਹੈ, ਘਟਨਾ ਦੀ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਸ਼ੱਕੀ ਦੋਸ਼ੀ ਨੇ ਗੋਲੀਆਂ ਕਿਉਂ ਚਲਾਈਆਂ ਇਸ ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਕੈਪਸ਼ਨ : ਪੁਲਿਸ ਅਧਿਕਾਰੀ ਮਾਈਕਲ ਮਕੈਬ ਸਕੂਲ ਵਿਚ ਗੋਲੀ ਚੱਲਣ ਦੀ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਤੇ ਸੱਜੇ ਗੋਲੀਬਾਰੀ ਉਪਰੰਤ ਪ੍ਰੇਸ਼ਾਨ ਨਜਰ ਆ ਰਹੇ ਮਾਪੇ।

# 3ਕਾਲੇ ਕਾਨੂੰਨਾਂ ਦੀ ਵਾਪਸੀ, ਮੋਦੀ ਭਗਤ ਅਤੇ ਗੋਦੀ ਮੀਡੀਆ


ਗੁਰਮੀਤ ਪਲਾਹੀ
91-98158-02070

ਦੇਸ਼ ਭਾਰਤ ਦੇ ਕੇਂਦਰੀ ਮੰਤਰੀ ਸਾਬਕਾ ਜਨਰਲ ਵੀ.ਕੇ. ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਤਿੰਨੋਂ ਖੇਤੀ ਕਾਨੂੰਨ ਵਾਪਿਸ ਲੈਣ ਉਪਰੰਤ ਸਵਾਲ ਖੜਾ ਕੀਤਾ ਹੈ ਕਿ ਖੇਤੀ ਕਾਨੂੰਨਾਂ 'ਚ ਸਿਵਾਏ ਕਾਲੀ ਸਿਆਹੀ ਦੇ ਕੀ ਕਾਲਾ ਸੀ? ਭਾਜਪਾ ਮੈਂਬਰ ਪਾਰਲੀਮੈਂਟ ਸਵਾਮੀ ਸਚਿਦਾਨੰਦ ਹਰੀ ਸਾਕਸ਼ੀ ਜੀ ਮਹਾਰਾਜ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਇੱਕ ਦਿਨ ਬਾਅਦ ਇੱਕ ਗੰਭੀਰ ਚਿੰਤਾਜਨਕ ਬਿਆਨ ਦਿੱਤਾ, "ਬਿੱਲ ਤਾਂ ਬਣਦੇ ਰਹਿੰਦੇ ਹਨ, ਵਿਗੜਦੇ ਰਹਿੰਦੇ ਹਨ, ਵਾਪਿਸ ਆ ਜਾਣਗੇ, ਦੋਬਾਰਾ ਬਣ ਜਾਣਗੇ, ਕੋਈ ਦੇਰ ਨਹੀਂ ਲਗਦੀ।" ਹੋਰ ਵੀ ਕਈ ਭਾਜਪਾ ਨੇਤਾਵਾਂ ਤੇ ਮੋਦੀ ਭਗਤਾਂ ਨੇ ਖੇਤੀ ਕਾਨੂੰਨਾਂ ਦੀ ਵਾਪਿਸੀ ਉਤੇ ਨਾਖੁਸ਼ੀ ਜ਼ਾਹਰ ਕੀਤੀ ਹੈ। ਪਰ ਮੁੱਢ ਤੋਂ ਕਿਸਾਨ ਹਿਮੈਤੀ ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਨੇ ਇਨ੍ਹਾਂ ਕਾਨੂੰਨਾਂ ਦੀ ਵਾਪਿਸੀ ਨੂੰ ਪ੍ਰਧਾਨ ਮੰਤਰੀ ਦਾ ਸਿਆਣਪ ਭਰਿਆ ਫ਼ੈਸਲਾ ਕਰਾਰ ਦਿੱਤਾ ਹੈ ਅਤੇ ਪ੍ਰਧਾਨ ਮੰਤਰੀ ਨੂੰ ਅੱਗੋਂ ਕਦਮ ਵਧਾਕੇ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਕੀਮਤ ਨਿਰਧਾਰਤ ਕਰਨ ਅਤੇ ਹੋਰ ਮੰਗਾਂ ਮੰਨਣ ਦੀ ਸਲਾਹ ਦਿੱਤੀ ਹੈ।

ਕਿਸਾਨਾਂ ਦੇ ਖਿਲਾਫ਼ ਨਫ਼ਰਤ ਅਤੇ ਝੂਠੇ ਇਲਜ਼ਾਮ ਫੈਲਾਉਣ ਵਿੱਚ ਪ੍ਰਧਾਨ ਮੰਤਰੀ ਦੇ ਭਗਤਾਂ ਦੀ ਟੋਲੀ ਸਭ ਤੋਂ ਅੱਗੇ ਸੀ। ਕਿਸਾਨ ਅੰਦੋਲਨ ਨੂੰ ਲੈ ਕੇ ਜਿੰਨਾ ਜ਼ਹਿਰ ਭਗਤਾਂ ਨੇ ਉਗਲਿਆ, ਹੈਰਾਨੀਜਨਕ ਸੀ। ਇਸ ਭਗਤਾਂ ਦੀ ਟੋਲੀ ਵਿੱਚ ਉਹੀ ਚਿਹਰੇ ਗੋਦੀ ਮੀਡੀਆ ਉਤੇ, ਟੀ.ਵੀ. ਚੈਨਲਾਂ ਉਤੇ ਦਿਖਾਈ ਦੇਂਦੇ ਹਨ। ਇਹਨਾਂ ਵਿੱਚ ਨਾ ਕੋਈ ਨਵਾਂ ਚਿਹਰਾ ਦਿਸਦਾ ਹੈ ਅਤੇ ਨਾ ਹੀ ਉਹਨਾਂ ਵਲੋਂ ਕੋਈ ਨਵੀਂ ਗੱਲ ਸੁਨਣ ਨੂੰ ਮਿਲਦੀ ਹੈ। ਬੱਸ ਸੁਣਾਈ ਦਿੰਦਾ ਹੈ, ਇੱਕ ਭੰਡੀ ਪ੍ਰਚਾਰ। ਕਿਸਾਨਾਂ ਨੂੰ ਜਦੋਂ ਪ੍ਰਧਾਨ ਮੰਤਰੀ ਨੇ ਅੰਦੋਲਨਜੀਵੀ ਆਖਿਆ। ਖੇਤੀ ਕਾਨੂੰਨਾਂ ਨੂੰ ਸਹੀ ਗਰਦਾਨਿਆ। ਪ੍ਰਧਾਨ ਮੰਤਰੀ ਦੀ ਪੂਰੀ ਟੀਮ ਨੇ "ਕਿਸਾਨ ਭੰਡ ਮੁਹਿੰਮ" ਨੂੰ ਇਲੈਕਟ੍ਰੋਨਿਕ ਮੀਡੀਆ, ਇੰਸਟਾਗ੍ਰਾਮ, ਫੇਸ ਬੁੱਕ, ਟਵਿੱਟਰ ਉਤੇ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ।

ਪ੍ਰਧਾਨ ਮੰਤਰੀ ਦੇ ਭਗਤਾਂ ਵਿੱਚ ਕਈ ਇਹੋ ਜਿਹੇ ਲੋਕ ਹਨ, ਜਿਹਨਾਂ ਨੂੰ ਰਾਜਨੀਤੀ ਦੀ ਨਾ ਸਮਝ ਹੈ, ਨਾ ਆਰਥਿਕ ਮੁੱਦਿਆਂ ਦੀ। ਇਸ ਲਈ ਜਦ ਉਹ ਪ੍ਰਧਾਨ ਮੰਤਰੀ ਦੀ ਪ੍ਰਸੰਸਾ ਵੀ ਕਰਦੇ ਹਨ ਤਾਂ ਉਹ ਵੀ ਇਸ ਤਰ੍ਹਾਂ ਜਿਵੇਂ ਉਹਨਾਂ ਨੂੰ ਕਿਸੇ ਨੇ ਹੁਕਮ ਚਾੜ੍ਹਿਆ ਹੋਵੇ, ਉਪਰ ਤੋਂ ਢੰਡੋਰਾ ਪਿੱਟਣ ਦਾ। ਅਦਾਕਾਰ ਕੰਗਣਾ ਰਣੌਤ ਦੀ ਉਦਾਹਰਨ ਲੈ ਲਓ, ਉਹ ਨਿੱਤ ਨਵੇਂ ਵਿਵਾਦਤ ਬਿਆਨ ਦੇ ਰਹੀ ਹੈ, ਸਮਝ ਰਹੀ ਹੈ ਕਿ ਉਹ ਨਰੇਂਦਰ ਮੋਦੀ ਦੇ ਹੱਕ 'ਚ ਖੜੀ ਹੈ, ਉਸਦੀ ਪ੍ਰਸੰਸਾ ਕਰਦੀ ਹੈ, ਪਰ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਲਈ ਉਹ ਨਰੇਂਦਰ ਮੋਦੀ ਤੇ ਭੜਕ ਪਈ ਅਤੇ ਉਸਦੀ ਅਲੋਚਨਾ ਕੀਤੀ। ਉਸਨੇ ਲਿਖਿਆ ਹੈ "ਇਹ ਕਾਨੂੰਨ ਵਾਪਿਸ ਲੈਣਾ ਦੁਖਦਾਈ ਹੈ, ਸ਼ਰਮਨਾਕ ਅਤੇ ਬਿਲਕੁਲ ਗੈਰਵਾਜਬ ਹੈ। ਜੇਕਰ ਸੰਸਦ ਵਿੱਚ ਚੁਣੀ ਹੋਈ ਸਰਕਾਰ ਦੇ ਬਦਲੇ ਸੜਕਾਂ ਉਤੇ ਲੋਕਾਂ ਨੇ ਕਾਨੂੰਨ ਬਨਾਉਣਾ ਸ਼ੁਰੂ ਕਰ ਦਿੱਤਾ ਤਾਂ ਇਹ ਇੱਕ ਜਿਹਾਦੀ ਰਾਸ਼ਟਰ ਹੈ। ਉਹਨਾਂ ਸਾਰਿਆਂ ਨੂੰ ਵਧਾਈ ਜੋ ਇੰਜ ਚਾਹੁੰਦੇ ਹਨ"।

ਪਿਛਲੇ ਲੰਬੇ ਅਰਸੇ ਤੋਂ ਮੋਦੀ ਭਗਤਾਂ ਨੇ ਕਦੇ ਨਰੇਂਦਰ ਮੋਦੀ ਨੂੰ ਦੇਸ਼ ਲਈ ਅੱਛਾ ਅਤੇ ਅਤਿ-ਲਾਭਦਾਇਕ ਸੁਝਾਅ ਨਹੀਂ ਦਿੱਤਾ। ਉਹਨਾਂ ਦਾ ਬਿਆਨ ਤਾਂ "ਹਿੰਦੂਤਵ" ਬਚਾਉਣ ਅਤੇ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਨਾਹਰੇ ਤੱਕ ਸੀਮਤ ਸੀ। ਨਰੇਂਦਰ ਮੋਦੀ ਨੇ ਨੋਟ ਬੰਦੀ ਕੀਤੀ, ਮੋਦੀ ਭਗਤਾਂ ਨੇ ਉਹਨਾਂ ਦੇ ਗੁਣ ਗਾਏ, ਗੋਦੀ ਮੀਡੀਆ ਨੇ ਇਸਦੇ ਫ਼ਾਇਦੇ ਗਿਣਨ 'ਚ ਕਸਰ ਨਹੀਂ ਛੱਡੀ। ਕਸ਼ਮੀਰ 'ਚ 370 ਧਾਰਾ ਲਾਗੂ ਕਰਨ ਦੇ ਕਸ਼ਮੀਰੀਆਂ ਵਿਰੋਧੀ ਕੰਮ ਨੂੰ ਉਹਨਾ ਪ੍ਰਚਾਰਿਆ। ਜੀ.ਐਸ.ਟੀ. ਕਾਹਲੀ ਨਾਲ ਲਾਗੂ ਕੀਤੀ, ਜਿਸ 'ਚ ਬਾਅਦ 'ਚ ਸੈਂਕੜੇ ਸੋਧਾਂ ਹੋਈਆਂ, ਨੂੰ ਸਟੀਕ ਕਾਨੂੰਨ ਗਰਦਾਨਿਆ। ਕਰੋਨਾ ਕਾਲ 'ਚ ਮੋਦੀ ਹੈ ਤਾਂ ਮੁਮਕਿਨ ਹੈ ਦਾ ਨਾਹਰਾ ਲਾਇਆ, ਹਾਲਾਂਕਿ ਇਸ ਸਮੇਂ ਦੇਸ਼ ਵਾਸੀਆਂ ਦੀ ਜੋ ਹਾਲਤ ਹੋਈ ਕਿਸੇ ਤੋਂ ਲੁਕੀ-ਛੁਪੀ ਨਹੀਂ। ਖੇਤੀ ਕਾਨੂੰਨਾਂ ਦੇ ਹੱਕ 'ਚ ਤਾਂ ਇਸ ਟੀਮ ਨੇ ਕਿਸਾਨਾਂ ਨੂੰ ਖਾਲਿਸਤਾਨੀ, ਨਕਸਲੀ, ਅੰਦੋਲਨਜੀਵੀ ਤੱਕ ਕਹਿਣ 'ਚ ਕੋਈ ਕਸਰ ਨਹੀਂ ਛੱਡੀ।

ਜਦੋਂ ਭਾਜਪਾ ਖੇਤੀ ਅੰਦੋਲਨ ਦੌਰਾਨ ਪੱਛਮੀ ਬੰਗਾਲ ਹਾਰੀ, ਹਰਿਆਣਾ, ਹਿਮਾਚਲ ਤੇ ਹੋਰ ਰਾਜਾਂ 'ਚ ਖਾਲੀ ਵਿਧਾਨ ਸਭਾ ਚੋਣਾਂ 'ਚ ਉਸਦੀ ਹਾਰ ਹੋਈ ਤਾਂ ਆਉਂਦੀਆਂ ਪੰਜ ਰਾਜ ਵਿਧਾਨ ਸਭਾਈ ਚੋਣਾਂ 'ਚ ਉਸਨੂੰ ਆਪਣੀ ਹਾਰ ਦਿਸਣ ਲੱਗੀ। ਅਤਿ ਗੁਪਤ ਪ੍ਰਾਪਤ ਸੂਚਨਾਵਾਂ ਅਨੁਸਾਰ ਜਦੋਂ ਸੁਪਰੀਮ ਕੋਰਟ ਵਲੋਂ ਤਿੰਨ ਕਾਲੇ ਕਾਨੂੰਨ ਲਾਗੂ ਕਰਨ ਸੰਬੰਧੀ ਕਿਸਾਨਾਂ ਦੇ ਹੱਕ 'ਚ ਫ਼ੈਸਲੇ ਦਾ ਭੇਦ ਕੇਂਦਰ ਸਰਕਾਰ ਦੇ ਧਿਆਨ ਵਿੱਚ ਆਇਆ ਤਾਂ ਨਰੇਂਦਰ ਮੋਦੀ ਨੂੰ, ਜਿਹੜਾ ਅੱਜ ਤੱਕ ਦਾ ਸਭ ਤੋਂ ਵੱਡਾ ਜ਼ਿੱਦੀ, ਹੈਂਕੜਬਾਜ, ਡਿਕਟੇਟਰਾਨਾ ਰੁਚੀਆਂ ਵਾਲਾ ਪ੍ਰਧਾਨ ਮੰਤਰੀ ਸੀ, ਉਸਨੂੰ ਕਿਸਾਨਾਂ ਦੀ ਮੰਗ ਅੱਗੇ ਗੋਡੇ ਟੇਕਣੇ ਪਏ, ਉਹਨਾ ਤੋਂ ਮੁਆਫ਼ੀ ਮੰਗਣੀ ਪਈ।



ਪ੍ਰਧਾਨ ਮੰਤਰੀ ਦੇ ਉਹ ਆਲੋਚਕ, ਜੋ ਆਪਣੇ ਵਲੋਂ ਵਾਰ-ਵਾਰ ਪ੍ਰਧਾਨ ਮੰਤਰੀ ਵਲੋਂ ਕੀਤੀਆਂ ਜਾ ਰਹੀਆਂ ਗਲਤੀਆਂ 'ਚ ਉਹਨਾਂ ਦਾ ਧਿਆਨ ਖਿੱਚਦੇ ਰਹੇ, ਪਰ ਉਹਨਾਂ ਦੀ ਗੱਲ ਵੱਲ ਕਿਸੇ ਧਿਆਨ ਨਹੀਂ ਦਿੱਤਾ। ਆਲੋਚਕ ਬਹੁਤ ਪਹਿਲਾਂ ਤੋਂ ਹੀ ਕਹਿੰਦੇ ਆਏ ਹਨ ਕਿ ਜੇਕਰ ਕਿਸਾਨ ਮਹੀਨਿਆਂ ਤੋਂ ਉਹਨਾਂ ਦਾ ਵਿਰੋਧ ਕਰਦੇ ਆ ਰਹੇ ਹਨ ਤਾਂ ਉਹਨਾਂ ਦੀ ਗੱਲ 'ਚ ਦਮ ਹੋਏਗਾ। ਪਰ ਉਹਨਾਂ ਦੀ ਸੁਨਣ ਦੀ ਵਿਜਾਏ ਪ੍ਰਧਾਨ ਮੰਤਰੀ ਨੇ ਭਗਤਾਂ ਤੇ ਗੋਦੀ ਮੀਡੀਆ ਦੀ ਸੁਣੀ ਜੋ ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਦੇ ਰਹੇ। ਪ੍ਰਧਾਨ ਮੰਤਰੀ ਇਹ ਸਮਝ ਹੀ ਨਹੀਂ ਸਕੇ ਕਿ ਉਹਨਾਂ ਦੇ ਦੁਸ਼ਮਣ ਕੌਣ ਹਨ ਅਤੇ ਦੋਸਤ ਕੌਣ ਹਨ।

ਉਦੋਂ ਜਦੋਂ ਪੰਜਾਬ 'ਚ ਭਾਜਪਾ ਦੀ ਸਫ ਵਲੇਟੀ ਗਈ। ਹਰਿਆਣਾ ਵਿੱਚ ਭਾਜਪਾ ਦਾ ਬੋਰੀਆ ਬਿਸਤਰਾ ਗੋਲ ਹੋਣ 'ਤੇ ਆ ਗਿਆ।ਪੱਛਮੀ ਯੂਪੀ 'ਚ ਖ਼ਾਸ ਕਰਕੇ ਭਾਜਪਾ ਦੀ ਯੋਗੀ ਸਰਕਾਰ ਨੂੰ ਸੇਕ ਲੱਗਿਆ ਅਤੇ ਅੰਤਰ ਰਾਸ਼ਟਰੀ ਪੱਧਰ ਉਤੇ ਮੋਦੀ ਸਰਕਾਰ ਦੀ ਭਰਪੂਰ ਬਦਨਾਮੀ ਹੋ ਗਈ ਤਾਂ ਉਸਨੂੰ "ਕਿਸਾਨ ਅੰਦੋਲਨ" ਆਪਣੀ ਹਾਰ ਦਿਸਣ ਲੱਗਾ।ਉਸਨੂੰ ਆਪਣਾ ਸੁਭਾਅ, ਜ਼ਿੱਦ ਅਤੇ ਵਤੀਰਾ ਬਦਲਣ ਲਈ ਮਜ਼ਬੂਰ ਹੋਣਾ ਪਿਆ ਹੈ।

ਪ੍ਰਧਾਨ ਮੰਤਰੀ ਆਪਣੇ ਰਾਸ਼ਟਰੀ ਪੱਧਰ 'ਤੇ ਡਿੱਗ ਰਹੇ ਗ੍ਰਾਫ਼ ਨੂੰ ਥਾਂ ਸਿਰ ਕਰਨ ਲਈ ਕਦਮ ਚੁਕਣ ਲੱਗੇ ਹਨ। ਦੇਸ਼ ਦੇ ਵਿਕਾਸ ਦੀ ਗੱਲ ਕਰਨ ਲੱਗੇ ਹਨ। ਉਹਨਾ ਦੇ ਬਿਆਨ ਦਰਸਾਉਣ ਲਗੇ ਹਨ ਕਿ ਉਹ ਚਾਹੁੰਦੇ ਹਨ ਵਿਕਾਸ ਦੀ ਰਫ਼ਤਾਰ ਵਧੇ ਤੇ ਇਸ ਵਿੱਚ ਜੋ ਅਟਕਲਾਂ ਹਨ,ਉਹਨਾ ਨੂੰ ਉਹ ਦੂਰ ਕਰਨਗੇ।ਸ਼ਾਇਦ ਕਿਸਾਨਾਂ ਦੀ ਨਰਾਜ਼ਗੀ ਦੀ ਇਸ ਅਟਕਲ ਦੂਰ ਕਰਨ ਲਈ ਇਹ ਵੱਡਾ ਕਦਮ ਚੁੱਕਦਿਆਂ ਉਹਨਾ ਕਿਸਾਨਾਂ ਨੂੰ ਖੁਸ਼ ਕਰਨ ਦਾ ਰਾਹ ਚੁਣਿਆ ਹੈ।

ਇਸੇ ਕਰਕੇ ਅਟਕਲਾਂ ਅਤੇ ਫੈਲਾਈਆਂ ਜਾਂ ਰਹੀਆਂ ਗਲਤਫਹਿਮੀਆਂ ਨੂੰ ਵਿਰਾਮ ਦੇਣ ਲਈ ਕੇਂਦਰੀ ਮੰਤਰੀ ਮੰਡਲ ਵਲੋਂ 24 ਨਵੰਬਰ 2021 ਨੂੰ ਖੇਤੀ ਕਾਨੂੰਨ ਵਾਪਿਸੀ ਉਤੇ ਮੋਹਰ ਲੱਗੇਗੀ। 29 ਨਵੰਬਰ 2021 ਨੂੰ ਸ਼ੁਰੂ ਹੋ ਕੇ ਸੰਸਦ ਇਜਲਾਸ਼ ਵਿੱਚ ਪ੍ਰਧਾਨ ਮੰਤਰੀ ਦੇ ਐਲਾਨ ਮੁਤਾਬਿਕ ਖੇਤੀ ਕਾਨੂੰਨ ਵਾਪਿਸ ਲੈਣ ਦੀ ਪ੍ਰਕਿਰਿਆ ਪੂਰੀ ਹੋ ਜਾਏਗੀ।

ਇਸੇ ਦੌਰਾਨ ਭਾਵੇਂ ਕਿਸਾਨ ਜਥੇਬੰਦੀਆਂ ਨੇ ਨਰੇਂਦਰ ਮੋਦੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ,ਪਰ ਉਦੋਂ ਤੱਕ ਦਿੱਲੀ ਦੀਆਂ ਬਰੂਹਾਂ ਤੋਂ ਵਾਪਿਸੀ,ਅਤੇ ਪਹਿਲਾਂ ਨਿਰਧਾਰਤ ਐਲਾਨੇ ਸੰਘਰਸ਼ ਨੂੰ ਲਾਗੂ ਰੱਖਣ ਦਾ ਫ਼ੈਸਲਾ ਲਿਆ ਹੈ,ਜਿਸ ਵਿੱਚ ਲਖਨਊ ਵਿਖੇ ਮਹਾਂ ਪੰਚੈਤ ਅਤੇ ਪਾਰਲੀਮੈਂਟ ਤੱਕ 29 ਨਵੰਬਰ ਦਾ ਟਰੈਕਟਰ ਮਾਰਚ ਸ਼ਾਮਾਲ ਹੈ। ਇਸੇ ਦੌਰਾਨ ਕਿਸਾਨ ਜੱਥੇਬੰਦੀਆਂ ਨੇ ਆਪਣੀਆਂ ਮੰਗਾਂ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਕੇ ਭੇਜੀਆਂ ਹਨ ਅਤੇ ਗੱਲਬਾਤ ਕਰਨ ਦੀ ਮੰਗ ਰੱਖੀ ਹੈ। ਕਿਸਾਨ ਜੱਥੇਬੰਦੀਆਂ ਦਾ ਕਹਿਣਾ ਹੈ ਕਿ

ਪਹਿਲਾ:- ਖੇਤੀ ਦੀ ਸੰਪੂਰਨ ਲਾਗਤ ਉਤੇ ਅਧਾਰਿਤ ਘੱਟੋ-ਘੱਟ ਸਮਰਥਨ ਮੁੱਲ ਨੂੰ ਸਾਰੀ ਖੇਤੀ ਉਤੇ ਸਾਰੇ ਕਿਸਾਨਾਂ ਦਾ ਕਾਨੂੰਨੀ ਹੱਕ ਬਣਾ ਦਿੱਤਾ ਜਾਏ ਤਾਂ ਕਿ ਦੇਸ਼ ਦੇ ਹਰ ਕਿਸਾਨ ਨੂੰ ਆਪਣੀ ਪੂਰੀ ਫ਼ਸਲ ਉਤੇ ਘੱਟੋ-ਘੱਟ ਸਰਕਾਰ ਵਲੋਂ ਘੋਸ਼ਿਤ ਘੱਟੋ-ਘੱਟ ਮੁੱਲ ਉਤੇ ਖ਼ਰੀਦ ਦੀ ਗਰੰਟੀ ਹੋ ਸਕੇ।

ਦੂਜਾ:- ਸਰਕਾਰ ਵਲੋਂ ਪ੍ਰਸਤਾਵਿਤ ਬਿਜਲੀ ਸੋਧ ਬਿੱਲ 2020/2021 ਵਾਪਿਸ ਲਿਆ ਜਾਵੇ।

ਤੀਜਾ:- ਰਾਸ਼ਟਰੀ ਰਾਜਧਾਨੀ ਦੇ ਖੇਤਰ ਅਤੇ ਇਸ ਨਾਲ ਜੁੜੇ ਖੇਤਰਾਂ ਵਿੱਚ ਹਵਾ ਗੁਣਵਤਾ ਦੇ ਲਈ ਆਯੋਗ ਅਧਿਨਿਯਮ 2021 ਵਿੱਚ ਜੋ ਕਿਸਾਨਾਂ ਨੂੰ ਸਜ਼ਾ ਦੇਣ ਦਾ ਪ੍ਰਵਾਧਾਨ ਕੀਤਾ ਹੈ, ਉਸਨੂੰ ਹਟਾਇਆ ਜਾਵੇ।

ਚੌਥਾ:- ਦਿੱਲੀ ਹਰਿਆਣਾ, ਚੰਡੀਗੜ, ਉਤਰ ਪ੍ਰਦੇਸ਼ ਅਤੇ ਹੋਰ ਅਨੇਕਾਂ ਰਾਜਾਂ ਵਿੱਚ ਹਜ਼ਾਰਾਂ ਕਿਸਾਨਾਂ ਨੂੰ ਇਸ ਅੰਦੋਲਨ ਦੌਰਾਨ (ਜੂਨ 2020 ਤੋਂ ਹੁਣ ਤੱਕ) ਸੈਂਕੜੇ ਮੁਕੱਦਮਿਆਂ 'ਚ ਫਸਾਇਆ ਗਿਆ ਹੈ, ਇਹਨਾਂ ਕੇਸਾਂ ਨੂੰ ਤੁਰੰਤ ਵਾਪਿਸ ਲਿਆ ਜਾਵੇ।

ਪੰਜਵਾਂ:- ਲਖੀਮਪੁਰ ਖੀਰ ਹਤਿਆਕਾਂਡ ਦੇ ਸੂਤਰਧਾਰ ਅਤੇ ਸੈਕਸ਼ਨ 120 ਬੀ ਦੇ ਅਭਿਯੁਕਤ ਅਜੈ ਮਿਸ਼ਰਾ ਅੱਜ ਵੀ ਖੁਲ੍ਹੇ ਆਮ ਘੁੰਮ ਰਹੇ ਹਨ ਅਤੇ ਕੇਂਦਰ ਸਰਕਾਰ 'ਚ ਮੰਤਰੀ ਬਣੇ ਹੋਏ ਹਨ। ਉਹਨਾਂ ਨੂੰ ਬਰਖਾਸਤ ਅਤੇ ਗ੍ਰਿਫਤਾਰ ਕੀਤਾ ਜਾਵੇ।

ਛੇਵਾਂ:- ਇਸ ਅੰਦੋਲਨ ਦੌਰਾਨ ਹੁਣ ਤੱਕ ਲਗਭਗ 700 ਕਿਸਾਨ ਸ਼ਹਾਦਤ ਦੇ ਚੁੱਕੇ ਹਨ। ਉਹਨਾਂ ਦੇ ਪਰਿਵਾਰਾਂ ਲਈ ਮੁਆਵਜ਼ਾ ਅਤੇ ਪੁਨਰਵਾਸ ਦੀ ਵਿਵਸਥਾ ਹੋਵੇ। ਸ਼ਹੀਦ ਕਿਸਾਨਾਂ ਦੀ ਯਾਦ ਵਿੱਚ ਇੱਕ ਸ਼ਹੀਦ ਸਮਾਰਕ ਬਨਾਉਣ ਲਈ ਸਿੰਘੂ ਬਾਰਡਰ 'ਤੇ ਜ਼ਮੀਨ ਦਿੱਤੀ ਜਾਵੇ।

ਕਿਸਾਨ ਅੰਦੋਲਨ ਨੇ ਪੜਾਅ ਦਰ ਪੜਾਅ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਤੋਂ ਇਹ ਅੰਦੋਲਨ ਉਠਿਆ, ਦਿੱਲੀ ਵੱਲ ਕਿਸਾਨਾਂ ਕੂਚ ਕੀਤਾ, ਪੁਲਿਸ ਨਾਲ ਟੱਕਰ ਲਈ। ਕੇਂਦਰ ਸਰਕਾਰ ਨਾਲ ਗੱਲਬਾਤ ਦੇ ਗਿਆਰਾਂ ਨਾਕਾਮ ਗੇੜ੍ਹ ਹੋਏ। 26 ਜਨਵਰੀ 2021 ਦੀ ਟਰੈਕਟਰ ਪਰੇਡ ਸਮੇਂ ਹਿੰਸਾ ਦਾ ਅੰਦੋਲਨ ਨੇ ਸਾਹਮਣਾ ਕੀਤਾ। ਬਦਨਾਮੀ ਝੱਲੀ। ਅੰਦੋਲਨ ਖ਼ਤਮ ਹੁੰਦਾ ਹੁੰਦਾ ਰਕੇਸ਼ ਟਿਕੈਤ ਨੇ ਆਪਣੇ ਹੰਝੂਆਂ ਨਾਲ ਮੁੜ ਥੰਮ ਲਿਆ। ਸਰਕਾਰ ਦੇ ਜ਼ਿੱਦੀ ਰਵੱਈਏ ਕਾਰਨ ਕਿਸਾਨ ਤਿੱਖੇ ਸੰਘਰਸ਼ ਲਈ ਮਜ਼ਬੂਰ ਹੋਏ।

ਉਹਨਾਂ ਕਿਸਾਨ ਪੰਚਾਇਤਾਂ ਅਤੇ ਭਾਜਪਾ ਦੀ ਵੋਟ ਉਤੇ ਚੋਟ ਦਾ ਰਾਹ ਫੜਿਆ। ਭਾਜਪਾ ਤੇ ਉਸਦੇ ਸਾਥੀਆਂ ਦਾ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਤਿੰਨ ਕਿਸਾਨ ਕਾਨੂੰਨ 'ਤੇ ਯੂ ਟਰਨ ਲੈਣਾ ਪਿਆ। ਲਖੀਮਪੁਰ ਖੀਰੀ ਤੇ ਸਿੰਘੂ ਬਾਰਡਰ ਨਿਹੰਗ ਕਾਂਡ ਨੇ ਇਸ ਅੰਦੋਲਨ 'ਚ ਵੱਖਰਾ ਮੋੜ ਲਿਆਂਦਾ।

ਇਸ ਸਭ ਕੁਝ ਦੌਰਾਨ ਕੇਂਦਰ ਸਰਕਾਰ ਦੀ ਨੀਂਦ ਕਿਸਾਨ ਅੰਦੋਲਨ ਨੇ ਹਰਾਮ ਕੀਤੀ ਰੱਖੀ। ਸੰਗਠਿਤ ਸੰਯੁਕਤ ਮੋਰਚੇ ਦੀ ਇਹ ਵੱਡੀ ਪ੍ਰਾਪਤੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਕਿਸਾਨ ਹਿਮਾਇਤੀ ਸ਼ੋਸ਼ਲ ਮੀਡੀਆ, ਟੀ.ਵੀ. ਅਤੇ ਅਖਬਾਰਾਂ ਨੇ ਕਿਸਾਨ ਅੰਦੋਲਨ ਦਾ ਪੱਖ ਰੱਖਣ ਲਈ ਵੱਡੀ ਭੂਮਿਕਾ ਨਿਭਾਈ ਅਤੇ ਇਸ ਤੋਂ ਵੀ ਵੱਡੀ ਭੂਮਿਕਾ ਪ੍ਰਵਾਸੀ ਪੰਜਾਬੀਆਂ ਅਤੇ ਅੰਤਰਰਾਸ਼ਟਰੀ ਮੀਡੀਆ ਨੇ ਨਿਭਾਈ।

ਪੰਜਾਬ ਵਿੱਚ ਵੱਡੇ ਕਈ ਕਿਸਾਨੀ ਅੰਦੋਲਨ, ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੁਣ ਤੱਕ ਲੜੇ ਗਏ। ਜਿਹਨਾਂ ਵਿੱਚ ਮੁਜਾਰਾ ਅੰਦੋਲਨ, ਵਿਸ਼ਵੇਦਾਰਾਂ ਤੋਂ ਜ਼ਮੀਨ ਦੇ ਹੱਕ ਦੀ ਮਾਲਕੀ ਪ੍ਰਾਪਤ ਕਰਨ ਦਾ ਸੀ। ਮੁਜ਼ਾਰਿਆ ਇਹ ਅੰਦੋਲਨ ਜਿੱਤਿਆ।

1960 ਵਿਆਂ 'ਚ ਖੁਸ਼ ਹੈਸੀਅਤ ਟੈਕਸ ਖਿਲਾਫ ਵੱਡਾ ਅੰਦੋਲਨ ਚੱਲਿਆ। ਉਦੋਂ ਮੁਖ ਮੰਤਰੀ ਕਾਂਗਰਸੀ ਪ੍ਰਾਪਤ ਕੈਂਰੋ ਸੀ। ਕਿਸਾਨਾਂ ਨੂੰ ਜੇਲ੍ਹ ਜਾਣਾ ਪਿਆ। ਪਰ ਕਿਸਾਨ ਜੇਤੂ ਰਹੇ।

1980 ਵਿਆਂ 'ਚ ਹਰੀ ਕ੍ਰਾਂਤੀ ਤੋਂ ਬਾਅਦ 40 ਹਜ਼ਾਰ ਅੰਦੋਲਨਕਾਰੀ ਕਿਸਾਨਾਂ ਨੇ ਚੰਡੀਗੜ੍ਹ ਵਿੱਚ ਰਾਜਪਾਲ ਦਾ ਘਿਰਾਓ ਕੀਤਾ। ਇਸ ਤੋਂ ਬਾਅਦ ਕਿਸਾਨਾਂ ਦੇ ਹੱਕ 'ਚ ਫੈਸਲੇ ਹੋਏ ਅਤੇ ਰਿਆਇਤਾਂ ਮਿਲੀਆਂ।

ਪਰ 2020 'ਚ ਤਿੰਨ ਖੇਤੀ ਕਾਲੇ ਕਾਨੂੰਨਾਂ ਵਿਰੁੱਧ ਆਰੰਭਿਆ ਕਿਸਾਨ ਅੰਦੋਲਨ, ਜਨ ਅੰਦੋਲਨ ਦਾ ਰੂਪ ਧਾਰਨ ਕਰ ਗਿਆ ਅਤੇ ਕਾਰਪੋਰੇਟਾਂ ਵਲੋਂ ਸਰਕਾਰ ਦੀ ਮਿਲੀ ਭਗਤ ਕਾਰਨ ਕਿਸਾਨੀ ਜ਼ਮੀਨੀ ਹਥਿਆਉਣ ਦੀ ਕੋਸ਼ਿਸ਼ ਨੂੰ ਅਸਫਲ ਬਣਾ ਗਿਆ।

ਭਾਵੇਂ ਕਿ ਦੇਸ਼ ਭਰ ਵਿੱਚ ਆਜ਼ਾਦੀ ਤੋਂ ਪਹਿਲਾਂ ਕਈ ਕਿਸਾਨੀ ਸੰਘਰਸ਼ ਲੜੇ ਗਏ। ਪੰਜਾਬ ਤੋਂ ਉਠਿਆ ਪਹਿਲਾਂ ਆਧੁਨਿਕ ਸੰਘਰਸ਼ "ਪਗੜੀ ਸੰਭਾਲ ਜੱਟਾ" ਸੀ। ਇਸ ਤੋਂ ਬਾਅਦ ਚੰਧਾਰਨ ਸਤਿਆਗ੍ਰਹਿ, ਤੇਲੰਗਾਨਾ ਦਾ ਖੇਤੀ ਸੰਘਰਸ਼ ਵਿੱਢੇ ਜਾਂਦੇ ਰਹੇ ਪਰ ਮੌਜੂਦਾ ਕਿਸਾਨੀ ਸੰਘਰਸ਼ ਸਟੇਟ ਅਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਹੈ। ਜਿਹੜਾ ਕਿਸਾਨਾਂ ਜਥੇਬੰਦੀਆਂ ਨੇ ਇੱਕਮੁੱਠ ਹੋਕੇ ਗੋਦੀ ਮੀਡੀਆ ਦੇ ਕੂੜ ਪ੍ਰਚਾਰ, ਮੋਦੀ ਭਗਤਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਜਿੱਤਿਆ ਹੈ।

ਗੋਦੀ ਮੀਡੀਆ ਅਤੇ ਮੋਦੀ ਭਗਤ ਪ੍ਰਧਾਨ ਮੰਤਰੀ ਦਾ ਪ੍ਰਚਾਰ ਸੰਭਾਲਦੇ ਹਨ ਅਤੇ ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਦੁਨੀਆ ਉਹਨਾਂ ਨੂੰ ਚੰਗੀਆਂ, ਸੁਵੱਲੀਆਂ ਨਜ਼ਰਾਂ ਨਾਲ ਵੇਖੇ, ਉਹਨਾਂ ਨੂੰ ਵਿਸ਼ਵ ਗੁਰੂ ਸਮਝੇ। ਪਿਛਲੇ ਸਮੇਂ 'ਚ ਇਹ ਦਿਖਣ ਲੱਗ ਪਿਆ ਸੀ ਕਿ ਪ੍ਰਧਾਨ ਮੰਤਰੀ ਮੋਦੀ ਦੇ ਭਗਤ ਜਨਤਾ ਦੀ ਕਥਿਤ ਸੇਵਾ ਬਦਲੇ ਵਿੱਚ ਮੋਦੀ ਨੂੰ ਇੱਕ ਸਮਰਾਟ ਦੇ ਰੂਪ 'ਚ ਪੇਸ਼ ਕਰਨਾ ਚਾਹੁੰਦੇ ਸਨ।

ਇਸੇ ਕਰਕੇ ਪ੍ਰਧਾਨ ਮੰਤਰੀ ਦੀ ਛਵੀ, ਸ਼ਖਸ਼ੀਅਤ ਇਕ ਰਾਜਨੇਤਾ ਦੀ ਨਹੀਂ ਇੱਕ ਮਹਾਰਾਜਾ ਦੀ ਬਣ ਗਈ ਸੀ, ਜੋ ਦੇਸ਼ ਲਈ ਵੱਡਾ ਵਿਗਾੜ ਸਾਬਤ ਹੋਈ ਹੈ।

# ਮੁਗੋਵਾਲ ਦੀ ਲੜਕੀ ਨੇ ਚਮਕਾਇਆ ਭਾਰਤੀ ਟੀਮ ਦਾ ਨਾਂ



**ਹੁਸ਼ਿਆਰਪੁਰ-** ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਗੋਵਾਲ ਨੂੰ 19 ਸਾਲ ਦੀ ਮਨੀਸ਼ਾ ਕਲਿਆਣ ਦਾ ਬਚਪਨ ਦਾ ਸੁਪਨਾ ਸੀ ਕਿ ਇਹ ਉਚ ਸਿੱਖਿਆ ਅਤੇ ਆਪਣੀ ਫੁਟਬਾਲ ਖੇਡ ਨੂੰ ਦੁਨੀਆਂ ਵਿਚ ਇਕ ਅਲੱਗ ਪਹਿਚਾਣ ਦਿਵਾਏਗੀ। ਇਸਦੇ ਲਈ ਉਸਨੇ ਦਿਨ ਰਾਤ ਪੜ੍ਹਾਈ ਦੇ ਨਾਲ-ਨਾਲ ਫੁਟਬਾਲ ਖੇਡ ਦੇ ਲਈ ਵੀ ਸਖਤ ਮਿਹਨਤ ਕੀਤੀ ਅਤੇ 20 ਜੁਲਾਈ 2021 ਨੂੰ ਉਸਨੇ ਇਸ ਸੁਪਨੇ ਨੂੰ ਹਾਸਲ ਕਰਕੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਹੀ ਨਹੀਂ, ਆਪਣੇ ਪਿੰਡ, ਮਾਤਾ-ਪਿਤਾ ਸਮੇਤ ਪੰਜਾਬ ਦਾ ਨਾਂ ਵੀ ਚਮਕਾਇਆ ਹੈ।

ਇਸੇ ਸ਼ੁੱਕਰਵਾਰ ਨੂੰ ਉਸਨੇ ਭਾਰਤੀ ਮਹਿਲਾ ਫੁਟਬਾਲ ਟੀਮ ਨੂੰ ਉਸ ਵਕਤ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਜਦੋਂ ਉਸਨੇ ਮਦਰਾਸ ਵਿਚ ਚੱਲ ਰਹੇ ਚਾਰ ਮੁਲਕਾਂ ਦੇ ਇੰਟਰਨੈਸ਼ਨਲ ਟੂਰਨਾਮੈਂਟ ਦੇ ਪਹਿਲੇ ਮੈਚ ਵਿਚ 2007 ਦੇ ਵਰਲਡ ਕੱਪ ਨੂੰ ਰਨਰਅਪ ਟੀਮ ਕਾਜੋਲ ਦੀ ਟੀਮ ਵੱਲੋਂ ਦਮਦਾਰ ਪ੍ਰਦਰਸ਼ਨ ਕਰਦੇ ਹੋਏ ਬੈਚ ਦੇ ਸ਼ੁਰੂਆਤ ਦੇ ਅੱਠਵੇਂ ਮਿੰਟ 'ਤੇ ਇਕ ਗੋਲ ਕਰਕੇ ਮੈਚ ਦੀ ਬਰਾਬਰੀ ਦਿਵਾ ਦਿੱਤੀ। ਬੇਸ਼ੱਕ ਕਾਜੋਲ ਦੀ ਟੀਮ ਤੋਂ 6-1 ਗੋਲ ਦੇ ਅੰਤਰ ਤੇ ਹਾਰ ਗਈ ਪਰ ਮਾਹਿਲਪੁਰ ਦੀ ਲੜਕੀ ਦੇ ਇਸ ਪ੍ਰਦਰਸ਼ਨ ਨੇ ਮਨੀਸ਼ਾ ਨੂੰ ਹੀ ਨਹੀਂ ਭਾਰਤੀ ਫੁਟਬਾਲ ਟੀਮ ਦਾ ਨਾਂ ਰੌਸ਼ਨ ਕਰ ਦਿੱਤਾ ਹੈ। ਮਨੀਸ਼ਾ ਦੀ ਇਸ ਪ੍ਰਾਪਤੀ ਦੀ ਮਾਹਿਲਪੁਰ ਵਿਚ ਵੱਡੀ ਚਰਚਾ ਹੈ।

# ਹੋਣਹਾਰ ਵਿਦਿਆਰਥੀ ਜਸ਼ਨਦੀਪ ਸਨਮਾਨਿਤ



**ਭਵਾਨੀਗੜ (ਚਮਨਦੀਪ ਸ਼ਰਮਾ)** ਬਲਾਕ ਅਧੀਨ ਆਉਂਦੇ ਸਰਕਾਰੀ ਮਿਡਲ ਸਮਾਰਟ ਸਕੂਲ ਮਹਿਸਮਪੁਰ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਨੇ ਰਾਜ ਪੱਧਰੀ ਪੋਸਟਰ ਮੁਕਾਬਲੇ ਵਿੱਚ ਅੱਵਲ ਆ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਖਾਸ ਪ੍ਰਾਪਤੀ ਤੇ ਉਸਨੂੰ ਰਾਜ ਪੱਧਰੀ ਇਨਾਮ ਵੰਡ ਸਮਾਗਮ ਦੌਰਾਨ ਸਿੱਖਿਆ ਮੰਤਰੀ ਪਰਗਟ ਸਿੰਘ ਨੇ 1100 ਰੁਪਏ ਦੀ ਇਨਾਮੀ ਰਾਸ਼ੀ ਤੋਂ ਬਿਨ੍ਹਾਂ ਟੈਬ, ਨੌਵੀ ਪਾਤਸ਼ਾਹੀ ਦਾ ਸਰੂਪ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ (ਸੈਸਿੱ) ਮਲਕੀਤ ਸਿੰਘ ਖੋਸਾ ਅਤੇ ਜਿਲ੍ਹਾ ਕੋਆਰਡੀਨੇਟਰ ਕਿਰਨ ਬਾਲਾ ਨੇ ਸਕੂਲ ਨੂੰ ਵਧਾਈ ਦਿੱਤੀ। ਸਕੂਲ ਮੁਖੀ ਨਰਿੰਦਰ ਕੁਮਾਰ ਨੇ ਦੱਸਿਆ ਕਿ ਇਸ ਵਿਦਿਆਰਥੀ ਦੀ ਸਫ਼ਲਤਾ ਦੇ ਪਿੱਛੇ ਗਾਈਡ ਅਧਿਆਪਕਾ ਨਵਨੀਤ ਕੌਰ ਪੰਜਾਬੀ ਮਿਸਟ੍ਰੈੱਸ ਦਾ ਵਿਸ਼ੇਸ਼ ਰੋਲ ਹੈ। ਉਹਨਾਂ ਦੱਸਿਆ ਕਿ ਇਸ ਹੋਣਹਾਰ ਵਿਦਿਆਰਥੀ ਦਾ ਸਕੂਲ ਵਿੱਚ ਵੀ ਸਨਮਾਨ ਕੀਤਾ ਗਿਆ। ਜਿਸ ਦੌਰਾਨ ਸਮੁੱਚੇ ਸਟਾਫ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਇੱਥੇ ਜ਼ਿਕਰਯੋਗ ਹੈ ਕਿ ਸਿੱਖਿਆ ਵਿਭਾਗ ਦੁਆਰਾ ਕਰੋਨਾ ਕਾਲ ਵਿੱਚ ਕਰਵਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁਕਾਬਲਿਆਂ ਦਾ ਮੰਤਵ ਬੱਚਿਆਂ ਨੂੰ ਸਿੱਖ ਧਰਮ ਅਤੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਦੀ ਜਾਣਕਾਰੀ ਪ੍ਰਦਾਨ ਕਰਨਾ ਸੀ ਤਾਂ ਜੋ ਆਉਣ ਵਾਲੀ ਯੁਵਾ ਪੀੜੀ ਸਮਾਜ ਕਲਿਆਣ ਵਿੱਚ ਆਪਣਾ ਯੋਗਦਾਨ ਪਾ ਸਕੇ।

# ਭਾਰਤ ਦੇ 40 ਕਰੋੜ ਲੋਕਾਂ ਨੂੰ ਪ੍ਰਭਾਵਿਤ ਕਰੇਗੀ ਜਲਵਾਯੂ ਤਬਦੀਲੀ

ਜਲਵਾਯੂ ਪਰਿਵਰਤਨ ਦੀ ਵਜ੍ਹਾ ਨਾਲ ਧਰਤੀ 'ਤੇ ਹੋਣ ਵਾਲੀ ਤਬਾਹੀ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਕਿਤੇ ਸੋਕਾ, ਕਿਤੇ ਹੜ੍ਹ, ਚੱਕਰਵਾਤ, ਲੂ ਅਤੇ ਇਸ ਦੇ ਨਾਲ ਤਮਾਮ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਕਈ ਤਰ੍ਹਾਂ ਦੇ ਵਾਇਰਸ। ਇਹ ਧਰਤੀ 'ਤੇ ਆਉਣ ਵਾਲੀ ਤਬਾਹੀ ਦਾ ਸਿਰਫ ਇਕ ਨਮੂਨਾ ਹੈ। ਜੇਕਰ ਛੇਤੀ ਹੀ ਅਸੀਂ ਨਾ ਸੰਭਲੇ ਤਾਂ ਸਮੁੱਚੇ ਭਾਰਤ ਦੇ ਲਈ ਇਹ ਤਬਾਹੀ ਐਨੀ ਖਤਰਨਾਕ ਹੋਵੇਗੀ, ਜਿਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ।

ਦਰਅਸਲ ਪਿਛਲੇ ਦਿਨੀਂ ਜਲਵਾਯੂ ਪਰਿਵਰਤਨ 'ਤੇ ਆਈਆਂ ਕੁਝ ਰਿਪੋਰਟਾਂ ਦੇ ਦਾਅਵੇ ਸਹੀ ਸਾਬਤ ਹੋਣ ਲੱਗੇ ਹਨ। ਜਾਹਿਰ ਹੈ ਦੁਨੀਆਂ ਵਿਚ ਜਲਵਾਯੂ ਦੇ ਖਤਰੇ ਵਧਣਗੇ ਅਤੇ ਭਾਰਤ ਦੇ ਲਈ ਇਹ ਖਤਰੇ ਬੇਹੱਦ ਵੱਧ ਡਰਾਉਣ ਵਾਲੇ ਹੋਣਗੇ।

ਪਿਛਲੇ ਦਿਨੀਂ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਸਾਹਮਣੇ ਆਈ ਸੀ, ਜਿਸ ਵਿਚ ਕੁਝ ਖਤਰਿਆਂ ਨੂੰ ਲੈ ਕੇ ਸ਼ੰਕਾ ਜਾਹਿਰ ਕੀਤੀ ਗਈ ਸੀ। ਇਸ ਦੇ ਬਾਅਦ ਜੋ ਰਿਪੋਰਟ ਆਈ ਹੈ, ਉਸ ਵਿਚ ਵੀ ਇਹੋ ਜਿਹੇ ਖਤਰਿਆਂ ਨੂੰ ਦੁਹਰਾ ਕੇ ਉਸ 'ਤੇ ਕਰੀਬ-ਕਰੀਬ ਮੋਹਰ ਹੀ ਲਗਾ ਦਿੱਤੀ ਹੈ। ਇਹ ਗੱਲ ਸਮਝਦੇ ਹਾਂ ਕਿ ਜਲਵਾਯੂ ਪਰਿਵਰਤਨ ਨੂੰ ਲੈ ਕੇ ਹੋਣ ਵਾਲੇ ਖਤਰੇ ਦੇ ਮਾਮਲੇ ਵਿਚ ਭਾਰਤ ਦੇ ਲਈ ਨਵੀਂ ਰਿਪੋਰਟ ਕਿੰਨੀ ਡਰਾਉਣੀ ਹੈ। ਕਿੰਨੀ ਜਨਸੰਖਿਆ ਅਤੇ ਕਿਹੜੇ-ਕਿਹੜੇ ਖੇਤਰ ਇਸ ਨਾਲ ਇਹਨਾਂ ਖਤਰਿਆਂ ਤੋਂ ਪ੍ਰਭਾਵਿਤ ਹੋਣਗੇ।

**ਹੀਟ ਵੇਵ ਦਾ ਖਤਰਾ:**

ਸਭ ਤੋਂ ਪਹਿਲਾਂ ਜਾਣਦੇ ਹਾਂ ਭਾਰਤ ਵਿਚ 'ਹੀਟ ਵੇਵ' ਦੇ ਖਤਰਿਆਂ ਦੇ ਬਾਰੇ ਵਿਚ।

ਭਾਰਤ ਦਾ ਕਰੀਬ 54 ਪ੍ਰਤੀਸ਼ਤ ਭੂਗੋਲਿਕ ਹਿੱਸਾ ਖੁਸ਼ਕ ਅਤੇ ਸੈਮੀ-ਏਰਿਡ ਕੰਡੀਸਨਸ ਵਿਚ ਜਲਵਾਯੂ ਆਉਂਦਾ ਹੈ। ਰਿਪੋਰਟ ਦੇ ਅਨੁਸਾਰ ਨਿਕਾਸ ਦੇ ਆਧਾਰ 'ਤੇ ਅਸੀਂ ਕਰੀਬ 10 ਤੋਂ 20 ਸਾਲ ਵਿਚ ਤਾਪਮਾਨ ਦੇ ਮਾਮਲੇ ਵਿਚ 1.5 ਡਿਗਰੀ ਦੇ ਵਾਧੇ ਤੱਕ ਪਹੁੰਚ ਜਾਵੇਗਾ। ਇਹ ਭਾਰਤ ਦੇ ਲਈ ਬੇਹੱਦ ਖਤਰਨਾਕ ਉਦਾਹਰਣ ਹੋਵੇਗੀ, ਕਿਉਂਕਿ ਗਰਮੀ ਵਧਣ ਨਾਲ ਭਾਰਤ ਦੇ 50ਵੇਂ ਹਿੱਸੇ ਅਤੇ ਇਹੋ ਜਿਹੇ ਲੋਕਾਂ 'ਤੇ ਭਾਰੀ ਅਸਰ ਪਵੇਗਾ, ਜਿਹਨਾਂ ਦਾ ਜੀਵਨ ਸਿੱਧੇ ਤੌਰ ਤੇ ਵਾਤਾਵਰਣ 'ਤੇ ਨਿਰਭਰ ਕਰਦਾ ਹੈ। ਗਰਮੀ ਦੇ ਇਸ ਵਾਧੇ ਦੇ ਬਾਰੇ ਵਿਚ ਰਿਪੋਰਟ ਅਤੇ ਮਾਹਿਰਾਂ ਦਾ ਦਾਅਵਾ ਹੈ ਕਿ ਇਸ ਗਤੀ ਨਾਲ ਗਰਮੀ ਵਧਣਾ ਮਨੁੱਖ ਜਾਤੀ ਦੇ ਇਤਿਹਾਸ ਵਿਚ 2000 ਸਾਲ ਵਿਚ ਪਹਿਲੀ ਵਾਰ ਦੇਖਿਆ ਗਿਆ ਹੈ। ਲੱਖਾਂ ਕਰੋੜਾਂ ਲੋਕ ਇਸ ਤੋਂ ਪ੍ਰਭਾਵਿਤ ਹੋਣਗੇ।

**ਖਤਰੇ ਦਾ ਸਭ ਤੋਂ ਵੱਡਾ ਕਾਰਨ 'ਮਨੁੱਖ'**

ਰਿਪੋਰਟ ਕਹਿੰਦੀ ਹੈ ਕਿ ਕੁਝ ਹੀ ਸਮੇਂ ਵਿਚ ਆਉਣ ਵਾਲੇ ਇਸ ਖਤਰੇ ਦਾ ਸਭ ਤੋਂ ਵੱਡਾ ਕਾਰਨ ਖੁਦ ਮਨੁੱਖ ਹੈ। ਤਾਪਮਾਨ ਵਾਧਾ ਕਾਰਬਨ ਡਾਈਆਕਸਾਈਡ ਅਤੇ ਮੀਥੇਨ ਜਿਹੀ ਗਰਮੀ ਨੂੰ ਸੁਕਾਉਣ ਵਾਲੀਆਂ ਗੈਸਾਂ ਦੇ ਵਿਕਾਸ ਦੀ ਵਜ੍ਹਾ ਨਾਲ ਹੋਇਆ ਹੈ। ਸਭ ਤੋ ਵੱਡੀ ਗੱਲ ਇਹ ਹੈ ਕਿ ਇਸ ਵਿਚ ਇਨਸਾਨਾਂ ਰਾਹੀਂ ਕੋਇਲਾ, ਤੇਲ, ਲੱਕੜੀ ਅਤੇ ਹੋਰ ਕੁਦਰਤੀ ਗੈਸ ਜਿਹੇ ਜੀਵਾਸ਼ਮ ਈਂਧਨ ਆਦਿ ਜਲਾਇਆ ਜਾਣਾ ਇਸ ਦਾ ਕਾਰਨ ਹੈ।

ਵਿਗਿਆਨਕਾਂ ਦੇ ਅਨੁਸਾਰ 14ਵੀਂ ਸਦੀ ਤੋਂ ਹੁਣ ਤੱਕ ਜਲਵਾਯੂ ਪ੍ਰਦੂਸ਼ਣ ਵਿਚ ਹੋਏ ਵਾਧੇ ਵਿਚ ਕੁਦਰਤੀ ਕਾਰਨਾਂ ਦਾ ਯੋਗਦਾਨ ਨਾਂਹ ਦੇ ਬਰਾਬਰ ਹੈ, ਜਦਕਿ ਹੁਣ ਇਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਇਨਸਾਨਾਂ ਦੀਆਂ ਸਰਗਰਮੀਆਂ ਨੂੰ ਦੱਸਿਆ ਗਿਆ ਹੈ।

**200 ਦੇਸ਼ ਲੜ ਰਹੇ 'ਕਲਾਈਮੇਟ ਚੇਂਜ' ਦੇ ਖਿਲਾਫ**

ਸਾਲ 2015 ਵਿਚ ਪੈਰਿਸ ਜਲਵਾਯੂ ਸਮਝੌਤਾ ਹੋਇਆ ਸੀ, ਜਿਹਦੇ ਵਿਚ 200 ਦੇਸ਼ਾਂ ਨੇ ਇਕ ਇਤਿਹਾਸਕ ਜਲਵਾਯੂ ਸਮਝੌਤੇ 'ਤੇ ਹਸਤਾਖਰ ਕੀਤੇ ਸਨ, ਇਕ ਸਮਝੌਤੇ ਦਾ ਮਕਸਦ ਸੀ ਦੁਨੀਆਂ ਵਿਚ ਹੋ ਰਹੇ ਵਾਧੇ ਨੂੰ 2 ਡਿਗਰੀ ਸੈਲਸੀਅਸ (3.6 ਡਿਗਰੀ ਫਾਰਨਹੀਟ) ਤੋਂ ਘੱਟ ਰੱਖਣਾ। ਇਸ ਦੇ ਨਾਲ ਹੀ ਇਹ ਤੈਅ ਕਰਨਾ ਕਿ ਇਹ ਪਹਿਲੇ ਉਦਯੋਗਿਕ ਸਮੇਂ ਦੀ ਤੁਲਨਾ ਵਿਚ ਸਦੀ ਦੇ ਅੰਤ ਤੱਕ 1.5 ਡਿਗਰੀ ਸੈਲਸੀਅਸ ਨਾਲੋਂ ਵੱਧ ਨਾ ਹੋਵੇ।

ਰਿਪੋਰਟ ਵਿਚ ਸ਼ਾਮਲ 200 ਤੋਂ ਵੱਧ ਲੇਖਕਾਂ ਦਾ ਮੰਨਣਾ ਹੈ ਕਿ ਕਿਸੇ ਵੀ ਸਥਿਤੀ ਵਿਚ ਦੁਨੀਆਂ 2030 ਤੱਕ 1.5 ਡਿਗਰੀ ਸੈਲਸੀਅਸ ਤਾਪਮਾਨ ਦੇ ਅੰਕੜੇ ਨੂੰ ਪਾਰ ਕਰ ਲਵੇਗੀ। ਇਹ ਸ਼ੰਕਾ ਪੁਰਾਣੇ ਪਹਿਲਾਂ ਲਗਾਏ ਗਏ ਅਨੁਮਾਨਾਂ ਤੋਂ ਕਾਫੀ ਪਹਿਲਾਂ ਦੀ ਹੈ।

**ਦੁਨੀਆਂ ਦੇ 234 ਵਿਗਿਆਨਕਾਂ ਦੀ ਇਸ ਰਿਪੋਰਟ ਵਿਚ ਕੀ ਹੈ:**

ਇਹ 3000 ਸਫਿਆਂ ਨਾਲੋਂ ਵੱਧ ਦੀ ਰਿਪੋਰਟ ਹੈ। ਇਸ ਨੂੰ ਦੁਨੀਆਂ ਦੇ 234 ਵਿਗਿਆਨਕਾਂ ਨੇ ਤਿਆਰ ਕੀਤਾ ਹੈ। ਜਿਹਦੇ ਵਿਚ ਕਿਹਾ ਗਿਆ ਹੈ ਕਿ ਤਾਪਮਾਨ ਨਾਲ ਸਮੁੰਦਰ ਦਾ ਪੱਧਰ ਵੱਧ ਰਿਹਾ ਹੈ, ਬਰਫ ਦਾ ਘੇਰਾ ਸੁੰਗੜ ਰਿਹਾ ਹੈ ਅਤੇ ਪ੍ਰਚੰਡ ਲੂ, ਸੋਕਾ, ਹੜ੍ਹ ਅਤੇ ਤੂਫਾਨ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਗੌਰਤਲਬ ਹੈ ਕਿ 2020-2021 ਵਿਚ ਹੀ ਕਈ ਖੇਤਰਾਂ ਵਿਚ ਇਹ ਸਭ ਦੇਖਣ ਨੂੰ ਮਿਲ ਰਿਹਾ ਹੈ। ਉਤਰ ਅਤੇ ਦੱਖਣ ਚੱਕਰਵਾਤ ਅਤੇ ਮਜ਼ਬੂਤ ਅਤੇ ਬਾਰਿਸ਼ ਵਾਲੇ ਹੋ ਰਹੇ ਹਨ, ਜਦਕਿ ਆਰਕਟਿਕ ਸਮੁੰਦਰ ਵਿਚ ਗਰਮੀਆਂ ਵਿਚ ਬਰਫ ਪਿਘਲ ਰਹੀ ਹੈ ਅਤੇ ਇਸ ਖੇਤਰ ਵਿਚ ਹਮੇਸ਼ਾ ਜੰਮੀ ਰਹਿਣ ਵਾਲੀ ਬਰਫ ਦਾ ਘੇਰਾ ਘੱਟ ਰਿਹਾ ਹੈ।

ਰਿਪੋਰਟ ਦੇ ਅਨੁਸਾਰ ਇਹ ਸਭ ਕੁਝ ਹੋਰ ਵੱਧ ਤਬਾਹੀ ਵਾਲਾ ਹੁੰਦਾ ਜਾਵੇਗਾ। ਰਿਪੋਰਟ ਵਿਚ ਇਹ ਵੀ ਹੈ ਕਿ ਇਨਸਾਨਾਂ ਰਾਹੀਂ ਵਾਯੂਮੰਡਲ ਵਿਚ ਨਿਕਾਸ ਕੀਤੀਆਂ ਜਾ ਚੁੱਕੀਆਂ ਹਰੀਆਂ ਗੈਸਾਂ ਦੇ ਕਾਰਨ ਤਾਪਮਾਨ ਨਿਰਧਾਰਿਤ ਹੋ ਚੁੱਕਿਆ ਹੈ। ਜਿਸਦਾ ਮਤਲਬ ਹੈ ਕਿ ਜੇਕਰ ਨਿਕਾਸੀ ਵਿਚ ਕੋਈ ਕਮੀ ਆ ਵੀ ਜਾਂਦੀ ਹੈ ਤਾਂ ਵੀ ਕੁਝ ਇਹੋ ਜਿਹੇ ਤਬਾਹੀ ਵਾਲੇ ਬਦਲਾਅ ਹੋਣਗੇ, ਜਿਹਨਾਂ ਨੂੰ ਕਈਆਂ ਸਦੀਆਂ ਤੱਕ ਠੀਕ ਨਹੀਂ ਕੀਤਾ ਜਾ ਸਕੇਗਾ।

**ਕੀ ਹੋਵੇਗਾ ਭਾਰਤ ਵਿਚ:**

ਭਾਰਤ ਬਾਰਿਸ਼, ਹੜ੍ਹ, ਗਲੇਸ਼ੀਅਰ ਦਾ ਪਿਘਲਣਾ ਅਤੇ ਸੋਕੇ ਵਰਗੀਆਂ ਆਫਤਾਂ ਝੱਲਦਾ ਰਿਹਾ ਹੈ। ਕੀ ਇਹ ਹੋਰ ਜ਼ਿਆਦਾ ਵਧਣਗੇ। ਇਸ ਰਿਪੋਰਟ ਵਿਚ ਸਾਫ ਹੈ ਕਿ ਇਹ ਸਾਰੀਆਂ ਘਟਨਾਵਾਂ, ਇਹਨਾਂ ਦੀ ਤੀਬਰਤਾ, ਇਹਨਾਂ ਦੀ ਗੰਭੀਰਤਾ ਵੱਡੀ ਪੱਧਰ ਤੇ ਭਵਿੱਖ ਵਿਚ ਦੇਖਣ ਨੂੰ ਮਿਲੇਗੀ। ਇਸ ਨਾਲ ਭਾਰਤ ਦੇ ਲੋਕਾਂ 'ਤੇ ਭਾਰੀ ਅਸਰ ਪਵੇਗਾ।ਖਾਸ ਕਰ ਇਹੋ ਜਿਹੇ 40 ਕਰੋੜ ਲੋਕਾਂ 'ਤੇ ਜਿਹਨਾਂ ਦਾ ਰੋਜ਼ਗਾਰ ਵਾਤਾਵਰਣ ਅਤੇ ਇਹੋ ਜਿਹੇ ਸਾਧਨਾਂ ਨਾਲ ਚੱਲਦਾ ਹੈ।

ਤੱਟਵਰਤੀ ਇਲਾਕਿਆਂ ਵਿਚ ਸਮੁੰਦਰ ਪੱਧਰ ਵਧੇਗਾ, ਜਿਹਦੇ ਨਾਲ ਹੜ੍ਹ ਦਾ ਸੰਕਟ ਹੋਵੇਗਾ, ਭਾਰਤੀ ਟਾਪੂਆਂ ਦੇ ਲਈ ਇਹ ਕਿੰਨਾ ਖਤਰਨਾਕ ਹੈ। ਸਮੁੰਦਰ ਦਾ ਗਲੋਬਲ ਔਸਤਨ 0.20 (0.15 ਤੋਂ 0.25) ਤੱਕ 1901 ਅਤੇ 2018 ਦੇ ਵਿਚਕਾਰ ਵਧਿਆ ਹੈ। 1901-1977 ਦੇ ਵਿਚਕਾਰ ਔਸਤਨ ਵਾਧਾ 1.3 (0.6 ਤੋਂ 2.1) ਤੱਕ ਹਰੇਕ ਸਾਲ, 1971-2006 ਦੇ ਵਿਚ 1.9 (0.8 ਤੋਂ 2.9) ਤੱਕ ਹਰੇਕ ਸਾਲ ਅਤੇ 2006-2018 ਦੇ ਵਿਚ 3.7 (3.2 ਤੋਂ 4.2) ਹਰੇਕ ਸਾਲ ਦੀ ਦਰ ਨਾਲ ਵਧਿਆ ਹੈ। ਵਿਗਿਆਨਕਾਂ ਦਾ ਦਾਅਵਾ ਹੈ ਕਿ ਹੁਣ ਜਿਹੇ ਜਿਹੇ ਹਾਲਾਤ ਹਨ, ਜੇਕਰ ਉਵੇਂ ਹੀ ਚਲਦਾ ਰਿਹਾ ਤਾਂ ਸਮੁੰਦਰੀ ਪੱਧਰ ਹੋਰ ਵਧੇਗਾ ਅਤੇ 190 ਦੇ ਬਾਅਦ ਤੋਂ ਔਸਤਨ ਸਮੁੰਦਰੀ ਪੱਘਰ ਦਾ ਵਧਣਾ ਇਸ ਤੋਂ 3000 ਪਹਿਲਾਂ ਤੱਕ ਨਹੀਂ ਦੇਖਿਆ ਗਿਆ ਸੀ।ਭਾਰਤ ਦਾ ਤੱਟ 7500 ਕਿਲੋਮੀਟਰ ਲੰਬਾ ਹੈ ਅਤੇ ਇਸ ਦੇ ਕਿਨਾਰੇ ਭਾਰੀ ਆਬਾਦੀ ਰਹਿੰਦੀ ਹੈ ਜੋ ਪਸ਼ੂ-ਪਾਲਣ ਅਤੇ ਸੈਰ ਸਪਾਟਾ ਜਿਹੇ ਰੁਜ਼ਗਾਰ 'ਤੇ ਨਿਰਭਰ ਹੈ। ਇਹ ਸਭ ਪੂਰੀ ਤਰ੍ਹਾਂ ਨਾਲ ਖਤਰੇ ਵਿਚ ਹੈ।

**ਇਹਨਾਂ ਆਫਤਾਂ ਨਾਲ ਨਜਿੱਠਣ ਦੇ ਲਈ ਭਾਰਤ ਦੀ ਕਿੰਨੀ ਤਿਆਰੀ**

ਭਾਰਤ ਵਿਚ ਕਈ ਨੀਤੀਆਂ ਹਨ, ਪਰ ਧਰਾਤਲ 'ਤੇ ਲਾਗੂ ਨਹੀਂ ਹੁੰਦੀਆਂ ਹਨ। ਅਜੇ ਜਲਵਾਯੂ ਪਰਿਵਰਤਨ ਦੇ ਮੁੱਦੇ ਨੂੰ ਵਾਤਾਵਰਣ ਅਤੇ ਵਣ ਮੰਤਰਾਲੇ ਦਾ 'ਬੈਕਯਾਰਡ ਸਮੂਹ' ਦੇਖਦਾ, ਸਮਝਦਾ ਅਤੇ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਵਿਸ਼ੇ ਨੂੰ ਵੱਖ-ਵੱਖ ਵਿੰਗ ਨੂੰ ਦੇਖਣਾ ਚਾਹੀਦਾ, ਇਸ ਦੇ ਲਈ ਵੱਖ-ਵੱਖ ਵਿਭਾਗ ਹੋਣ, ਕਿਉਂਕਿ ਜਲਵਾਯੂ ਪਰਿਵਰਤਨ ਅੱਜ ਵਾਤਾਵਰਣ ਜਾਂ ਜੰਗਲਾਂ ਨਾਲੋਂ ਕਿਤੇ ਵੱਧ ਵੱਡਾ ਮਾਮਲਾ ਹੈ। ਜਲਵਾਯੂ ਪਰਿਵਰਤਨ ਦੇ ਲਈ ਨਵਾਂ ਅਤੇ ਵੱਖਰਾ ਮਹਿਕਮਾ ਚਾਹੀਦਾ, ਜੋ ਇਸ ਦੀਆਂ ਚੁਣੌਤੀਆਂ ਨਾਲ ਨਿਬੜੇ। ਭਾਰਤ ਦੇ ਲਈ ਸਮੁੰਦਰ, ਗਲੇਸ਼ੀਅਰ ਅਤੇ ਗਰਮੀ ਤਿੰਨੋ ਖਤਰਾ ਹਨ।

ਕੀ ਭਾਰਤ ਨੂੰ ਅੰਤਰ ਰਾਸ਼ਟਰੀ ਸਹਿਯੋਗ ਮਿਲਿਆ ਹੈ ਜਾਂ ਮਿਲੇਗਾ। ਭਾਰਤ ਦੇ ਕੋਲ ਅੰਤਰ ਰਾਸ਼ਟਰੀ ਸਹਿਯੋਗ ਨਹੀਂ ਹੈ। ਭਾਰਤ ਨੂੰ ਦੂਸਰੇ ਖੇਤਰਾਂ ਦੀ ਤਰ੍ਹਾਂ ਜਲਵਾਯੂ ਪਰਿਵਰਤਨ ਵਿਚ ਵੀ ਇਕ ਲੀਡਰ ਦੀ ਭੂਮਿਕਾ ਵਿਚ ਆਉਣਾ ਪਵੇਗਾ, ਉਸ ਨੂੰ ਵਿਸ਼ਵ ਤਬਕੇ ਨਾਲ ਗੱਲ ਕਰਨੀ ਹੋਵੇਗੀ, ਉਹਨਾਂ ਦਾ ਸਮਰਥਨ ਹਾਸਲ ਕਰਨਾ ਹੋਵੇਗਾ। ਨਾਲ ਹੀ ਆਪਣੀਆਂ ਯੋਜਨਾਵਾਂ ਨੂੰ ਸਖਤੀ ਨਾਲ ਲਾਗੂ ਕਰਨਾ ਹੋਵੇਗਾ।



**ਮੂਲ- ਨਵੀਨ ਰੰਗਿਆਲ**
**ਅਨੁਵਾਦ-**
**ਨਿਰਮਲ ਪ੍ਰੇਮੀ ਰਾਮਗੜ੍ਹ**
**94631-61691**

# ਪੁਸਤਕ ਸਮੀਖਿਆ/ ਮਿੱਟੀ ਬੋਲ ਪਈ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਨਾਵਲਕਾਰ: ਬਲਬੀਰ ਮਾਧੋਪੁਰੀ**
**ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ,**
**ਪੰਨੇ: 302, ਮੁੱਲ:350/-**

ਪੰਜਾਬੀ ਦੇ ਨੋਬੇਲ ਪੁਰਸਕਾਰ ਮੰਨੇ ਜਾਂਦੇ ਢਾਹਾਂ ਪੁਰਸਕਾਰ ਜੇਤੂ ਨਾਵਲ 'ਮਿੱਟੀ ਬੋਲ ਪਈ' ਦੀ ਸਿਰਜਣਾ ਉੱਘੇ ਸਾਹਿਤਕਾਰ ਬਲਬੀਰ ਮਾਧੋਪੁਰੀ ਦੁਆਰਾ ਕੀਤੀ ਗਈ ਹੈ। ਇਸ ਨਾਵਲ ਰਾਹੀਂ ਲੇਖਕ ਨੇ ਹਾਸ਼ੀਆਗਤ ਕੀਤੇ ਲੋਕਾਂ ਦੀ ਦਾਸਤਾਨ ਨੂੰ ਇਤਿਹਾਸਕ ਤੱਥਾਂ ਨਾਲ ਪੇਸ਼ ਕੀਤਾ ਹੈ।ਇਸ ਦੇਸ਼ ਦੇ ਅਸਲੀ ਮਾਲਕਾਂ ਨੂੰ ਧਾੜਵੀਆਂ ਨੇ ਕਿਵੇਂ ਰੋਲ਼ਿਆ, ਫਿਰ ਬਾਅਦ ਵਿਚ ਜਾਤਾਂ ਪਾਤਾਂ ਦੀ ਜ਼ੰਜ਼ੀਰਾਂ ਵਿਚ ਬੰਨ ਕੇ ਗੁਲਾਮ ਬਣਾ ਲਿਆ।ਇਸ ਗੁਲਾਮੀ ਦੇ ਜੂਲੇ ਹੇਠ ਜੀਅ ਰਹੇ ਲੋਕਾਂ ਦੇ ਸੰਘਰਸ਼ਮਈ ਜੀਵਨ, ਲੋਕ ਬੋਲੀ,ਖਾਸਕਰ ਦੁਆਬੇ ਦੇ ਕੰਢੀ ਇਲਾਕੇ ਦੀ ਬੋਲੀ ਰਾਹੀਂ ਪੇਸ਼ ਕੀਤਾ ਹੈ। ਇਥੋਂ ਦੇ ਭੂਗੋਲਿਕ, ਸਮਾਜਿਕ, ਰਾਜਸੀ, ਧਾਰਮਿਕ,ਵਪਾਰਿਕ ਅਤੇ ਕੁਦਰਤੀ ਵਾਤਾਵਰਨ ਦਾ ਕਮਾਲ ਦਾ ਚਿਤਰਣ ਕੀਤਾ ਗਿਆ ਹੈ। ਇਸ ਨਾਵਲ ਨੂੰ ਆਕਸਫੋਰਡ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਸਵੈਜੀਵਨੀ 'ਛਾਂਗਿਆ ਰੁੱਖ' ਦਾ ਅਗਲਾ ਭਾਗ ਵੀ ਮੰਨਿਆ ਜਾ ਸਕਦਾ ਹੈ।ਅਸਲ ਵਿਚ ਇਹ ਲੇਖਕ ਦੇ ਬਾਲਪੰਨ ਤੋਂ ਸ਼ੁਰੂ ਹੋ ਕੇ ਜੁਆਨੀ ਤਕ ਦੇ ਸਫ਼ਰ ਦਾ ਮਾਰਮਿਕ ਬਿਆਨ ਹੈ।

ਲੇਖਕ ਗੋਰੇ ਦੀ ਆਪਣੇ ਬਾਬੇ ਨਾਲ ਯਾਰੀ ਕਮਾਲ ਦਾ ਗਿਆਨ ਵਿਗਿਆਨ ਸਿੱਖਾਉਂਦੀ ਹੈ। ਉਸਦਾ ਸਾਥ ਹੀ ਉਸਦੀ ਜੀਵਨ ਰੇਖਾ ਨੂੰ ਉਚਾਣਾਂ ਵੱਲ ਨੂੰ ਲੈ ਕੇ ਤੁਰਦਾ ਹੈ।ਜਦੋਂ ਉਹ ਬਾਬੇ ਨਾਲ ਇਸ ਇਲਾਕੇ ਦੇ ਵੱਖ ਵੱਖ ਥਾਵਾਂ ਵਿਚ ਵਿਚਰਦਾ ਹੈ ਤਾਂ ਬਾਬਾ ਉਸਨੂੰ ਉਹਨਾਂ ਥਾਵਾਂ ਦੀ ਇਤਿਹਾਸਕ ਮਹਾਨਤਾ ਤੋਂ ਜਾਣੂ ਕਰਵਾਉਂਦਾ ਜਾਂਦਾ ਹੈ।ਇਥੋਂ ਤਕ ਕੇ ਸਭ ਤੋਂ ਪਹਿਲਾਂ ਉਹ ਉਸਨੂੰ ਵਾਤਾਵਰਨ ਪ੍ਰੇਮੀ ਬਣਾਉਂਦਾ ਹੈ।ਜਿਸ ਰਾਹੀਂ ਪਹਾੜਾਂ, ਝਰਨਿਆਂ, ਸੀਰਾਂ, ਚੋਆਂ, ਬਾਗਾਂ ਅਤੇ ਦਰੱਖਤਾਂ ਦੀ ਮਹੱਤਤਾ ਦਰਸਾਉਂਦਾ ਹੈ।

ਇਸ ਇਲਾਕੇ ਦੇ ਫਲ ਅੰਬਾਂ ਦੀਆਂ ਕਿਸਮਾਂ ਬਾਰੇ ਵੀ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ। ਬਾਬੇ ਦੇ ਭੂਗੋਲਿਕ ਗਿਆਨ ਅਤੇ ਵਿਗਿਆਨ ਦੀ ਕਸਵੱਟੀ ਗੋਰੇ ਦੀ ਬੁੱਧੀ ਦੇ ਸਭ ਬੰਦ ਦਰ ਦਰਵਾਜਿਆਂ ਨੂੰ ਸਹਿਜੇ ਸਹਿਜੇ ਖੋਲ੍ਹਦੀ ਜਾਂਦੀ ਹੈ। ਵਪਾਰਕ ਕੇਂਦਰ ਵਜੋਂ ਮਸ਼ਹੂਰ ਜੇਜੋਂ ਸ਼ਹਿਰ ਇਸ ਨਾਵਲ ਦਾ ਕੇਂਦਰੀ ਧੁਰਾ ਕਿਹਾ ਜਾ ਸਕਦਾ ਹੈ।

ਜਿਥੋਂ ਅੰਗਰੇਜ਼ਾਂ ਵੇਲੇ ਰਸ਼ੀਆ, ਚੀਨ ਅਤੇ ਹੋਰ ਦੇਸ਼ਾਂ ਤਕ ਵਪਾਰ ਹੁੰਦਾ ਰਿਹਾ।ਚਮੜੇ ਦੇ ਕਾਰੋਬਾਰ ਲਈ ਬਾਬੇ ਨਾਲ ਗੋਰਾ ਮਾਹਿਲਪੁਰ , ਹੁਸ਼ਿਆਰਪੁਰ, ਦਸੂਹਾ, ਤਲਵਾੜਾ, ਮੁਕੇਰੀਆਂ ਰਾਹੀਂ ਹੁੰਦਾ ਹੋਇਆ ਲਾਹੌਰ ਅਤੇ ਮੁਲਤਾਨ ਤਕ ਦੀ ਯਾਤਰਾ ਕਰਦਾ ਦਰਗਾਹਾਂ ਅਤੇ ਹੋਰ ਮਹਿਲ ਮੁਨਾਰਿਆਂ ਦੀ ਵਾਕਫੀਅਤ ਹਾਸਲ ਕਰਦਾ ਹੈ। ਉਹ ਬਚਪਨ ਤੋਂ ਹੀ ਤਕੜਾ ਅਤੇ ਚੁਕੰਨਾ ਬਣ ਜਾਂਦਾ ਹੈ।ਬਾਅਦ ਵਿਚ ਬਾਬੇ ਦੇ ਕਾਰੋਬਾਰ ਵਿਚ ਵੀ ਹੱਥ ਵਟਾਉਂਦਾ ਹੈ।




ਨਾਵਲ ਦਾ ਦੂਜਾ ਅਹਿਮ ਪੱਖ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੁਆਰਾ ਆਦਿ ਧਰਮੀਆਂ ਲਈ ਆਰੰਭੀ ਆਦਿ ਧਰਮ ਇਨਸਾਨੀਅਤ ਦੀ ਲਹਿਰ ਹੈ।ਜਿਸ ਰਾਹੀਂ ਅਛੂਤ ਜਾਤਾਂ ਨੂੰ ਲਾਮਬੰਦ ਕਰਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ।ਗੋਰਾ ਬਾਬੇ ਨਾਲ ਬਾਬੂ ਇਹਨਾਂ ਸਭ ਜਲਸਿਆਂ ਵਿਚ ਬਾਬੂ ਜੀ ਦੇ ਭਾਸ਼ਣ ਸੁਣਦਾ ਹੋਇਆ ਆਪਣੇ ਆਪ ਨੂੰ ਇਸ ਸਮਾਜਿਕ ਪਰਿਵਰਤਨ ਵਿਚ ਸ਼ਾਮਿਲ ਕਰਨ ਦੀ ਤਿਆਰੀ ਕਰਦਾ ਹੈ।ਗਦਰ ਲਹਿਰ ਤੋਂ ਆਰੰਭ ਹੋਇਆ ਇਹ ਨਾਵਲ 1947 ਤਕ ਪਸਰ ਜਾਂਦਾ ਹੈ।ਦੂਜੀ ਵਿਸ਼ਵ ਜੰਗ ਦੌਰਾਨ ਚਮਾਰ ਰਜਮੈਂਟ ਰਾਹੀਂ ਭਰਤੀ ਕੀਤੇ ਅਤੇ ਜੰਗ ਵਿਚ ਸ਼ਹੀਦ ਹੋਏ ਜੁਆਨਾਂ ਦਾ ਵੇਰਵਾ ਵੀ ਬੜੇ ਮਾਣ ਸਨਮਾਨ ਨਾਲ ਪੇਸ਼ ਕੀਤਾ ਗਿਆ ਹੈ।ਬਾਬੂ ਜੀ ਨੇ ਮੁੱਖ ਜ਼ੋਰ ਵਿੱਦਿਆ ਗ੍ਰਹਿਣ ਕਰਨ ਤੇ ਦਿੱਤਾ।ਜਿਸ ਵਾਸਤੇ ਅਛੂਤ ਜਾਤਾਂ ਦੇ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਦਾਖਲੇ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਗੋਰੇ ਦੀ ਪੜ੍ਹਾਈ ਦਾ ਪ੍ਰਬੰਧ ਵੀ ਬੜੀਆਂ ਮੁਸ਼ਕਿਲਾਂ ਨਾਲ ਵੱਖ ਵੱਖ ਸਕੂਲਾਂ ਵਿਚ ਕੀਤਾ ਜਾਂਦਾ ਰਿਹਾ। ਦੂਸਰੀ ਆਲਮੀ ਜੰਗ ਮੌਕੇ ਦੋ ਧੜਿਆਂ ਵਿਚ ਵੰਡੇ ਦੇਸ਼ਾਂ ਦੀ ਹੋਈ ਕਤਲੋਗਾਰਤ ਵਿਚ ਜਰਮਨੀ ਦੇ ਤਾਨਾਸ਼ਾਹ ਹਿਟਲਰ ਦੁ-ਆਰਾ ਆਪਣਾ ਅਤੇ ਪਰਿਵਾਰ ਦਾ ਆਤਮ ਹੱਤਿਆ ਕਰਕੇ ਅੰਤ ਕਰਨਾ ਇਹ ਦਰਸਾਉਂਦਾ ਹੈ ਕਿ ਅਜ ਤਕ ਯੁੱਧ ਵਿਚੋਂ ਕਿਸੇ ਨੇ ਵੀ ਕੁਝ ਨਹੀਂ ਖੱਟਿਆ।

ਗੋਰੇ ਦੇ ਬਾਬੇ ਦੀ ਸ਼ਖਸ਼ੀਅਤ ਦੀਆਂ ਗੰਢੇ ਦੀ ਛਿਲਕ ਵਾਂਗ ਅਨੇਕਾਂ ਪਰਤਾਂ ਹਨ। ਅਸਲ ਵਿਚ ਉਹ ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਵਾਲਾ ਸੱਚਾ ਸੁੱਚਾ ਸਮੇਂ ਦਾ ਹਾਣੀ ਇਨਸਾਨ ਹੈ। ਪੜ੍ਹਨ ਦਾ ਸ਼ੌਕੀਨ, ਜੁਤੀਆਂ ਦਾ ਕਾਰੀਗਰ, ਸਰੰਗੀ ਵਜਾਉਣ ਦੀ ਕਲਾ ਦਾ ਮਾਹਿਰ ਅਤੇ ਗੁਰਬਾਣੀ ਦਾ ਗਿਆਤਾ ਹੈ। ਇਸੇ ਕਰਕੇ ਆਪਣੇ ਪੋਤੇ ਦੀ ਸਰਬਪੱਖੀ ਸ਼ਖਸ਼ੀਅਤ ਦਾ ਨਿਰਮਾਣ ਕਰਨ ਵਿਚ ਸਫ਼ਲ ਹੁੰਦਾ ਹੈ। ਉਸਦੇ ਪਰਉਪਕਾਰਾਂ ਦਾ ਸਿਖਰ ਉਦੋਂ ਹੋ ਨਿਬੜਦਾ ਹੈ ਜਦੋਂ 1947 ਦੀ ਮਾੜੀ ਹਵਾ ਵਿਚ ਫਾਤਿਮਾ ਤੇ ਰੁਕਈਆ ਦਾ ਵਿਆਹ ਆਪਣੇ ਪਰਿਵਾਰ ਵਿਚ ਕਰਕੇ ਬਹੂਆਂ ਬਣਾ ਲੈਂਦਾ ਹੈ। ਦਾਦੀ ਬਚਨੀ ਵੀ ਪੜ੍ਹੀ ਲਿਖੀ ਹੋਣ ਕਰਕੇ ਆਪਣੀਆਂ ਸਾਥਣਾਂ ਨੂੰ ਸਮੇਂ ਦੀਆਂ ਵਗ-ਦੀਆਂ ਤੱਤੀਆਂ ਠੰਡੀਆਂ ਹਵਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਰਹਿੰਦੀ ਹੈ।ਆਦੀ ਡੰਕਾ ਅਤੇ ਗਦਰ ਵਰਗੀਆਂ ਅਖਬਾਰਾਂ ਖੁਦ ਪੜ੍ਹਦੀ ਅਤੇ ਗੋਰਾ ਵੀ ਇਹਨਾਂ ਅਖਬਾਰਾਂ ਅਤੇ ਬਾਬੇ ਦੇ ਰੋਜ਼ਨਾਮਚੇ (ਡਾਇਰੀ) ਵਿਚੋਂ ਇਤਿਹਾਸਕ ਤੱਥਾਂ ਦੀ ਡੂੰਘੀ ਵਾਕਫੀਅਤ ਹਾਸਲ ਕਰਦਾ ਹੈ। ਇਕ ਹੋਰ ਗੱਲ ਇਹ ਕਿ ਨਾਵਲ ਵਿਚ ਵਰਤੀ ਗਈ ਬੋਲੀ ਨੂੰ ਮੁਹਾਵਰਿਆਂ ਤੇ ਅਖਾਣਾਂ ਨਾਲ ਸ਼ਿੰਗਾਰਿਆ ਗਿਆ ਹੈ।'ਜਿਸ ਕਮਾਨ 'ਚੋਂ ਬਹੁਤੇ ਤੀਰ ਚੱਲੇ ਹੋਣ, ਉਹ ਢਿੱਲੀ ਪੈ ਜਾਂਦੀ ਹੈ'।ਅਜਿਹੇ ਮੁਹਾਂਵਰੇ ਇਸ ਨਾਵਲ ਦਾ ਠੁੱਕ ਬੰਨਦੇ ਹੋਏ ਪੰਜਾਬੀ ਮਾਂ ਬੋਲੀ ਦਾ ਤੁਰਲਾ ਉੱਚਾ ਕਰਦੇ ਹਨ।ਸ਼ਾਇਦ ਹੀ ਕੰਢੀ ਦਾ ਕੋਈ ਅਜਿਹਾ ਪੱਖ ਹੋਵੇਗਾ ਜਿਸਨੂੰ ਇਸ ਨਾਵਲ ਵਿਚ ਬੜੀ ਮਹੀਨ ਨਜ਼ਰ ਨਾਲ ਘੋਖਿਆ ਨਾ ਗਿਆ ਹੋਵੇ।ਪੂਰੇ ਤੰਤਰ ਦਾ ਵਿਸ਼ਲੇਸ਼ਣ, ਅਛੂਤਾਂ ਦੇ ਜ਼ਿੰਦਗੀ ਨਾਲ ਯੁੱਧ ਨੂੰ ਬਿਆਨ ਕਰਦਾ ਹੈ। ਧੀਆਂ ਭੈਣਾਂ ਦੀ ਰੁਲਦੀ ਪੱਤ ਅਤੇ ਜੀਵਨ ਦਾ ਨਾ ਕੋਈ ਮਿਲਦਾ ਹੱਕ। ਜਦੋਂ ਬਾਬਾ ਸਟੇਜ ਤੇ ਸ਼ਬਦ ਕੀਰਤਨ ਕਰਦਾ ਤਾਂ ਸਾਰੇ ਮੰਤਰ ਮੁਗਧ ਹੋ ਜਾਂਦੇ ਹਨ। ਉਹ ਗੁਰੂ ਕਬੀਰ ਅਤੇ ਗੁਰੂ ਰਵਿਦਾਸ ਦੇ ਸਲੋਕਾਂ ਨਾਲ ਸਾਰੀ ਲੁਕਾਈ ਦੀ ਸਮਾਨਤ ਦਾ ਸੁਨੇਹਾ ਪ੍ਰਚਾਰਦਾ ਹੈ। ਗੁਰੂ ਗੋਬੰਦ ਸਿੰਘ ਦੁਆਰਾ ਸਮਾਨਤਾ ਦੇ ਅਧਾਰ ਤੇ ਸਿਰਜੀ ਸਿੱਖ ਕੌਮ ਦਾ ਗੁਰ ਉਪਦੇਸ਼ ਤੋਂ ਉਕਣਾ ਵੀ ਇਸ ਨਾਵਲ ਦਾ ਇਕ ਅਹਿਮ ਬਿਰਤਾਂਤ ਹੈ। ਅਸੀਂ ਗੁਰੂ ਦੇ ਸਿੱਖ ਬਣਕੇ ਵੀ ਗੁਰੂ ਦੇ ਕਹੇ ਤੇ ਨਾ ਚੱਲੇ ਜਿਸ ਕਰਕੇ ਇਨਸਾਨੀਅਤ ਦਾ ਘਾਣ ਹੋਇਆ।

ਕੰਢੀ ਦੇ ਇਲਾਕੇ ਦੀਆਂ ਵਿਭਿੰਨਤਾਵਾਂ ਅਤੇ ਵਿਲਖਣਤਾਵਾਂ,ਇਥੇ ਵਸਦੇ ਲੋਕਾਂ ਦਾ ਜਨ-ਜੀਵਨ, ਚਮੜੇ ਦਾ ਕਾਰੋਬਾਰ, ਵਗਾਰ, ਉਚ ਜਾਤੀਆਂ ਦਾ ਅੱਤਿਆਚਾਰ, ਦੇਖਣਯੋਗ ਥਾਵਾਂ, ਇਨਸਾਨੀਅਤ ਨੂੰ ਬਚਾਉਣ ਦੇ ਉਪਰਾਲੇ ਸਮੇਤ ਅਨੇਕਾਂ ਹੋਰ ਪਹਿਲੂ ਇਸ ਨਾਵਲ ਨੂੰ ਵਿਸ਼ਵ ਸਾਹਿਤ ਵਿਚ ਸ਼ਮਾਲ ਕਰਦੇ ਹਨ। ਇਸਦਾ ਘੇਰਾ ਇਕ ਪਿੰਡ ਤੋਂ ਸ਼ੁਰੂ ਹੋ ਕੇ ਅਮਰੀਕਾ, ਜਰਮਨ, ਜਪਾਨ, ਰੂਸ, ਚੀਨ ਅਤੇ ਇੰਗਲੈਂਡ ਵਰਗੇ ਦੇਸ਼ਾਂ ਤਕ ਅੱਪੜ ਜਾਂਦਾ ਹੈ।

ਗੋਰੇ ਦੀ ਮਾਂ ਦਾ ਆਪਣੇ ਪਤੀ ਦੀ ਵਾਪਸੀ ਪ੍ਰਤੀ ਆਸਵੰਦ ਰਹਿਣਾ ਇਸ ਨਾਵਲ ਦਾ ਸਿਖਰ ਸਿਰਜਦਾ ਹੈ ਜੋ ਕਦੀ ਆਪਣੇ ਨਿਸ਼ਚੇ ਤੋਂ ਨਹੀਂ ਡੋਲਦੀ।ਹਕੂਮਤਾਂ ਨੂੰ ਰਾਹ ਦਿਖਾਉਣਾ, ਜੀਵਨ ਵਿਚ ਸੰਘਰਸ਼ ਕਰਨਾ, ਵਿਦਿਆ ਨੂੰ ਗਹਿਣਾ ਬਨਾਉਣਾ, ਹਿੰਮਤੀ ਅਤੇ ਸਮਰਪਿਤ ਭਾਵਨਾ ਦੀ ਜਾਗ੍ਰਤੀ ਨਾਲ ਜੀਵਨ ਦੇ ਔਖੇ ਪੈਂਡੇ ਸਰ ਕੀਤੇ ਜਾ ਸਕਦੇ ਹਨ। ਪ੍ਰਤੀਕੂਲ ਹਾਲਤਾਂ ਨਾਲ ਟੱਕਰ ਦੇ ਤੌਰ ਤਰੀਕੇ ਇਸ ਨਾਵਲ ਵਿਚ ਸਹਿਜੇ ਹੀ ਮਿਲ ਜਾਂਦੇ ਹਨ।

ਨੌਜਵਾਨ ਪੀੜ੍ਹੀ ਲਈ ਇਹ ਇਕ ਗਾਈਡ ਬੁੱਕ ਹੈ ਜੋ ਉਹਨਾਂ ਨੂੰ ਇਤਿਹਾਸ ਤੋਂ ਸਿੱਖਿਅਤ ਕਰਦੀ ਹੋਈ ਭਵਿੱਖ ਲਈ ਤਿਆਰ ਕਰਦੀ ਹੈ। ਅਜ ਵੀ ਅਜਿਹੇ ਨਰੋਏ ਤੇ ਅਣਗੌਲੇ ਸਾਹਿਤ ਦੀ ਬਹੁਤ ਲੋੜ ਹੈ।ਬਲਬੀਰ ਮਾਧੋਪੁਰੀ ਦੇ ਇਸ ਵਿਸ਼ਵ ਪੱਧਰੀ ਨਾਵਲ ਨਾਲ ਪੰਜਾਬੀ ਭਾਸ਼ਾ ਅਤੇ ਦਲਿਤ ਸਾਹਿਤ ਦਾ ਕਦ ਬੁਲੰਦ ਹੋਇਆ ਹੈ।

# ਲੋਕ ਸਭਾ ਨੇ ਖੇਤੀ ਕਾਨੂੰਨ ਰੱਦ ਕਰਨ ਵਾਲੇ ਬਿੱਲ ਨੂੰ 4 ਮਿੰਟ ਵਿੱਚ ਪਾਸ ਕੀਤਾ

## 'ਪ੍ਰਦਰਸ਼ਨ ਜਾਰੀ ਰਹੇਗਾ', 1 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚਾ ਦੀ ਹੰਗਾਮੀ ਮੀਟਿੰਗ: ਰਾਕੇਸ਼ ਟਿਕੈਤ

## ਰਾਜ ਸਭਾ ਨੇ ਵਿਰੋਧੀ ਧਿਰ ਦੇ 12 ਮੈਂਬਰਾਂ ਮੁਅੱਤਲ



ਹਰਦੀਪ ਸਿੰਘ ਚੁੰਬਰ
+91-94636-01616

ਰਾਜ ਸਭਾ ਨੇ ਵਿਰੋਧੀ ਧਿਰ ਦੇ 12 ਮੈਂਬਰਾਂ ਨੂੰ ਪਿਛਲੇ ਸੈਸ਼ਨ ਦੌਰਾਨ ਦੁਰਵਿਹਾਰ ਨੂੰ ਲੈ ਕੇ ਮੁਅੱਤਲ ਕਰ ਦਿੱਤਾ ਹੈ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਕਾਂਗਰਸ ਦੇ ਛੇ, ਟੀਐਮਸੀ ਅਤੇ ਸ਼ਿਵ ਸੈਨਾ ਦੇ ਦੋ-ਦੋ ਅਤੇ ਸੀਪੀਆਈ ਅਤੇ ਸੀਪੀਐਮ ਤੋਂ ਇੱਕ-ਇੱਕ ਮੈਂਬਰ ਸ਼ਾਮਲ ਹੈ। ਮੌਜੂਦਾ ਸੈਸ਼ਨ ਦੇ ਬਾਕੀ ਸਮੇਂ ਲਈ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ। ਮੁਅੱਤਲ ਕੀਤੇ ਮੈਂਬਰ ਹਨ 1। ਇਲਾਰਾਮ ਕਰੀਮ , 2। ਫੁੱਲੋ ਦੇਵੀ ਨੇਤਾਮ , 3। ਛਾਇਆ ਵਰਮਾ, 4। ਰਿਪੁਨ ਬੋਰਾ, 5। ਬਿਨੋਏ ਵਿਸ਼ਵਮ (ਸੀਪੀਆਈ।), 6। ਰਾਜਮਨੀ ਪਟੇਲ , 7। ਡੋਲਾ ਸੇਨ, 8। ਸ਼ਾਂਤਾ ਛੇਤਰੀ, 9। ਸਯਦ ਨਾਸਿਰ ਹੁਸੈਨ, 10। ਪ੍ਰਿਅੰਕਾ ਚਤੁਰਵੇਦੀ (ਸ਼ਿਵ ਸੈਨਾ), 11। ਅਨਿਲ ਦੇਸਾਈ (ਸ਼ਿਵ ਸੈਨਾ), 12। ਅਖਿਲੇਸ਼ ਪ੍ਰਸਾਦ ਸਿੰਘ।

ਮੁਅੱਤਲੀ 'ਤੇ ਸ਼ਿਵ ਸੈਨਾ ਸੰਸਦ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ, 'ਸਾਡਾ ਸੰਸਕਰਣ ਨਹੀਂ ਲਿਆ ਗਿਆ ਸੀ।

ਸ਼ਿਵ ਸੈਨਾ ਦੀ ਸੰਸਦ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਕਿਹਾ, "ਜ਼ਿਲ੍ਹਾ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਤੱਕ, ਉੱਥੇ ਵੀ ਇੱਕ ਮੁਲਜ਼ਮ ਦੀ ਸੁਣਵਾਈ ਹੁੰਦੀ ਹੈ, ਉਨ੍ਹਾਂ ਲਈ ਵਕੀਲ ਵੀ ਮੁਹੱਈਆ ਕਰਵਾਏ ਜਾਂਦੇ ਹਨ, ਕਈ ਵਾਰ ਸਰਕਾਰੀ ਅਧਿਕਾਰੀਆਂ ਨੂੰ ਉਨ੍ਹਾਂ ਦਾ ਵਰਜ਼ਨ ਲੈਣ ਲਈ ਭੇਜਿਆ ਜਾਂਦਾ ਹੈ। ਇਸ ਸੈਸ਼ਨ ਲਈ ਮੁਅੱਤਲ ਕੀਤੇ ਗਏ 12 ਰਾਜ ਸਭਾ ਸੰਸਦ ਮੈਂਬਰਾਂ ਨੇ ਕਿਹਾ।

"ਜੇ ਤੁਸੀਂ ਸੀਸੀਟੀਵੀ ਫੁਟੇਜ ਵੇਖਦੇ ਹੋ ਤਾਂ ਇਹ ਰਿਕਾਰਡ ਕੀਤਾ ਗਿਆ ਹੈ ਕਿ ਕਿਵੇਂ ਮਰਦ ਮਾਰਸ਼ਲ ਮਹਿਲਾ ਸੰਸਦ ਮੈਂਬਰਾਂ ਨਾਲ ਧੱਕਾ-ਮੁੱਕੀ ਕਰ ਰਹੇ ਸਨ। ਇਹ ਸਭ ਇੱਕ ਪਾਸੇ ਅਤੇ ਤੁਹਾਡਾ ਫੈਸਲਾ ਦੂਜੇ ਪਾਸੇ? ਇਹ ਕਿਸ ਤਰ੍ਹਾਂ ਦਾ ਗੈਰ-ਸੰਸਦੀ ਵਿਵਹਾਰ ਹੈ?" ਚਤੁਰਵੇਦੀ ਨੇ ਏਐਨਆਈ।

### ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਵਾਲਾ ਇੱਕ ਬਿੱਲ

ਸੰਸਦ ਦੇ ਸਰਦ ਰੁੱਤ ਸੈਸ਼ਨ 2021 ਦੇ ਲਾਈਵ ਅਪਡੇਟਸ: ਅੱਜ ਤੋਂ ਸ਼ੁਰੂ ਹੋਣ ਵਾਲੇ ਸਰਦ ਰੁੱਤ ਸੈਸ਼ਨ ਵਿੱਚ 36 ਬਿੱਲ ਪਾਸ ਕੀਤੇ ਜਾਣ ਦੀ ਉਮੀਦ ਹੈ, ਜਿਸ ਵਿੱਚ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਵਾਲਾ ਇੱਕ ਬਿੱਲ ਵੀ ਸ਼ਾਮਲ ਹੈ।ਸੰਸਦ ਨੇ ਸਰਦ ਰੁੱਤ ਸੈਸ਼ਨ ਦੇ ਪਹਿਲੇ ਦਿਨ ਸੋਮਵਾਰ ਨੂੰ ਆਵਾਜ਼ ਵੋਟ ਰਾਹੀਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਬਿੱਲ ਪਾਸ ਕਰ ਦਿੱਤਾ।

ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਸਵੇਰੇ ਲੋਕ ਸਭਾ ਵਿੱਚ ਖੇਤੀ ਕਾਨੂੰਨ ਰੱਦ ਕਰਨ ਵਾਲਾ ਬਿੱਲ 2021 ਰੱਖਿਆ। ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਨੇ ਬਿੱਲ 'ਤੇ ਚਰਚਾ ਦੀ ਮੰਗ ਕੀਤੀ, ਪਰ ਸਪੀਕਰ ਓਮ ਬਿਰਲਾ ਨੇ ਇਸ ਨੂੰ ਨਾਮਨਜ਼ੂਰ ਕਰ ਦਿੱਤਾ।ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੇ ਨਾਅਰੇਬਾਜ਼ੀ ਦੌਰਾਨ ਆਵਾਜ਼ ਵੋਟ ਰਾਹੀਂ ਬਿੱਲ ਪਾਸ ਕਰ ਦਿੱਤਾ ਗਿਆ।ਤੋਮਰ ਨੇ ਦੁਪਹਿਰ 2 ਵਜੇ ਸਦਨ ਦੀ ਮੁੜ ਬੈਠਕ ਤੋਂ ਤੁਰੰਤ ਬਾਅਦ ਬਿੱਲ ਨੂੰ ਰਾਏ ਸਭਾ ਵਿੱਚ ਰੱਖਿਆ। ਹੇਠਲੇ ਸਦਨ ਵਾਂਗ, ਰਾਜ ਸਭਾ ਨੇ ਵੀ ਇਸ ਬਿੱਲ ਨੂੰ ਬਿਨਾਂ ਕਿਸੇ ਚਰਚਾ ਦੇ ਆਵਾਜ਼ੀ ਵੋਟ ਰਾਹੀਂ ਪਾਸ ਕਰ ਦਿੱਤਾ।

ਇਸ ਤੋਂ ਪਹਿਲਾਂ ਦਿਨ ਵਿਚ, ਸੋਨੀਆ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹੋਏ, ਸੰਸਦ ਕੰਪਲੈਕਸ ਵਿਚ ਗਾਂਧੀ ਦੇ ਬੁੱਤ ਦੇ ਸਾਹਮਣੇ ਪ੍ਰਦਰਸ਼ਨ ਕੀਤਾ।ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਲੋਕ ਸਭਾ ਵਿੱਚ ਬਿੱਲ ਪਾਸ ਹੋਣ ਦਾ ਸੁਆਗਤ ਕਰਦਿਆਂ ਕਿਹਾ, ''ਇਹ (ਲੋਕ ਸਭਾ ਵੱਲੋਂ ਪਾਸ ਕੀਤੇ ਖੇਤੀ ਕਾਨੂੰਨ ਰੱਦ ਬਿੱਲ, 2021) ਅੰਦੋਲਨ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲੇ 750 ਕਿਸਾਨਾਂ ਨੂੰ ਸ਼ਰਧਾਂਜਲੀ ਹੈ। ਐਮਐਸਪੀ ਸਮੇਤ ਹੋਰ ਮੁੱਦੇ ਅਜੇ ਵੀ ਪੈਂਡਿੰਗ ਹਨ।"

ਕਿਸਾਨ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਦਿੱਲੀ ਦੇ ਕਈ ਬਾਰਡਰ ਪੁਆਇੰਟਾਂ 'ਤੇ ਧਰਨੇ 'ਤੇ ਬੈਠੇ ਹਨ।ਪ੍ਰਧਾਨ ਮੰਤਰੀ ਮੋਦੀ ਨੇ 19 ਨਵੰਬਰ ਨੂੰ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ।

ਕੇਂਦਰੀ ਮੰਤਰੀ ਮੰਡਲ ਨੇ ਬੀਤੇ ਬੁੱਧਵਾਰ ਨੂੰ ਹੋਈ ਬੈਠਕ 'ਚ ਬਿੱਲ ਨੂੰ ਮਨਜ਼ੂਰੀ ਦਿੱਤੀ।ਦਿੱਲੀ ਦੀਆਂ ਸਰਹੱਦਾਂ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਉਨ੍ਹਾਂ ਦੀ ਮੁੱਢਲੀ ਮੰਗ ਨਾਲ ਸਹਿਮਤ ਹੋਣ ਦੇ ਬਾਵਜੂਦ ਆਪਣਾ ਅੰਦੋਲਨ ਖਤਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਹ ਹੁਣ ਆਪਣੇ ਉਤਪਾਦ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦੇਣ ਲਈ ਕਾਨੂੰਨ ਦੀ ਮੰਗ ਕਰ ਰਹੇ ਹਨ।ਵਿਰੋਧੀ ਧਿਰ ਦੇ ਲਗਾਤਾਰ ਹੰਗਾਮੇ ਦਰਮਿਆਨ ਲੋਕ ਸਭਾ ਮੰਗਲਵਾਰ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਹੇਠਲੇ ਸਦਨ ਦੀ ਕਾਰਵਾਈ ਅੱਜ ਤੀਜੀ ਵਾਰ ਮੁਲਤਵੀ ਕੀਤੀ ਗਈ। ਅੱਜ ਸੰਸਦ ਦਾ ਸਰਦ ਰੁੱਤ ਇਜਲਾਸ ਸ਼ੁਰੂ ਹੋਣ ਤੋਂ ਤੁਰੰਤ ਬਾਅਦ ਵਿਰੋਧੀ ਧਿਰ ਦੇ ਮੈਂਬਰਾਂ ਦੇ ਨਾਅਰੇਬਾਜ਼ੀ ਤੋਂ ਬਾਅਦ ਇਸ ਨੂੰ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤਾ ਗਿਆ ਅਤੇ ਖੇਤੀ ਕਾਨੂੰਨ ਰੱਦ ਕਰਨ ਵਾਲੇ ਬਿੱਲ ਨੂੰ ਬਿਨਾਂ ਕਿਸੇ ਚਰਚਾ ਦੇ ਪਾਸ ਕਰ ਦਿੱਤਾ ਗਿਆ। ਸੰਸਦ ਦਾ ਸਰਦ ਰੁੱਤ ਇਜਲਾਸ ਅੱਜ ਵਿਰੋਧੀ ਧਿਰਾਂ ਦੇ ਵਿਰੋਧ ਅਤੇ ਨਾਅਰੇਬਾਜ਼ੀ ਦੇ ਵਿਚਕਾਰ ਸ਼ੁਰੂ ਹੋਇਆ, ਜੋ ਕਿਸਾਨਾਂ ਨੂੰ ਤਿੰਨ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਬਿੱਲ ਦੇ ਆਲੇ-ਦੁਆਲੇ ਚਰਚਾ ਕਰਨਾ ਚਾਹੁੰਦੇ ਸਨ, ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀਆਂ ਕੁਝ ਹੋਰ ਮੰਗਾਂ ਦੀ ਗਾਰੰਟੀ ਦਿੱਤੀ ਜਾ ਸਕੇ, ਜੋ ਉਨ੍ਹਾਂ ਨੂੰ ਖੇਤੀ ਕਾਨੂੰਨ ਰੱਦ ਕੀਤੇ ਜਾਣ ਤੋਂ ਉੱਪਰ ਹੈ।

25 ਦਿਨਾਂ ਦੇ ਸੈਸ਼ਨ ਵਿੱਚ 36 ਬਿੱਲਾਂ ਦੇ ਪਾਸ ਹੋਣ ਦੀ ਉਮੀਦ ਦੇ ਨਾਲ, ਲੋਕ ਸਭਾ ਨੇ ਵਿਰੋਧੀ ਧਿਰ ਨਾਲ ਚਰਚਾ ਕੀਤੇ ਬਿਨਾਂ ਸਰਦ ਰੁੱਤ ਸੈਸ਼ਨ ਬੁਲਾਏ ਜਾਣ ਤੋਂ ਤੁਰੰਤ ਬਾਅਦ ਖੇਤੀ ਕਾਨੂੰਨ ਰੱਦ ਕਰਨ ਵਾਲੇ ਬਿੱਲ ਨੂੰ ਪਾਸ ਕਰ ਦਿੱਤਾ।19 ਬੈਠਕਾਂ ਵਿੱਚ, ਇਸ ਸੈਸ਼ਨ ਵਿੱਚ ਪਾਸ ਕੀਤੇ ਜਾਣ ਵਾਲੇ ਹੋਰ ਬਿੱਲਾਂ ਵਿੱਚ ਮਹੱਤਵਪੂਰਨ ਕ੍ਰਿਪਟੋਕੁਰੰਸੀ ਅਤੇ ਅਧਿਕਾਰਤ ਡਿਜੀਟਲ ਕਰੰਸੀ ਦਾ ਨਿਯਮ, ਦਿਵਾਲੀਆ ਅਤੇ ਦੀਵਾਲੀਆਪਨ (ਦੂਜਾ ਸੋਧ) ਬਿੱਲ, ਅਤੇ ਬਿਜਲੀ (ਸੋਧ) ਬਿੱਲ ਸ਼ਾਮਲ ਹਨ। ਸੈਸ਼ਨ ਵਿੱਚ 36 ਵਿਧਾਨਕ ਬਿੱਲਾਂ ਤੋਂ ਇਲਾਵਾ ਇੱਕ ਵਿੱਤ ਬਿੱਲ ਵੀ ਪੇਸ਼ ਕੀਤੇ ਜਾਣ ਦੀ ਉਮੀਦ ਹੈ।ਵਿਰੋਧੀ ਧਿਰ 25 ਦਿਨਾਂ ਦੇ ਸੈਸ਼ਨ ਦੌਰਾਨ ਪੈਗਾਸਸ ਕਤਾਰ ਅਤੇ ਕੀਮਤਾਂ ਵਿੱਚ ਵਾਧੇ ਸਮੇਤ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਦੀ ਸੰਭਾਵਨਾ ਹੈ।

ਕਿਸਾਨ ਕਾਨੂੰਨ ਰੱਦ ਕਰਨ ਵਾਲੇ ਬਿੱਲ ਨੂੰ ਲੋਕ ਸਭਾ ਵਿੱਚ ਚਾਰ ਮਿੰਟਾਂ ਵਿੱਚ ਪਾਸ ਕਰ ਦਿੱਤਾ ਗਿਆ ਸੀ - ਇਸਨੂੰ ਦੁਪਹਿਰ 12:06 ਵਜੇ ਪੇਸ਼ ਕੀਤਾ ਗਿਆ ਸੀ ਅਤੇ ਵਿਰੋਧੀ ਧਿਰ ਦੀ ਚਰਚਾ ਲਈ ਮੰਗਾਂ ਦੇ ਵਿਚਕਾਰ 12:10 ਵਜੇ ਪਾਸ ਕੀਤਾ ਗਿਆ ਸੀ।

ਰਾਜ ਸਭਾ ਵਿੱਚ ਥੋੜ੍ਹੇ ਜਿਹੇ ਬਹਿਸ ਤੋਂ ਬਾਅਦ ਇਸਨੂੰ ਪਾਸ ਕਰ ਦਿੱਤਾ ਗਿਆ। ਸਦਨ 'ਚ ਕਾਂਗਰਸ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਬਿੱਲ 'ਤੇ ਸਹਿਮਤ ਹਨ ਅਤੇ ਕੋਈ ਵੀ ਇਸ ਦਾ ਵਿਰੋਧ ਨਹੀਂ ਕਰ ਰਿਹਾ।ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾਵਾਂ ਨੇ ਚਰਚਾ ਦੀ ਘਾਟ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਕਾਨੂੰਨ ਨੂੰ ਰੱਦ ਕਰਨ 'ਤੇ ਪੰਜ-ਛੇ ਮੌਕਿਆਂ 'ਤੇ ਚਰਚਾ ਹੋਈ ਹੈ।ਵਿਰੋਧੀ ਧਿਰ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਕਿਸਾਨਾਂ ਦੀਆਂ ਉਪਜਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇ ਮੁੱਦੇ ਤੋਂ ਬਚਣ ਲਈ ਚਰਚਾ ਨੂੰ ਟਾਲ ਦਿੱਤਾ, ਜੋ ਉਨ੍ਹਾਂ ਦੇ ਸਾਲ ਭਰ ਦੇ ਅੰਦੋਲਨ ਦੌਰਾਨ ਮੁੱਖ ਮੰਗ ਰਹੀ ਹੈ।

ਅੱਜ ਸਵੇਰੇ ਸਰਦ ਰੁੱਤ ਸੈਸ਼ਨ ਸ਼ੁਰੂ ਹੋਣ ਤੋਂ ਕੁਝ ਮਿੰਟ ਬਾਅਦ ਹੀ ਨਾਅਰਿਆਂ ਨਾਲ ਲੋਕ ਸਭਾ ਦੀ ਕਾਰਵਾਈ ਵਿਚ ਵਿਘਨ ਪਿਆ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਰੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। "ਸਰਕਾਰ ਜਾਂ ਸਰਕਾਰੀ ਨੀਤੀਆਂ ਦੇ ਖਿਲਾਫ ਜੋ ਵੀ ਆਵਾਜ਼ ਉਠਾਈ ਜਾਂਦੀ ਹੈ - ਸੰਸਦ ਅਤੇ ਸਪੀਕਰ ਦੀ ਕੁਰਸੀ ਦੀ ਮਰਿਆਦਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ," ਉਸਨੇ ਕਿਹਾ।ਅਗਲੀਆਂ 18 ਬੈਠਕਾਂ ਵਿੱਚ, ਸਰਕਾਰ ਵੱਲੋਂ 30 ਤੋਂ ਵੱਧ ਵਿਧਾਨਕ ਬਿੱਲ ਅਤੇ ਇੱਕ ਵਿੱਤ ਬਿੱਲ ਪੇਸ਼ ਕੀਤੇ ਜਾਣ ਦੀ ਉਮੀਦ ਹੈ।

ਹੋਰ ਬਿੱਲਾਂ ਵਿੱਚ ਮਹੱਤਵਪੂਰਨ ਕ੍ਰਿਪਟੋਕਰੰਸੀ ਅਤੇ ਅਧਿਕਾਰਤ ਡਿਜੀਟਲ ਮੁਦਰਾ ਬਿੱਲ ਦਾ ਨਿਯਮ, ਦਿਵਾਲੀਆ ਅਤੇ ਦੀਵਾਲੀਆਪਨ (ਦੂਜਾ ਸੋਧ) ਬਿੱਲ, 2021, ਅਤੇ ਬਿਜਲੀ (ਸੋਧ) ਬਿੱਲ ਸ਼ਾਮਲ ਹਨ।ਪ੍ਰਧਾਨ ਮੰਤਰੀ ਨੇ ਕੱਲ੍ਹ ਸਰਬ-ਪਾਰਟੀ ਮੀਟਿੰਗ ਛੱਡ ਦਿੱਤੀ। ਇਸ ਨੂੰ ਪਰੰਪਰਾ ਵਿੱਚ ਤੋੜਨ ਤੋਂ ਇਨਕਾਰ ਕਰਦੇ ਹੋਏ, ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ, "ਪ੍ਰਧਾਨ ਮੰਤਰੀ ਦੇ ਸਰਬ-ਪਾਰਟੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਕੋਈ ਪਰੰਪਰਾ ਨਹੀਂ ਸੀ। ਇਸਦੀ ਸ਼ੁਰੂਆਤ ਮੋਦੀ ਜੀ ਨੇ ਕੀਤੀ ਸੀ।"

### ਖੇਤੀ ਕਾਨੂੰਨ ਕਿੰਨੇ ਦਿਨ ਲਾਗੂ ਰਹੇ?

ਤਿੰਨ ਖੇਤੀ ਕਾਨੂੰਨਾਂ ਦੀ ਯਾਤਰਾ 5 ਜੂਨ, 2020 ਨੂੰ ਸ਼ੁਰੂ ਹੋਈ ਜਦੋਂ ਭਾਰਤ ਦੇ ਰਾਸ਼ਟਰਪਤੀ ਨੇ ਤਿੰਨ ਆਰਡੀਨੈਂਸ ਜਾਰੀ ਕੀਤੇ - ਜ਼ਰੂਰੀ ਵਸਤੂਆਂ (ਸੋਧ) ਆਰਡੀਨੈਂਸ, 2020; ਫਾਰਮਿੰਗ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸੀਲੀਟੇਸ਼ਨ) ਆਰਡੀਨੈਂਸ, 2020; ਅਤੇ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਐਗਰੀਮੈਂਟ ਔਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸਜ਼ ਆਰਡੀਨੈਂਸ, 2020। ਇਨ੍ਹਾਂ ਆਰਡੀਨੈਂਸਾਂ ਨੂੰ ਬਾਅਦ ਵਿੱਚ ਸਤੰਬਰ 2020 ਵਿੱਚ ਢੁਕਵੇਂ ਕਾਨੂੰਨ ਨਾਲ ਬਦਲ ਦਿੱਤਾ ਗਿਆ। ਹਾਲਾਂਕਿ, ਤਿੰਨ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਉੱਤੇ ਸੁਪਰੀਮ ਕੋਰਟ ਨੇ 12 ਜਨਵਰੀ, 2021 ਨੂੰ ਰੋਕ ਲਗਾ ਦਿੱਤੀ ਸੀ। ਇਸ ਲਈ, ਇਹ ਕਾਨੂੰਨ ਸਿਰਫ 221 ਦਿਨਾਂ ਲਈ ਲਾਗੂ ਸਨ।

### 'ਪ੍ਰਦਰਸ਼ਨ ਜਾਰੀ ਰਹੇਗਾ', 1 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚਾ ਦੀ ਹੰਗਾਮੀ ਮੀਟਿੰਗ: ਰਾਕੇਸ਼ ਟਿਕੈਤ

ਇਸ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕਾਨੂੰਨ ਨੂੰ ਰੱਦ ਕਰਨਾ ਉਨ੍ਹਾਂ 750 ਕਿਸਾਨਾਂ ਦੀ ਜਿੱਤ ਹੈ, ਜਿਨ੍ਹਾਂ ਨੇ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਗੁਆ ਦਿੱਤੀਆਂ ਸਨ।

ਟਿਕੈਤ ਨੇ ਏਐਨਆਈ ਨੂੰ ਦੱਸਿਆ, "ਇਹ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲੇ ਸਾਰੇ 750 ਕਿਸਾਨਾਂ ਨੂੰ ਸ਼ਰਧਾਂਜਲੀ ਹੈ। ਵਿਰੋਧ ਜਾਰੀ ਰਹੇਗਾ ਕਿਉਂਕਿ ਐਮਐਸਪੀ ਸਮੇਤ ਹੋਰ ਮੁੱਦੇ ਅਜੇ ਵੀ ਪੈਂਡਿੰਗ ਹਨ," ਟਿਕੈਤ ਨੇ ਏਐਨਆਈ ਨੂੰ ਦੱਸਿਆ।ਦੇਸ਼ ਦੇ ਕਈ ਹਿੱਸਿਆਂ ਅਤੇ ਦਿੱਲੀ ਦੇ ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਸਰਹੱਦਾਂ 'ਤੇ ਇੱਕ ਸਾਲ ਦੇ ਤਿੱਖੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 19 ਨਵੰਬਰ ਨੂੰ ਐਲਾਨ ਕੀਤਾ ਕਿ ਪਿਛਲੇ ਸਾਲ ਪਾਸ ਕੀਤੇ ਤਿੰਨ ਕਾਨੂੰਨ ਸਦਨ ਦੇ ਸਰਦ ਰੁੱਤ ਸੈਸ਼ਨ ਵਿੱਚ ਰੱਦ ਕਰ ਦਿੱਤੇ ਜਾਣਗੇ।

ਹਾਲਾਂਕਿ ਕਿਸਾਨਾਂ ਨੇ ਇਹ ਕਹਿੰਦੇ ਹੋਏ ਧਰਨਾ ਖਤਮ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਐਮਐਸਪੀ ਦੀ ਗਾਰੰਟੀ, ਰਾਜ ਮੰਤਰੀ ਅਜੇ ਕੁਮਾਰ ਮਿਸ਼ਰਾ ਖਿਲਾਫ ਕਾਰਵਾਈ ਅਤੇ ਅੰਦੋਲਨ ਦੌਰਾਨ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰ ਢੁਕਵਾਂ ਮੁਆਵਜ਼ਾ ਦੇਣ ਵਰਗੀਆਂ ਕਈ ਮੰਗਾਂ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਪੰਜਾਬ ਦੇ ਕਿਸਾਨ ਆਗੂਆਂ ਨੇ ਸੰਸਦ ਵਿੱਚ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਨੂੰ ਪ੍ਰਦਰਸ਼ਨਕਾਰੀਆਂ ਦੀ ਜਿੱਤ ਕਰਾਰ ਦਿੰਦਿਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ।ਐਸ।ਪੀ।) ਦੀ ਕਾਨੂੰਨੀ ਗਾਰੰਟੀ ਦੀ ਮੰਗ ਕੀਤੀ ਅਤੇ ਕਿਹਾ ਕਿ 1 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚਾ ਦੀ ਹੰਗਾਮੀ ਮੀਟਿੰਗ ਉਨ੍ਹਾਂ ਦੀ ਕਾਰਵਾਈ ਦਾਭਵਿੱਖ ਦਾ ਫੈਸਲਾ ਕਰੇਗੀ। ਪੰਜਾਬ ਦੀਆਂ 32 ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਸੋਮਵਾਰ ਨੂੰ ਸਿੰਘੂ ਸਰਹੱਦ ਵਿਖੇ ਪ੍ਰੈਸ ਮਿਲਣੀ ਦੌਰਾਨ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਵਿਰੁੱਧ ਦਰਜ ਕੇਸ ਵਾਪਸ ਲੈਣ ਅਤੇ ਅੰਦੋਲਨ ਦੌਰਾਨ ਮਰਨ ਵਾਲਿਆਂ ਨੂੰ ਮੁਆਵਜ਼ਾ ਦੇਣ ਸਮੇਤ ਆਪਣੀਆਂ ਛੇ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੇਂਦਰ ਕੋਲ ਸਮਾਂ ਹੈ। ਜਵਾਬ ਦੇਣ ਲਈ ਮੰਗਲਵਾਰ ਤੱਕ।"

ਇਹ ਸਾਡੀ ਜਿੱਤ ਹੈ। ਅਸੀਂ ਚਾਹੁੰਦੇ ਹਾਂ ਕਿ ਕਿਸਾਨਾਂ ਵਿਰੁੱਧ ਦਰਜ ਕੇਸ ਵਾਪਸ ਲਏ ਜਾਣ ਅਤੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ 'ਤੇ ਕਮੇਟੀ ਬਣਾਈ ਜਾਵੇ। ਕੇਂਦਰ ਕੋਲ ਸਾਡੀਆਂ ਮੰਗਾਂ ਦਾ ਜਵਾਬ ਦੇਣ ਲਈ ਕੱਲ੍ਹ (ਮੰਗਲਵਾਰ) ਤੱਕ ਦਾ ਸਮਾਂ ਹੈ। ਅਸੀਂ ਐਮਰਜੈਂਸੀ ਬੁਲਾਈ ਹੈ। ਬੁੱਧਵਾਰ ਨੂੰ ਐਸਕੇਐਮ ਦੀ ਮੀਟਿੰਗ ਭਵਿੱਖੀ ਕਾਰਵਾਈ ਬਾਰੇ ਵਿਚਾਰ ਵਟਾਂਦਰੇ ਲਈ", ਇੱਕ ਕਿਸਾਨ ਆਗੂ ਨੇ ਕਿਹਾ।ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਨਾ 26 ਨਵੰਬਰ, 2020 ਤੋਂ ਦਿੱਲੀ ਦੇ ਵੱਖ-ਵੱਖ ਸਰਹੱਦੀ ਸਥਾਨਾਂ 'ਤੇ ਪ੍ਰਦਰਸ਼ਨ ਕਰ ਰਹੀਆਂ ਲਗਭਗ 40 ਕਿਸਾਨ ਯੂਨੀਅਨਾਂ ਦੀਆਂ ਮੁੱਖ ਮੰਗਾਂ ਵਿੱਚੋਂ ਇੱਕ ਹੈ।

21 ਨਵੰਬਰ ਨੂੰ, ੱਖ - ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੇ ਕਿਸਾਨ ਯੂਨੀਅਨਾਂ ਦੀ ਇੱਕ ਛਤਰੀ ਸੰਸਥਾ - ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਸਾਨਾਂ ਦੀਆਂ ਛੇ ਮੰਗਾਂ 'ਤੇ ਤੁਰੰਤ ਗੱਲਬਾਤ ਮੁੜ ਸ਼ੁਰੂ ਕਰਨ ਲਈ ਲਿਖਿਆ ਸੀ, ਜਿਸ ਵਿੱਚ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਦੀ ਖਰੀਦ ਲਈ ਕਾਨੂੰਨੀ ਗਾਰੰਟੀ ਵੀ ਸ਼ਾਮਲ ਹੈ।





# ਨਵਜੋਤ ਸਿੱਧੂ ਨੇ ਮੁੜ ਦਾਗਿਆ ਟਵੀਟ ਬੰਬ! ਆਪਣੀ ਹੀ ਸਰਕਾਰ ਨੂੰ ਝੰਜੋੜਿਆ





**ਹਰਦੀਪ ਸਿੰਘ ਚੁੰਬਰ**
**+91-94636-01616**

**ਡਰੱਗ ਮਾਫੀਆ ਖਿਲਾਫ ਹਾਈਕੋਰਟ ਕੋਲ ਅਪੀਲ ਕਰਨ ਦੀ ਲੋੜ ਹੀ ਨਹੀਂ ਜਦ ਕਿ ਉਹ ਰਿਪੋਰਟ ਖੋਲ੍ਹਣ ਦੇ ਆਦੇਸ਼ ਦੇਚੁੱਕੀ ਹੈ-ਨਵਜੋਤ ਸਿੱਧੂ 'ਡਰੱਗ ਮਾਫੀਆ' ਨੂੰ ਜੇਲ੍ਹ ਭੇਜਣ ਦਾ ਕੀਤਾ ਸੀ ਵਾਅਦਾ, ਕੈਪਟਨ ਅਮਰਿੰਦਰ।**

ਦਸੰਬਰ 25, 2016 ਨੂੰ ਕੈਪਟਨ ਅਮਰਿੰਦਰ ਨੇ ਬਾਦਲਾਂ ਨੂੰ ਘੇਰਿਆ ਸੀ, 'ਡਰੱਗ ਮਾਫੀਆ' ਨੂੰ ਜੇਲ੍ਹ ਭੇਜਣ ਦਾ ਕੀਤਾ ਵਾਅਦਾ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇਕਰ ਉਹ ਚੁਣੇ ਜਾਂਦੇ ਹਨ ਤਾਂ ਉਹ ਨਸ਼ਿਆਂ ਦੀ ਤਸਕਰੀ ਦੇ ਦੋਸ਼ੀਆਂ ਨੂੰਅਤੇ ਡਰੱਗ ਮਾਫੀਆ ਨੂੰ "ਸਰਪ੍ਰਸਤੀ" ਦੇਣਗੇ ਨੂੰ ਸਲਾਖਾਂ ਪਿੱਛੇ ਸੁੱਟ ਦੇਣਗੇ, ਜਿਸ ਨਾਲ ਸੂਬੇ ਵਿੱਚ ਨਸ਼ਿਆਂ ਦੀ ਵੱਧ ਰਹੀ ਦੁਰਵਰਤੋਂ ਨੂੰ ਸਾਹਮਣੇ ਲਿਆਇਆ ਜਾਵੇਗਾ, ਕਿਉਂਕਿ ਉਨ੍ਹਾਂ ਨੇ ਬਾਦਲ ਪਰਿਵਾਰ ਦੀ ਇਸ ਖਤਰੇ ਨੂੰ ਕਾਬੂ ਕਰਨ ਵਿੱਚ ਅਸਫਲ ਰਹਿਣ ਲਈ ਨਿੰਦਾ ਕੀਤੀ ਹੈ। ਉਨ੍ਹਾਂ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਅਤੇ ਬਿਕਰਮਜੀਤ ਸਿੰਘ ਮਜੀਠੀਆ ਸਮੇਤ ਇਸ ਦੇ ਚੋਟੀ ਦੇ ਨੇਤਾਵਾਂ 'ਤੇ ਕਥਿਤ ਤੌਰ 'ਤੇ ਉਨ੍ਹਾਂ ਦੀ "ਗਲਤ ਸੂਚਨਾ" ਮੁਹਿੰਮ ਨਾਲ ਲੋਕਾਂ ਨੂੰ ਗੁੰਮਰਾਹ ਕਰਨ ਲਈ ਹਮਲਾ ਕੀਤਾ।

**ਬਹੁਕਰੋੜੀ ਲੁਧਿਆਣੇ ਦਾ ਰੀਅਲ ਅਸਟੇਟ ਸਿਟੀ ਸੈਂਟਰ ਘੋਟਾਲਾ**

ਬਾਦਲ ਵੱਲੋਂ ਲੁਧਿਆਣਾ ਸਿਟੀ ਸੈਂਟਰ ਪ੍ਰੋਜੈਕਟ ਦੀ ਜਾਂਚ ਦੀ ਮੰਗਬੁੱਧਵਾਰ, ਸਤੰਬਰ 13, 2006, ਚੰਡੀਗੜ੍ਹ, 13 ਸਤੰਬਰ (ਪੰਜਾਬ ਮੇਲ)- ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਅੱਜ ਲੁਧਿਆਣਾ ਵਿੱਚ 3000 ਕਰੋੜ ਰੁਪਏ ਦੇ ਰੀਅਲ ਅਸਟੇਟ ਸਿਟੀ ਸੈਂਟਰ ਘੁਟਾਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਥਿਤ ਸ਼ਮੂਲੀਅਤ ਦੀ ਤੁਰੰਤ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ।ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ ਇਸ ਘੁਟਾਲੇ ਬਾਰੇ ਇੱਕ ਨਿੱਜੀ ਟੀਵੀ ਚੈਨਲ ਵੱਲੋਂ ਕੀਤੇ ਗਏ ਸਟਿੰਗ ਆਪ੍ਰੇਸ਼ਨ ਦਾ ਹਵਾਲਾ ਦਿੰਦਿਆਂ ਕਿਹਾ, "ਮੁੱਖ ਮੰਤਰੀ ਨੂੰ ਸੁਤੰਤਰ ਅਤੇ ਨਿਰਪੱਖ ਜਾਂਚ ਦਾ ਰਾਹ ਪੱਧਰਾ ਕਰਨ ਲਈ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ।"2007 ਤੋਂ 2017 ਤਕ ਬਾਦਲ ਸਰਕਾਰ ਰਹੀ, 3000 ਕਰੋਰ ਦੇ ਘੁਟਾਲੇ ਦਾ ਕੀ ਹੋਇਆ 10 ਸਾਲਾਂ ਵਿੱਚ ਸਾਰੇ ਪੰਜਾਬੀ ਜਾਣਦੇ ਹਨ।

ਕੈਪਟਨ ਦੀ ਸਰਕਾਰ ਵੀ ਬਣੀ, ਸਾਢੇ ਚਾਰ ਸਾਲ ਰਾਜ ਵੀ ਕੀਤਾ। ਡਰਗ ਮਾਫੀਆ ਦਾ ਵਾਲ ਵੀ ਬਿੰਗਾ ਨਹੀਂ ਕੀਤਾ। ਹੋ ਪਹਿਲਾਂ ਮੁੱਖ ਮੰਤਰੀ ਰਹਿਣ ਦੇ ਦੌਰਾਨ ਉਹਨਾ ਕਿਸੇ ਐਹਿਸਾਨ ਦਾ ਬਦਲਾ ਚੁਕਾਇਆ ਹੋਵੇ। ਡਰਗ ਕੇਸ ਲਟਕਾਈ ਰਖਿਆ।

**ਡਰੱਗ ਮਾਫੀਆ ਬਾਰੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀਦਾ ਕਹਿਣਾ "ਪ੍ਰਮਾਤਮਾ ਨੇ ਚਾਹਿਆ**

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀਦਾ ਕਹਿਣਾ "ਪ੍ਰਮਾਤਮਾ ਨੇ ਚਾਹਿਆਤਾਂ ਬਿਆਨ ਕੀ ਹੈ। ਕੀ ਪੰਜਾਹ ਸਰਕਾਰ ਨੂੰ ਪ੍ਰਮਾਤਮਾ ਹੀ ਚਲਾ ਰਿਹਾ ਹੈ ਜਾ ਭਵਿੱਖ ਵਿਚ ਚਲਾਵੇਗਾ। ਇਹ ਤਾਂ ਕੈਪਟਨ ਅਮਰਿੰਦਰ ਸਿੰਘ ਵੀ ਕਹਿ ਸਕਦੇ ਹਨ ਪ੍ਰਮਾਤਮਾ ਨੇ ਚਾਹਿਆ ਹੀ ਹੀ ਨਹੀਂ, ਇਹ ਕੋਈ ਗੱਲ ਬਣਦੀ ਹੈ। ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੋ ਸਕਦਾ ਹੈ ਕਿਸੇ ਤਰਾਂ ਦੇ ਅਹਿਸਾਨ ਕੀਤਾ ਹੋਵੇ। ਲੇਕਿਨ ਕੈਪਟਨ ਸਾਹਬ ਦੀ ਤਰਾਂ ਕਿਸੇ ਵੀ ਕਿਸਮ ਦਾ ਦਬਾਓ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ ਹੋਣਾ ਨਹੀਂ ਚਾਹੀਦਾ। ਜਿਹਨਾ ਮੁੱਦਿਆਂ ਨੂੰ ਲੈ ਕੇ ਕੈਪਟਨ ਨੂੰ ਬਾਹਰ ਜਾਣਾ ਪਿਆ ਉਹ ਲੋਕ ਨਹੀਂ ਭੁੱਲਣਗੇ। ਉਹਨਾਂ ਮਾਮਲਿਆਂ ਵਿੱਚ ਚੰਨੀ ਦਾ ਢਿਲਾਪਣ ਕਮਜੋਰ ਮੁੱਖ ਮੰਤਰੀ ਹੋਣ ਦਾ ਦਾਗ ਲਗਵਾ ਸਕਦਾ ਹੈ, ਲੋਕ ਪਸੰਦ ਨਹੀਂ ਕਰਨਗੇ।ਇਹਨਾਂ ਕੇਸਾਂ ਨੂੰ ਬਹੁਤ ਹੀ ਸੰਜੀਦਾ ਢੰਗ ਨਾਲ ਲੈਣ ਚਾਹੀਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਦੇ ਹਵਾਲੇ ਨਾਲ 7 ਨਵੰਬਰ ਦੀ ਖਬਰ ਸੀ, ਉਹਨਾ ਕਿਹਾ ਸੀ, "ਪ੍ਰਮਾਤਮਾ ਨੇ ਚਾਹਿਆ ਤਾਂ 18 ਨੂੰ ਖੁੱਲ੍ਹ ਜਾਵੇਗੀ ਨਸ਼ਿਆਂ ਵਾਲੀ ਫਾਇਲ"। ਉਹਨਾ 18 ਨਵੰਬਰ ਕਿਹਾ ਸੀ,

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਸੀ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿਚ ਧੱਕਣ ਵਾਲੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਜਲਦ ਡਰੱਗ ਮਾਫੀਆ ਖਿਲਾਫ ਰਿਪੋਰਟ ਖੁੱਲਣ ਨਾਲ ਨਸ਼ੇ ਦੇ ਕਈ ਵੱਡੇ ਸੌਦਾਗਰਾਂ ਦਾ ਪਰਦਾਫਾਸ਼ ਹੋਵੇਗਾ।

ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿੱਚ ਬੰਦ ਪਈ ਐਸਟੀਐਫ ਦੀ ਨਸ਼ਿਆਂ ਸਬੰਧੀ ਰਿਪੋਰਟ 18 ਨਵੰਬਰ ਨੂੰ ਖੁੱਲ੍ਹ ਸਕਦੀ ਹੈ ਅਤੇ ਸਰਕਾਰ ਵੱਲੋਂ ਇਸ ਸਬੰਧੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲਾਂ ਤੇ ਫਿਰ ਸਾਡਿਆਂ ਨੇ ਇਹ ਰਿਪੋਰਟ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮੁਲਜ਼ਮਾਂ ਨੂੰ ਵੀ ਛੇਤੀ ਹੀ ਸਜ਼ਾ ਮਿਲੇਗੀ, ਕਿਉਂਕਿ ਇਸ ਮਾਮਲੇ ਵਿੱਚ ਜਾਂਚ ਤੇਜ਼ੀ ਨਾਲ ਸ਼ੁਰੂ ਹੋ ਚੁੱਕੀ ਹੈ ਅਤੇ ਐਸਟੀਐਫ ਪੂਰੀ ਸਰਗਰਮੀ ਨਾਲ ਆਪਣਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ, "ਜਿਨ੍ਹਾਂ ਦੋਸ਼ੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ, ਹੁਣ ਉਹ ਹੋਰ ਸਮਾਂ ਨਹੀਂ ਬਚ ਸਕਣਗੇ।

ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਧੱਕਣ ਵਾਲੇ ਦੋਸ਼ੀਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਛੇਤੀ ਹੀ ਡਰੱਗ ਮਾਫੀਆ ਖ਼ਿਲਾਫ਼ ਰਿਪੋਰਟ ਖੁੱਲ੍ਹਣ ਨਾਲ ਕਈ ਨਸ਼ੇ ਦੇ ਵੱਡੇ ਸੌਦਾਗਰਾਂ ਦਾ ਪਰਦਾਫਾਸ਼ ਹੋਵੇਗਾ।"ਅਕਾਲੀ ਦਲ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਉਹ ਨਾਮ ਦੇ ਪੰਥਕ ਹਨ ਅਤੇ ਪੰਥ ਨੂੰ ਹਮੇਸ਼ਾ ਆਪਣੇ ਸਿਆਸੀ ਮੁਫਾਦਾਂ ਲਈ ਵਰਤਦੇ ਆਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਥਕ ਅਖਵਾਉਂਦੇ ਇਹ ਲੋਕ ਰਾਜਨੀਤਕ ਫਾਇਦਿਆਂ ਲਈ ਕਥਿਤ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਤੋਂ ਵੀ ਨਹੀਂ ਹਟੇ।' ਜਲਦੀ ਹੀ ਬੇਅਦਬੀ ਮਾਮਲਿਆਂ ਦੇ ਅਸਲੀ ਚਿਹਰੇ ਲੋਕਾਂ ਦੀ ਕਚਹਿਰੀ ਵਿੱਚ ਨੰਗੇ ਕੀਤੇ ਜਾਣਗੇ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ।'

ਨਵਜੋਤ ਸਿੱਧੂ ਨੇ ਮੁੜ ਦਾਗਿਆ ਟਵੀਟ ਬੰਬ! ਆਪਣੀ ਹੀ ਸਰਕਾਰ ਨੂੰ ਝੰਜੋੜਿਆ।


ਨਵਜੋਤ ਸਿੱਧੂ ਨੇ ਅੱਜ ਮੁੜ ਟਵੀਟ ਬੰਬ ਦਾਗਿਆ ਹੈ। ਉਨ੍ਹਾਂ ਟਵੀਟ ਜ਼ਰੀਏ ਐਸਟੀਐਫ ਰਿਪੋਰਟ ਸਬੰਧੀ ਆਪਣੀ ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਨੇ ਟਵੀਟ ਕਰਕੇ ਕਿਹਾ ਕਿ ਇਸ ਰਿਪੋਰਟ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨਿੱਤ ਆਪਣੀ ਹੀ ਸਰਕਾਰ ਦੀਆਂ ਧੱਜੀਆਂ ਉਡਾਈ ਜਾ ਰਹੇ ਹਨ। ਉਹ ਆਪਣੀ ਹੀ ਸਰਕਾਰ ਦੀ ਕਾਰਗੁਜਾਰੀ ਉੱਪਰ ਗੰਭੀਰ ਸਵਾਲ ਉਠਾ ਰਹੇ ਹਨ। ਇਸ ਨਾਲ ਮੁੱਖ ਮੰਤਰੀ ਚਰਨਜੀਤ ਚੰਨੀ ਤੇ ਉਨ੍ਹਾਂ ਦੇ ਵਜ਼ੀਰਾਂ ਵੱਲੋਂ ਕੀਤੇ ਦਾਅਵਿਆਂ ਦੀ ਫੂਕ ਨਿਕਲਦੀ ਜਾ ਰਹੀ ਹੈ।

ਨਵਜੋਤ ਸਿੱਧੂ ਨੇ ਅੱਜ ਮੁੜ ਟਵੀਟ ਬੰਬ ਦਾਗਿਆ ਹੈ। ਉਨ੍ਹਾਂ ਟਵੀਟ ਜ਼ਰੀਏ ਐਸਟੀਐਫ ਰਿਪੋਰਟ ਸਬੰਧੀ ਆਪਣੀ ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਨੇ ਟਵੀਟ ਕਰਕੇ ਕਿਹਾ ਕਿ ਇਸ ਰਿਪੋਰਟ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ ਜੇ ਇਸ ਕੁਝ ਨਹੀਂ ਹੈ ਤਾਂ ਕੈਪਟਨ ਜ਼ਿੰਮੇਵਾਰੀ ਤੈਅ ਹੋਵੇ ਜੇ ਕੁਝ ਹੈ ਤਾਂ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹਾਈਕੋਰਟ ਕੋਲ ਅਪੀਲ ਕਰਨ ਦੀ ਲੋੜ ਹੀ ਨਹੀਂ ਜਦ ਕਿ ਉਹ ਰਿਪੋਰਟ ਖੋਲ੍ਹਣ ਦੇ ਆਦੇਸ਼ ਚੁੱਕੀ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿਚ ਧੱਕਣ ਵਾਲੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਜਲਦ ਡਰੱਗ ਮਾਫੀਆ ਖਿਲਾਫ ਰਿਪੋਰਟ ਖੁੱਲਣ ਨਾਲ ਨਸ਼ੇ ਦੇ ਕਈ ਵੱਡੇ ਸੌਦਾਗਰਾਂ ਦਾ ਪਰਦਾਫਾਸ਼ ਹੋਵੇਗਾ।ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿੱਚ ਬੰਦ ਪਈ ਐਸਟੀਐਫ ਦੀ ਨਸ਼ਿਆਂ ਸਬੰਧੀ ਰਿਪੋਰਟ 18 ਨਵੰਬਰ ਨੂੰ ਖੁੱਲ੍ਹ ਸਕਦੀ ਹੈ ਅਤੇ ਸਰਕਾਰ ਵੱਲੋਂ ਇਸ ਸਬੰਧੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲਾਂ ਤੇ ਫਿਰ ਸਾਡਿਆਂ ਨੇ ਇਹ ਰਿਪੋਰਟ।

# "ਭੁੱਖ ਹੜਤਾਲ": ਨਵਜੋਤ ਸਿੱਧੂ ਦੀ ਪੰਜਾਬ ਦੀ ਚਰਨਜੀਤ ਸਿੰਘ ਚੰਨੀ ਸਰਕਾਰ ਦੇ ਵਿਰੁੱਧ "ਭੁੱਖ ਹੜਤਾਲ" ਕਰਨ ਦੀ ਤਾਜ਼ਾ ਧਮਕੀ




ਨਵਜੋਤ ਸਿੱਧੂ ਨੇ ਕਿਹਾ, "ਸਾਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਪਿਛਲੇ ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) ਇਨ੍ਹਾਂ ਰਿਪੋਰਟਾਂ 'ਤੇ ਕਿਉਂ ਬੈਠੇ ਸਨ। ਹੁਣ ਇਸ ਸਰਕਾਰ ਨੂੰ ਇਨ੍ਹਾਂ ਰਿਪੋਰਟਾਂ ਨੂੰ ਖੋਲ੍ਹਣ ਦੀ ਲੋੜ ਹੈ"। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਚਰਨਜੀਤ ਸਿੰਘ ਚੰਨੀ ਸਰਕਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਐਲਾਨ ਕੀਤਾ ਕਿ ਜੇਕਰ ਨਸ਼ਿਆਂ ਅਤੇ 2015 ਦੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਰਿਪੋਰਟਾਂ ਨੂੰ ਜਨਤਕ ਨਾ ਕੀਤਾ ਗਿਆ ਤਾਂ ਉਹ ਭੁੱਖ ਹੜਤਾਲ ਕਰਨਗੇ। ਨਸ਼ਿਆਂ ਦੇ ਮੁੱਦੇ 'ਤੇ ਕਾਰਵਾਈ ਨਾ ਕਰਨਾ ਚੰਨੀ ਦੇ ਪੂਰਵਜ ਅਮਰਿੰਦਰ ਸਿੰਘ ਦੇ ਖਿਲਾਫ ਉਨ੍ਹਾਂ ਦੀਆਂ ਵੱਡੀਆਂ ਸ਼ਿਕਾਇਤਾਂ ਵਿੱਚੋਂ ਇੱਕ ਸੀ, ਜਿਸ ਨੂੰ ਅੰਦਰੂਨੀ ਆਲੋਚਕਾਂ ਨਾਲ ਇੱਕ ਸਾਲ ਦੇ ਲੰਬੇ ਸਮੇਂ ਦੇ ਝਗੜੇ ਤੋਂ ਬਾਅਦ ਅਹੁਦਾ ਛੱਡਣ ਲਈ ਮਜਬੂਰ ਕੀਤਾ ਗਿਆ ਸੀ।

ਸ੍ਰੀ ਸਿੱਧੂ ਨੇ ਅੱਜ ਕਿਹਾ, "ਪਾਰਟੀ ਨਸ਼ਿਆਂ ਦੇ ਖਾਤਮੇ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਹੈ।"ਪਰ ਜੇਕਰ ਸਰਕਾਰ ਨੇ ਡਰੱਗ ਰਿਪੋਰਟਾਂ ਨੂੰ ਨਾ ਖੋਲ੍ਹਿਆ ਤਾਂ ਮੈਂ ਭੁੱਖ ਹੜਤਾਲ ਕਰਾਂਗਾ। ਸਾਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਪਿਛਲੇ ਮੁੱਖ ਮੰਤਰੀ (ਕੈਪਟਨ ਅਮਰਿ-ੰਦਰ ਸਿੰਘ) ਇਨ੍ਹਾਂ ਰਿਪੋਰਟਾਂ 'ਤੇ ਕਿਉਂ ਬੈਠੇ ਸਨ। ਹੁਣ ਇਸ ਸਰਕਾਰ ਨੂੰ ਇਨ੍ਹਾਂ ਰਿਪੋਰਟਾਂ ਨੂੰ ਖੋਲ੍ਹਣ ਦੀ ਲੋੜ ਹੈ। ਨੇ ਸੂਬਾ ਸਰਕਾਰ ਨੂੰ ਰਿਪੋਰਟਾਂ ਖੋਲ੍ਹਣ ਤੋਂ ਨਹੀਂ ਰੋਕਿਆ ਹੈ, "ਸ੍ਰੀ ਸਿੱਧੂ ਨੇ ਮੋਗਾ ਵਿੱਚ ਇੱਕ ਰੈਲੀ ਵਿੱਚ ਕਿਹਾ।

ਨਸ਼ਿਆਂ ਦੇ ਮੁੱਦੇ 'ਤੇ ਰਾਜ ਦੀਆਂ ਏਜੰਸੀਆਂ ਦੀਆਂ ਰਿਪੋਰਟਾਂ ਸੀਲਬੰਦ ਲਿਫਾਫੇ ਵਿਚ ਹਾਈ ਕੋਰਟ ਨੂੰ ਸੌਂਪੀਆਂ ਗਈਆਂ ਹਨ ਅਤੇ ਸ੍ਰੀ ਸਿੱਧੂ ਚਾਹੁੰਦੇ ਹਨ ਕਿ ਇਸ ਨਤੀਜੇ ਨੂੰ ਲੋਕਾਂ ਨਾਲ ਸਾਂਝਾ ਕੀਤਾ ਜਾਵੇ।ਅਮਰਿੰਦਰ ਸਿੰਘ ਨੂੰ ਹਟਾਉਣ ਨਾਲ ਪੰਜਾਬ ਕਾਂਗਰਸ ਵਿੱਚ ਬਹੁਤੀ ਸ਼ਾਂਤੀ ਨਹੀਂ ਆਈ ਹੈ। ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਸ੍ਰੀ ਚੰਨੀ ਨੂੰ ਚੁਣੇ ਜਾਣ ਨਾਲ ਸ੍ਰੀ ਸਿੱਧੂ ਦੀ ਸਿਖਰਲੀ ਅਹੁਦਿਆਂ ਦੀ ਇੱਛਾ ਮੁੜ ਟੁੱਟਣ ਨਾਲ, ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਸ ਨੇ ਸੂਬਾ ਸਰਕਾਰ 'ਤੇ ਮੁੜ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ।ਸ੍ਰੀ ਚੰਨੀ ਦੀ ਸਹੁੰ ਚੁੱਕਣ ਤੋਂ ਕੁਝ ਦਿਨ ਬਾਅਦ, ਉਨ੍ਹਾਂ ਨੇ ਮੁੱਖ ਮੰਤਰੀ ਵੱਲੋਂ ਕੈਬਨਿਟ, ਰਾਜ ਦੇ ਪੁਲੀਸ ਮੁਖੀ ਅਤੇ ਐਡਵੋਕੇਟ ਜਨਰਲ ਦੀ ਚੋਣ ਨੂੰ ਲੈ ਕੇ ਆਪਣੀ ਨਾਰਾਜ਼ਗੀ ਜਤਾਈ। ਉਸ ਸਮੇਂ, ਉਸਨੇ ਪਾਰਟੀ ਛੱਡਣ ਦੀ ਧਮਕੀ ਦਿੱਤੀ ਸੀ ਅਤੇ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਆਪਣੀਆਂ ਬੰਦੂਕਾਂ 'ਤੇ ਡਟੇ ਰਹੇ।ਉਦੋਂ ਤੋਂ ਉਨ੍ਹਾਂ ਅਤੇ ਮੁੱਖ ਮੰਤਰੀ ਦਰਮਿਆਨ ਸਮਝੌਤਾ ਅਸਹਿਜ ਹੈ। ਪਿਛਲੇ ਮਹੀਨੇ, ਸ੍ਰੀ ਸਿੱਧੂ ਨੇ ਸੋਨੀਆ ਗਾਂਧੀ ਨੂੰ ਪੱਤਰ ਲਿਖਿਆ, "ਪਹਿਲ ਦੇ ਖੇਤਰਾਂ" ਅਤੇ 2017 ਦੀਆਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਬਾਰੇ 13-ਪੁਆਇੰਟ ਏਜੰਡੇ ਨੂੰ ਸੂਚੀਬੱਧ ਕਰਦੇ ਹੋਏ ਕਿਹਾ ਕਿ "ਰਾਜ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ"।ਉਸ ਦੇ ਸੁਝਾਵਾਂ ਵਿੱਚ ਨਸ਼ਿਆਂ ਦੇ ਮਾਮਲਿਆਂ ਵਿੱਚ ਗ੍ਰਿਫਤਾਰੀ, ਖੇਤੀਬਾੜੀ ਬੁਨਿਆਦੀ ਢਾਂਚੇ ਦੀ ਸਿਰਜਣਾ ਅਤੇ "ਕੇਬਲ ਮਾਫੀਆ" ਨੂੰ ਕਾਬੂ ਕਰਨ ਲਈ ਕਾਨੂੰਨ ਸ਼ਾਮਲ ਸਨ।

ਕਾਂਗਰਸ ਅੰਦਰ ਚੱਲ ਰਹੇ ਝਗੜੇ ਦਾ ਫਾਇਦਾ ਆਮ ਆਦਮੀ ਪਾਰਟੀ ਵੱਲੋਂ ਲਿਆ ਜਾ ਰਿਹਾ ਹੈ, ਜਿਸ ਨੇ ਪੰਜਾਬ ਵਿੱਚ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ।ਇਸ ਹਫਤੇ ਦੇ ਸ਼ੁਰੂ 'ਚ ਅਰਵਿੰਦ ਕੇਜਰੀਵਾਲ ਨੇ ਪੰਜਾਬ ਕਾਂਗਰਸ ਪ੍ਰਧਾਨ 'ਤੇ ਨਿਸ਼ਾਨਾ ਸਾਧਿਆ ਸੀ।"ਸਿੱਧੂ ਨੇ ਕੱਲ੍ਹ ਸਟੇਜ 'ਤੇ ਜੋ ਕਿਹਾ।।। ਮੈਂ ਉਸ ਦੀ ਬਹਾਦਰੀ ਦੀ ਸ਼ਲਾਘਾ ਕਰਦਾ ਹਾਂ। (ਮੁੱਖ ਮੰਤਰੀ ਚਰਨਜੀਤ) ਚੰਨੀ ਕਹਿ ਰਹੇ ਸਨ ਕਿ 'ਮੈਂ ਸੂਬੇ ਵਿੱਚ ਰੇਤ ਮਾਫੀਆ ਨੂੰ ਖਤਮ ਕਰ ਦਿੱਤਾ ਹੈ ਅਤੇ ਰੇਤ ਦੀਆਂ ਕੀਮਤਾਂ 5 ਰੁਪਏ ਪ੍ਰਤੀ ਕਿਲੋ ਤੱਕ ਘਟਾ ਦਿੱਤੀਆਂ ਹਨ'।', ਸਿੱਧੂ ਨੇ ਤੁਰੰਤ ਕਿਹਾ, 'ਨਹੀਂ। ਇਹ ਝੂਠ ਹੈ। ਰੇਟ ਅਜੇ ਵੀ 20 ਰੁਪਏ ਹੈ," ਸ੍ਰੀ ਕੇਜਰੀਵਾਲ ਨੇ ਪੱਤਰਕਾਰਾਂ ਨੂੰ ਕਿਹਾ।

# ਪਦਮ ਸ਼੍ਰੀ ਪ੍ਰੋਫੈਸਰ ਡਾ ਜਗਤ ਰਾਮ



ਹਰਦੀਪ ਸਿੰਘ ਚੁੰਬਰ
+91-94636-01616

ਪ੍ਰੋਫੈਸਰ ਜਗਤ ਰਾਮ, ਡਾਇਰੈਕਟਰ ਪੀਜੀਆਈਐਮਈਆਰ ਦੀ ਪ੍ਰੇਰਨਾਦਾਇਕ ਕਹਾਣੀ ਅਤੇ ਕਿਹੜੀ ਚੀਜ਼ ਉਸਨੂੰ ਅਸਲ-ਜੀਵਨ ਦਾ ਹੀਰੋ ਬਣਾਉਂਦੀ ਹੈ।ਇੱਕ ਛੋਟੇ ਜਿਹੇ ਪਿੰਡ ਵਿੱਚ ਜਨਮੇ ਇਸ ਪਦਮਸ਼੍ਰੀ ਡਾਕਟਰ ਨੂੰ ਦੁਨੀਆ ਦਾ 'ਬੈਸਟ ਆਫ਼ ਦਾ ਸਰਵੋਤਮ' ਚੁਣਿਆ ਗਿਆ।

ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲੇ ਦੇ ਪਬੀਆਣਾ ਨਾਮਕ ਪਿੰਡ ਵਿੱਚ ਜਨਮੇ, ਡਾ: ਰਾਮ ਨੇ ਆਪਣੇ ਲਈ, ਪਿੰਡ ਦੇ ਹੋਰ ਲੋਕਾਂ ਲਈ ਇੱਕ ਬਹੁਤ ਹੀ ਆਮ ਜੀਵਨ ਦੀ ਕਲਪਨਾ ਕੀਤੀ ਸੀ।"ਅਸੀਂ ਗਰੀਬ ਕਿਸਾਨ ਪਰਿਵਾਰ ਕਮਜੋਰ ਹਾਲਾਤ ਵਿੱਚ ਪਲ਼ੇ ਵੱਡੇ ਹੋਏ, ਇਸ ਲਈ ਵੱਡੇ ਸੁਪਨੇ ਦੇਖਣਾ ਸਾਡੇ ਲਈ ਕੁਦਰਤੀ ਤੌਰ 'ਤੇ ਆਇਆ ਨਹੀਂ ਸੀ। ਮੈਂ ਖੇਤਾਂ ਵਿੱਚ ਆਪਣੇ ਪਿਤਾ ਦੀ ਮਦਦ ਕਰਨ ਵਿੱਚ ਵੱਡਾ ਹੋਇਆ ਅਤੇ ਫਿਰ ਉੱਥੇ ਪੜ੍ਹਾਈ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਆਪਣੇ ਤੌਰ 'ਤੇ ਕੰਮ ਕੀਤਾ। ਸਖ਼ਤ ਦਿਨ ਦੀ ਮਿਹਨਤ ਤੋਂ ਬਾਅਦ, ਇਹ ਮੇਰੀਆਂ ਕਿਤਾਬਾਂ ਸਨ ਜਿਨ੍ਹਾਂ ਨੇ ਮੈਨੂੰ ਉਦੇਸ਼ ਦੀ ਭਾਵਨਾ ਦਾ ਅਹਿਸਾਸ ਕਰਵਾਇਆ ਅਤੇ ਮੈਨੂੰ ਚੀਜ਼ਾਂ ਨੂੰ ਬਿਹਤਰ ਬਣਾਉਣ ਦੀ ਉਮੀਦ ਦਿੱਤੀ, "ਡਾ ਰਾਮ ਕਹਿੰਦਾ ਹੈ, ਜੋ ਇੱਕ ਲੜਕੇ ਵਜੋਂ ਹਰ ਇੱਕ ਦਿਨ 9 ਤੋਂ 10 ਕਿਲੋਮੀਟਰ ਸਕੂਲ ਜਾਂਦਾ ਸੀ।

ਪੇਂਡੂ ਸਰਕਾਰੀ ਸਕੂਲ ਜਿੱਥੇ ਨੌਜਵਾਨ ਡਾਕਟਰ ਜਗਤ ਰਾਮ ਪੜ੍ਹਦਾ ਸੀ, ਉਹ ਸਿਰਫ਼ 9ਵੀਂ ਜਮਾਤ ਤੱਕ ਪੜ੍ਹਿਆ। ਇਸ ਲਈ 1971 ਵਿੱਚ, ਉਹ ਸੋਲਨ ਚਲਾ ਗਿਆ, ਜੋ ਕਿ ਘਰ ਤੋਂ ਲਗਭਗ 40 ਕਿਲੋਮੀਟਰ ਦੂਰ ਸੀ।"ਉਸ ਸਮੇਂ ਹਰ ਰੋਜ਼ ਸਫ਼ਰ ਕਰਨਾ ਸੰਭਵ ਨਹੀਂ ਸੀ ਕਿਉਂਕਿ ਉਸ ਸਮੇਂ ਸੰਪਰਕ ਇੰਨਾ ਵਧੀਆ ਨਹੀਂ ਸੀ, ਇਸ ਲਈ ਮੈਨੂੰ ਉੱਥੇ ਹੋਸਟਲ ਵਿੱਚ ਰਹਿਣਾ ਪਿਆ। ਚੀਜ਼ਾਂ ਮੁਸ਼ਕਲ ਸਨ ਪਰ ਮੇਰੇ ਪਿਤਾ ਜੀ ਮੈਨੂੰ ਹਮੇਸ਼ਾ ਇਹ ਕਹਿੰਦੇ ਹੋਏ ਪ੍ਰੇਰਿਤ ਕਰਦੇ ਸਨ ਕਿ ਸਖ਼ਤ ਮਿਹਨਤ ਹੀ ਸਫ਼ਲਤਾ ਦਾ ਰਾਹ ਹੈ। ਇਸ ਵਿਚਾਰ ਨੇ ਮੈਨੂੰ ਉੱਥੇ ਦੇ ਸਮੇਂ ਦੌਰਾਨ ਲਗਾਤਾਰ ਮਾਰਗਦਰਸ਼ਨ ਕੀਤਾ," ਉਹ ਅੱਗੇ ਕਹਿੰਦਾ ਹੈ।ਪਰ, 10ਵੀਂ ਜਮਾਤ ਪੂਰੀ ਕਰਨ ਤੋਂ ਬਾਅਦ, ਉਸਨੂੰ ਵੱਡੇ ਸਵਾਲ ਦਾ ਸਾਹਮਣਾ ਕਰਨਾ ਪਿਆ – ਅੱਗੇ ਕੀ ਕਰਨਾ ਹੈ? ਕੱਟੇ ਹੋਏ ਸੁਪਨਿਆਂ ਵਾਲਾ ਇੱਕ ਚੰਗਾ ਵਿਦਿਆਰਥੀ, ਇਹ ਇੱਕ ਅਧਿਆਪਕ ਸੀ ਜਿਸ ਨੇ ਆਖਰਕਾਰ ਉਸਨੂੰ ਸਹੀ ਦਿਸ਼ਾ ਵਿੱਚ ਸੇਧ ਦਿੱਤੀ।





"ਮੈਂ ਮੈਟ੍ਰਿਕ ਦੀ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕੀਤੇ ਇਸਲਈ ਮੈਂ ਮਾਰਗਦਰਸ਼ਨ ਲੈਣ ਲਈ ਆਪਣਾ ਰਿਪੋਰਟ ਕਾਰਡ ਲੈ ਕੇ ਇੱਕ ਅਧਿਆਪਕ ਕੋਲ ਗਿਆ। ਮੇਰੇ ਅੰਕਾਂ ਅਤੇ ਸੰਭਾਵਨਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੇ ਮੈਨੂੰ ਦਵਾਈ ਲੈਣ ਦੀ ਸਲਾਹ ਦਿੱਤੀ। ਉਸ ਸਮੇਂ, ਮੇਰੇ ਕੋਲ ਇਸ ਬਾਰੇ ਬਹੁਤ ਵਧੀਆ ਵਿਚਾਰ ਨਹੀਂ ਸੀ ਕਿ ਮੈਂ ਇਸ ਖੇਤਰ ਨੂੰ ਕਿਵੇਂ ਅੱਗੇ ਵਧਾਵਾਂਗਾ, ਪਰ ਮੇਰੇ ਅਧਿਆਪਕਾਂ ਸਮੇਤ ਕਈ ਵਿਅਕਤੀਆਂ ਦੀ ਮਦਦ ਨਾਲ, ਚੀਜ਼ਾਂ ਕਿਸੇ ਨਾ ਕਿਸੇ ਰੂਪ ਵਿੱਚ ਹੋ ਗਈਆਂ, "ਡਾ ਰਾਮ ਕਹਿੰਦਾ ਹੈ ਜਿਸ ਨੇ 1978 ਵਿੱਚ ਇੰਦਰਾ ਗਾਂਧੀ ਮੈਡੀਕਲ ਕਾਲਜ ਹਸਪਤਾਲ, ਸ਼ਿਮਲਾ ਤੋਂ ਐਮਬੀਬੀਐਸ ਦੀ ਪੜਾਈ ਪੂਰੀ ਕੀਤੀ ਸੀ।

ਉਹਨਾ ਦਾ ਕਹਿਣਾ ਹੈ ਕਿ ਜੇ ਮੈਂ ਡਾਕਟਰ ਨਾ ਹੁੰਦਾ ਤਾਂ ਮੈਂ ਵਿਗਿਆਨ ਦਾ ਅਧਿਆਪਕ ਹੁੰਦਾ। ਉਹ ਕਹਿੰਦੇ ਹਨ, "ਮੇਰੇ ਪਿਤਾ ਸਵਰਗੀ ਧਿਆਨੂ ਰਾਮ ਇੱਕ ਕਿਸਾਨ ਸਨ ਅਤੇ ਬਹੁਤ ਮਿਹਨਤ ਕਰਦੇ ਸਨ। ਉਹ ਸਮਰਪਿਤ ਅਤੇ ਇਮਾਨਦਾਰ ਸੀ- ਉਹ ਮੇਰੀ ਪਹਿਲੀ ਪ੍ਰੇਰਨਾ ਸੀ। ਮੇਰੇ ਸਕੂਲ ਦੇ ਅਧਿਆਪਕ- ਸ਼। ਸ਼ਿਵਰਾਜ ਸਿੰਘ ਨੇਗੀ ਮੇਰੇ ਜੀਵਨ ਵਿੱਚ ਇੱਕ ਹੋਰ ਵੱਡੀ ਪ੍ਰੇਰਣਾ ਸੀ। ਜਦੋਂ ਸਕੂਲਾਂ ਵਿੱਚ ਇਮਤਿਹਾਨ ਦੀ ਕੋਈ ਪ੍ਰਣਾਲੀ ਨਹੀਂ ਸੀ ਤਾਂ ਉਹ ਸਾਨੂੰ ਪਹਾੜੀਆਂ ਵਿੱਚ 5ਵੀਂ ਜਮਾਤ ਦੀ ਪ੍ਰੀਖਿਆ ਦੇਣ ਲਈ ਲੈ ਗਿਆ। ਸਵਰਗੀ ਪ੍ਰੋ ਆਈ।ਐਸ। ਜੈਨ ਅਤੇ ਪ੍ਰੋ। ਅਮੋਦ ਗੁਪਤਾ ਮੇਰੇ ਪੇਸ਼ੇਵਰ ਪ੍ਰੇਰਨਾ ਸਰੋਤ ਰਹੇ ਹਨ। ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ। ਰਾਧਾ ਸੁਆਮੀ ਸਤਿਸੰਗ ਬਿਆਸ ਤੋਂ ਮੇਰੇ ਅਧਿਆਤਮਿਕ ਗੁਰੂ ਨੇ ਮੈਨੂੰ ਇੱਕ ਚੰਗਾ ਮਨੁੱਖ ਬਣਨ ਦੀ ਸਿੱਖਿਆ ਦਿੱਤੀ ਹੈ। ਉਸਨੇ ਮੈਨੂੰ ਕੰਮ ਵਿੱਚ ਆਪਣਾ ਸਿਰ, ਦਿਲ ਅਤੇ ਆਤਮਾ ਦੇਣਾ ਸਿਖਾਇਆ।"

ਸ਼ੌਕ ਬਾਰੇ ਗੱਲ ਕਰਦਿਆ ਉਹਨਾ ਦਾ ਕਹਿਣਾ ਹੈ, ਕੁਦਰਤ ਦੀ ਫੋਟੋਗ੍ਰਾਫੀ! ਮੇਰੇ ਫ਼ੋਨ ਵਿੱਚ ਪੰਛੀਆਂ ਅਤੇ ਕੁਦਰਤ ਦੀਆਂ ਘੱਟੋ-ਘੱਟ 20,000 ਫ਼ੋਟੋਆਂ ਹਨ। ਸਿਰਫ ਕੁਦਰਤ ਦੀ ਫੋਟੋਗ੍ਰਾਫੀ ਹੀ ਨਹੀਂ ਮੈਂ ਆਪਣੇ ਪੇਸ਼ੇ ਵਿੱਚ ਅੱਖਾਂ ਦੀ ਸਰਜਰੀ ਅਤੇ ਨੇਤਰ ਵਿਗਿਆਨ ਨਾਲ ਵੀ ਅਜਿਹਾ ਕਰਨਾ ਪਸੰਦ ਕਰਦਾ ਹਾਂ। ਮੈਨੂੰ ਸਫ਼ਰ ਕਰਨਾ ਵੀ ਪਸੰਦ ਹੈ। ਕੇਰਲ ਜਾਂ ਉੱਤਰ-ਪੂਰਬ ਵਰਗੇ ਸਥਾਨ ਕੁਦਰਤ ਦੇ ਨੇੜੇ ਹੋਣ ਅਤੇ ਨਵੀਆਂ ਥਾਵਾਂ ਦੀ ਯਾਤਰਾ ਕਰਨ ਲਈ ਚੰਗੇ ਹਨ। ਮੇਰੇ ਅੰਦਰ ਕਦੇ ਕਿਸੇ ਲਈ ਬਦਲੇ ਦੀ ਭਾਵਨਾ ਨਹੀਂ ਸੀ। ਇਹ ਸਭ ਤੋਂ ਨੀਚ ਕੰਮ ਹੈ ਜੋ ਕੋਈ ਕਰ ਸਕਦਾ ਹੈ। ਇਸ ਲਈ, ਮੈਂ ਸਭ ਦਾ ਭਲਾ ਸੋਚਦਾ ਹਾਂ ਅਤੇ ਕਰਦਾ ਹਾਂ। ਮੈਂ ਲੋਕਾਂ ਨੂੰ ਮਾਫ਼ ਕਰਦਾ ਹਾਂ, ਭਾਵੇਂ ਉਹ ਵੱਡੀਆਂ ਗਲਤੀਆਂ ਕਰਨ। ਜਿੱਥੋਂ ਤੱਕ ਹੋ ਸਕੇ, ਇੱਕ ਨੂੰ ਅਜਿਹਾ ਕਰਨਾ ਚਾਹੀਦਾ ਹੈ। ਇਸ ਲਈ ਦਇਆ ਦੇ ਉਸ ਸਥਾਨ ਵਿੱਚ, ਚੀਜ਼ਾਂ ਆਪਣੇ ਆਪ ਕੰਮ ਕਰਦੀਆਂ ਹਨ। ਮੈਂ ਚੈਰੀਟੇਬਲ ਕੰਮ ਕਰਨ ਦੀ ਯੋਜਨਾ ਬਣਾ ਰਿਹਾ ਹਾਂ। ਮੈਂ ਇਸ ਬਾਰੇ ਬਹੁਤ ਸਪੱਸ਼ਟ ਹਾਂ। ਮੈਂ ਗਰੀਬ ਲੋਕਾਂ ਅਤੇ ਅਸਲ ਵਿੱਚ ਲੋੜਵੰਦ ਲੋਕਾਂ ਲਈ ਆਪਣੀਆਂ ਸੇਵਾਵਾਂ ਪੇਸ਼ ਕਰਨਾ ਚਾਹੁੰਦਾ ਹਾਂ।

ਪ੍ਰੋਫੈਸਰ ਜਗਤ ਰਾਮ, ਡਾਇਰੈਕਟਰ ਪੀ ਜੀ ਆਈ ਐਮ ਈ ਆਰ ਦੀ ਪ੍ਰੇਰਨਾਦਾਇਕ ਕਹਾਣੀ ਅਤੇ ਕਿਹੜੀ ਚੀਜ਼ ਉਸਨੂੰ ਅਸਲ-ਜੀਵਨ ਦਾ ਹੀਰੋ ਬਣਾਉਂਦੀ ਹੈ।ਉਸ ਨੇ ਲੰਮਾ ਸਫ਼ਰ ਤੈਅ ਕੀਤਾ ਹੈ। 1961 ਵਿੱਚ ਹਿਮਾਚਲ ਪ੍ਰਦੇਸ਼ ਦੇ ਰਾਜਗੜ੍ਹ ਜ਼ਿਲ੍ਹੇ ਵਿੱਚ ਆਪਣੇ ਸਕੂਲ ਤੱਕ ਪਹੁੰਚਣ ਲਈ ਰੋਜ਼ਾਨਾ ਨੌਂ ਕਿਲੋਮੀਟਰ ਪੈਦਲ ਚੱਲਣਾ, 2015 ਵਿੱਚ ਬਾਰਸੀਲੋਨਾ ਵਿੱਚ 'ਆਸਕਰ ਇਨ ਪੀਡੀਆਟ੍ਰਿਕ ਓਪਥੈਲਮੋਲੋਜੀ' ਅਤੇ ਸੈਨ ਫਰਾਂਸਿਸਕੋ ਵਿੱਚ 'ਬੈਸਟ ਆਫ਼ ਦਾ ਬੈਸਟ ਐਵਾਰਡ' ਪ੍ਰਾਪਤ ਕਰਨ ਲਈ ਸਟੇਜ ਦੀਆਂ ਪੌੜੀਆਂ ਚੜ੍ਹਨ ਤੱਕ। 2013 ਵਿੱਚ ਅਤੇ ਦੁਬਾਰਾ 2016 ਵਿੱਚ ਨਿਊ ਓਰਲੀਨਜ਼ ਵਿਖੇ। ਯਾਤਰਾ ਬਹੁਤ ਹੀ ਪ੍ਰੇਰਨਾਦਾਇਕ ਹੈ!

ਇੱਕ ਅਸਲ-ਜੀਵਨ ਹੀਰੋ, ਜੇ ਕੋਈ ਉਸਨੂੰ ਕਹਿ ਸਕਦਾ ਹੈ। ਉਹ ਸੱਚਮੁੱਚ ਬਹੁਤ ਦੂਰ ਆ ਗਿਆ ਹੈ। ਉਸਦੀ ਨਿਮਰ ਸ਼ੁਰੂਆਤ ਅਤੇ ਉਸਦੇ ਪਰਿਵਾਰ ਦੇ ਸੰਘਰਸ਼ ਨੂੰ ਦੇਖਦੇ ਹੋਏ, ਉਸਦੀ ਕਹਾਣੀ ਬਹੁਤ ਪ੍ਰੇਰਨਾਦਾਇਕ ਹੈ। ਇੱਕ ਕਿਸਾਨ ਦਾ ਪੁੱਤਰ, ਜੋ ਫਘੀਉਵਿੱਚ ਸਭ ਤੋਂ ਵਿਅਸਤ ਵਿਅਕਤੀ ਹੋਣ ਦੇ ਬਾਵਜੂਦ, ਜੋਸ਼ ਨਾਲ ਅੱਖਾਂ ਦੇ ਆਪਰੇਸ਼ਨ ਕਰਦਾ ਹੈ ਜਾਂ ਮਰੀਜ਼ਾਂ ਦੀ ਜਾਂਚ ਕਰਦਾ ਹੈ ਅਤੇ 11 ਵਜੇ ਤੱਕ ਉਨ੍ਹਾਂ ਨੂੰ ਸਲਾਹ ਦਿੰਦਾ ਹੈ।

ਉਨ੍ਹਾਂ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਦਵਾਈ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਲਈ 2018-19 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਬਚਪਨ ਵਿੱਚ ਮੋਤੀਆਬਿੰਦ ਵਿੱਚ ਆਪਣੀਆਂ ਨਵੀਨਤਾਕਾਰੀ ਸਰਜੀਕਲ ਪ੍ਰਕਿਰਿਆਵਾਂ ਅਤੇ ਲੱਖਾਂ ਮਰੀਜ਼ਾਂ ਨੂੰ ਚੈਰੀਟੇਬਲ ਅਤੇ ਤੀਸਰੀ ਦੇਖਭਾਲ ਸੇਵਾਵਾਂ ਦੀ ਪੇਸ਼ਕਸ਼ ਕਰਨ ਲਈ ਜਾਣਿਆ ਜਾਂਦਾ ਹੈ।

ਪ੍ਰੋ: ਜਗਤ ਰਾਮ, ਡਾਇਰੈਕਟਰ, ਪੀ ਜੀਆਈ ਐਮ ਈ ਆਰ, ਜੋ ਕਿ ਸੰਸਥਾ ਅਤੇ ਪੇਸ਼ੇ ਵਿੱਚ 41।5 ਸਾਲ ਪੂਰੇ ਕਰ ਚੁੱਕੇ ਹਨ ਅਤੇ ਜਿਨ੍ਹਾਂ ਦੀ ਅਦੁੱਤੀ ਭਾਵਨਾ, ਸਖ਼ਤ ਮਿਹਨਤ, ਉੱਚ ਪੇਸ਼ੇਵਰ ਯੋਗਤਾ ਦੇ ਨਾਲ ਉਨ੍ਹਾਂ ਨੂੰ ਇੱਥੇ ਤੱਕ ਲਿਆਇਆ ਹੈ। ਉਸਦਾ ਪਰਿਵਾਰ ਉਸਦੇ ਲਈ ਇੱਕ ਮਜ਼ਬੂਤ ਸਹਾਇਤਾਪ੍ਰਣਾਲੀਹੈ।ਉਸਦੀਪਤਨੀ, ਸ਼੍ਰੀਮਤੀ ਆਸ਼ਾ ਕੁਮਾਰੀ, ਇੱਕ ਦੇਖਭਾਲ ਕਰਨ ਵਾਲੀ ਮਾਂ ਅਤੇ ਇੱਕ ਬਹੁਤ ਹੀ ਪਿਆਰ ਕਰਨ ਵਾਲੀ ਦਾਦੀ, ਇਹ ਯਕੀਨੀ ਬਣਾਉਂਦੀ ਹੈ ਕਿ ਉਹ ਆਪਣੇ ਪੇਸ਼ੇਵਰ ਕਰਤੱਵਾਂ ਨੂੰ ਨਿਭਾਉਂਦੇ ਹੋਏ ਆਪਣੀ ਸਰੀਰਕ ਕਸਰਤ ਨਾਲ ਸਮਝੌਤਾ ਨਾ ਕਰੇ। ਇਸ ਲਈ ਜਦੋਂ ਉਹ ਐਤਵਾਰ ਨੂੰ ਇਕੱਠੇ ਕੁਦਰਤ ਦੀ ਸੈਰ ਕਰਨ ਜਾਂਦੇ ਹਨ, ਤਾਂ ਉਹ ਇਹ ਯਕੀਨੀ ਬਣਾਉਂਦੀ ਹੈ ਕਿ ਜਦੋਂ ਉਹ ਫੋਟੋਆਂ ਖਿੱਚਣ ਵਿੱਚ ਰੁੱਝਿਆ ਹੋਇਆ ਹੈ। ਉਹ ਕਹਿੰਦੇ ਹਨ"ਸਾਡੇ ਕੋਲ ਜੋ ਹੈ ਉਸ ਨਾਲ ਅਸੀਂ ਸੰਤੁਸ਼ਟ ਹਾਂ। ਅਸੀਂ ਸੰਤੁਸ਼ਟੀ ਦੀ ਜ਼ਿੰਦਗੀ ਜੀਉਂਦੇ ਹਾਂ ਅਤੇ ਸਾਡੇ ਕੋਲ ਜੋ ਵੀ ਸਾਧਨ ਅਤੇ ਪੈਸਾ ਹੈ ਉਸ ਨਾਲ ਖੁਸ਼ ਹਾਂ," ਜੋੜੇ ਦਾ ਹਵਾਲਾ ਦਿਓ ਜੋ ਉਤਸ਼ਾਹੀ ਧਿਆਨ ਕਰਨ ਵਾਲੇ ਅਤੇ ਅਧਿਆਤਮਵਾਦੀ ਹਨ।

ਮਰੀਜ਼ ਦੀ ਦੇਖਭਾਲ, ਅਧਿਆਪਨ ਅਤੇ ਖੋਜ ਵਿੱਚ; ਇੰਸਟੀਚਿਊਟ (ਫਘੀਉ, ਚੰਡੀਗੜ੍ਹ) ਵਿੱਚ ਪਿਛਲੇ ਸਾਲਾਂ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਹੈ। ੍ਰੀਂਦਰਜਾਬੰਦੀ ਦੇ ਤਹਿਤ, ਲਗਾਤਾਰ ਤਿੰਨ ਸਾਲਾਂ ਤੋਂ, ਅਸੀਂ ਦੇਸ਼ ਦੀ ਦੂਜੀ ਸਭ ਤੋਂ ਵਧੀਆ ਮੈਡੀਕਲ ਸੰਸਥਾ ਰਹੇ ਹਾਂ। ਕੈਡੇਵਰਿਕ ਆਰਗਨ ਡੋਨੇਸ਼ਨ ਵਿੱਚ, ਸਾਨੂੰ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਦੇਸ਼ ਵਿੱਚ 'ਸਰਬੋਤਮ ਹਸਪਤਾਲ' ਦਾ ਦਰਜਾ ਦਿੱਤਾ ਗਿਆ ਹੈ। ਜਿੱਥੋਂ ਤੱਕ ਸਵੱਛਤਾ ਦਾ ਸਵਾਲ ਹੈ, ਅਸੀਂ ਦੇਸ਼ ਦੇ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਹਾਂ। ਇਹ ਕੁਝ ਪ੍ਰਮੁੱਖ ਪ੍ਰਾਪਤੀਆਂ ਹਨ, ਅਤੇ ਹੋਰ ਵੀ ਬਹੁਤ ਸਾਰੀਆਂ ਹਨ। ਅਜੇ ਬਹੁਤ ਕੰਮ ਕਰਨਾ ਬਾਕੀ ਹੈ!

ਕੋਵਿਡ-19 ਮਹਾਂਮਾਰੀ ਤੋਂ ਪਹਿਲਾਂ 3 ਮਿਲੀਅਨ ਮਰੀਜ਼ ਹਰ ਸਾਲ ਪੀਜੀਆਈਐਮਈਆਰ ਵਿੱਚ ਆ ਰਹੇ ਸਨ, ਨਾ ਸਿਰਫ਼ ਗੁਆਂਢੀ ਰਾਜਾਂ ਤੋਂ, ਸਗੋਂ ਦੂਰ-ਦੁਰਾਡੇ ਰਾਜਾਂ ਤੋਂ ਵੀ। ਇਸ ਲਈ, ਅਸੀਂ ਚੰਡੀਗੜ੍ਹ ਦੇ ਨੇੜੇ ਸਾਰੰਗਪੁਰ (ਮੌਜੂਦਾ ਪੀਜੀਆਈ ਦੇ ਬਿਲਕੁਲ ਨੇੜੇ) ਵਿੱਚ 50।76 ਏਕੜ ਜ਼ਮੀਨ ਵਿੱਚ ਇੱਕ ਨਵੀਂ ਸਕ੍ਰੀਨਿੰਗ ਓਪੀਡੀ ਲੈ ਕੇ ਆ ਰਹੇ ਹਾਂ। ਇਹ ਮਰੀਜ਼ਾਂ ਦੀ ਮੌਜੂਦ ਭੀੜ ਨੂੰ ਸੰਭਾਲਣ ਵਿੱਚ ਮਦਦ ਕਰੇਗਾ। ਓਪੀਡੀ ਦੀ ਸਕ੍ਰੀਨਿੰਗ ਤੋਂ ਇਲਾਵਾ, ਉੱਥੇ ਇੱਕ 500 ਬਿਸਤਰਿਆਂ ਵਾਲਾ ਟਰੌਮਾ ਸੈਂਟਰ ਆ ਰਿਹਾ ਹੈ, ਇੱਕ ਵੱਡਾ ਓਨਕੋਲੋਜੀ ਸੈਂਟਰ ਜਿਸ ਵਿੱਚ ਹਰ ਤਰ੍ਹਾਂ ਦੀਆਂ ਸੇਵਾਵਾਂ ਹਨ- ਮੈਡੀਕਲ ਔਨਕੋਲੋਜੀ, ਸਰਜੀਕਲ ਓਨਕੋਲੋਜੀ, ਰੇਡੀਓਥੈਰੇਪੀ ਅਤੇ ਰੀ-ਹੈਬਿਲੀਟੇਸ਼ਨ ਸਮੇਤ। ਇੱਥੇ 600 ਬਿਸਤਰਿਆਂ ਵਾਲਾ ਗੈਸਟ੍ਰੋਐਂਟਰੋਲੋਜੀ ਅਤੇ ਹੈਪੇਟੋਲੋਜੀ ਸੈਂਟਰ ਅਤੇ 200 ਬਿਸਤਰਿਆਂ ਵਾਲਾ ਐਂਡੋਕਰੀਨੋਲੋਜੀ ਸੈਂਟਰ ਵੀ ਹੋਵੇਗਾ।

ਇਸ ਤੋਂ ਇਲਾਵਾ, ਸਾਡੇ ਮੌਜੂਦਾ ਕੈਂਪਸ ਵਿੱਚ ਨਿਊਰੋਸਾਇੰਸ ਸੈਂਟਰ ਪਹਿਲਾਂ ਹੀ ਆ ਰਿਹਾ ਹੈ ਅਤੇ 300 ਬਿਸਤਰਿਆਂ ਵਾਲਾ 'ਮਦਰ ਐਂਡ ਚਾਈਲਡ' ਕੇਅਰ ਸੈਂਟਰ ਹੈ। ਅਸੀਂ ਬਜ਼ੁਰਗ ਲੋਕਾਂ ਦੀ ਸਿਹਤ ਦੀ ਬਿਹਤਰ ਦੇਖਭਾਲ ਕਰਨ ਲਈ ਇੱਕ ਜੈਰੀਐਟ੍ਰਿਕ ਸੈਂਟਰ ਵੀ ਲੈ ਕੇ ਆ ਰਹੇ ਹਾਂ। ਇਸ ਲਈ ਅਸੀਂ ਸਭ ਤੋਂ ਵੱਧ ਲਾਗਤ-ਪ੍ਰਭਾਵਸ਼ਾਲੀ ਅਤੇ ਵਧੀਆ ਤੀਸਰੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਦਾ ਇਰਾਦਾ ਰੱਖਦੇ ਹਾਂ।

ਉਹ ਕਹਿੰਦੇ ਹਨ, ਮਿਹਨਤ ਦਾ ਕੋਈ ਬਦਲ ਨਹੀਂ ਹੈ। ਵਚਨਬੱਧ ਰਹੋ, ਕੇਂਦਰਿਤ ਅਤੇ ਨੈਤਿਕ ਰਹੋ। ਕਿਸੇ ਨੂੰ ਨੈਤਿਕਤਾ ਨਾਲ ਬਿਲਕੁਲ ਵੀ ਸਮਝੌਤਾ ਨਹੀਂ ਕਰਨਾ ਚਾਹੀਦਾ। ਇਹ ਰਾਸ਼ਟਰੀ ਮਹੱਤਵ ਦਾ ਇੱਕ ਸੰਸਥਾ ਹੈ, ਅਤੇ ਇੱਥੇ ਹੋਣ ਲਈ ਸਮਰਪਣ ਦੀ ਇੱਕ ਖਾਸ ਡੂੰਘਾਈ ਦੀ ਲੋੜ ਹੈ। ਨਾਲ ਹੀ, ਟੀਮ ਵਰਕ ਬਹੁਤ ਮਹੱਤਵਪੂਰਨ ਹੈ। ਵਿਅਕਤੀਗਤ ਪ੍ਰਾਪਤੀ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦੀ ਜਦੋਂ ਤੱਕ ਇਹ ਟੀਮ ਵਰਕ ਨਹੀਂ ਹੁੰਦੀ ਅਤੇ ਪੂਰੀ ਟੀਮ ਉੱਤਮ ਹੁੰਦੀ ਹੈ।

ਡਾਕਟਰੀ ਪੇਸ਼ੇ ਵਾਰੇ ਉਹ ਕਹਿੰਦੇ ਹਨ ਡਾਕਟਰੀ ਪੜ੍ਹਾਈ ਵਿੱਚ ਨਿਵੇਸ਼ ਕੀਤੇ ਗਏ ਪੈਸੇ ਦੀ ਵਸੂਲੀ ਕਰਨ ਦਾ ਰੁਝਾਨ ਹੈ। ਪਰ ਨੈਤਿਕਤਾ ਡਾਕਟਰੀ ਪੇਸ਼ੇ ਦਾ ਹਿੱਸਾ ਹੋਣੀ ਚਾਹੀਦੀ ਹੈ, ਭਾਵੇਂ ਕੁਝ ਵੀ ਹੋਵੇ। ਮਰੀਜ਼ ਲਈ ਕਿਹੜੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਉਹ ਸਵੇਰੇ ਜਲਦੀ ਉੱਠਦੇ ਹਨ ਅਤੇ ਹਰ ਰੋਜ਼ ਸਿਮਰਨ ਕਰਦੇ ਹਨ।

ਚੋਟੀ ਦੇ ਅਹੁਦਿਆਂ 'ਤੇ ਪਹੁੰਚਣ ਅਤੇ ਕਾਇਮ ਰੱਖਣ ਲਈ ਪਰਿਵਾਰ ਦਾ ਸਮਰਥਨ ਜ਼ਰੂਰੀ ਹੈ, ਉਹ ਕਹਿੰਦੇ ਹਨ, ਮੇਰਾ ਪਰਿਵਾਰ ਬਹੁਤ ਸਹਿਯੋਗੀ ਰਿਹਾ ਹੈ ਅਤੇ ਮੇਰੀ ਰੀੜ੍ਹ ਦੀ ਹੱਡੀ ਹੈ। ਮੇਰੀ ਪਤਨੀ ਆਸ਼ਾ ਮੇਰੇ ਲਈ ਇੱਕ ਠੋਸ ਸਹਾਰਾ ਰਹੀ ਹੈ। ਮੇਰੀਆਂ ਦੋ ਧੀਆਂ- ਸ਼ਿਖਾ ਅਤੇ ਸ਼ਿਲਪਾ ਦੋਵੇਂ ਵਿਆਹੇ ਹੋਏ ਹਨ, ਅਤੇ ਮੈਨੂੰ ਆਪਣੇ ਦੋਹਤੇ-ਦੋਹਤੀਆਂ ਨਾਲ ਜੋ ਵੀ ਸਮਾਂ ਮਿਲਦਾ ਹੈ, ਮੈਂ ਉਨ੍ਹਾਂ ਵਿੱਚ ਚੰਗੇ ਸੰ-ਸਕਾਰ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਅੱਜਕੱਲ੍ਹ ਬੱਚੇ ਗੈਜੇਟਸ ਨਾਲ ਜੁੜੇ ਹੋਏ ਹਨ, ਇਸ ਲਈ ਮੈਂ ਅਤੇ ਮੇਰੀ ਪਤਨੀ ਉਨ੍ਹਾਂ ਨੂੰ ਚੰਗੇ ਸਮਾਜਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਵੱਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਗੈਜੇਟਸ ਨਾਲ ਰਹਿਣ ਦੀ ਬਜਾਏ ਜਦੋਂ ਕੋਈ ਉਨ੍ਹਾਂ ਨਾਲ ਗੱਲ ਕਰ ਰਿਹਾ ਹੈ ਤਾਂ ਧਿਆਨ ਦੇਣ ਲਈ ਉਨ੍ਹਾਂ ਨੂੰ ਸਿੱਖਿਆ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਹਾਲਾਂਕਿ ਇਹ ਬੱਚੇ ਹੁਸ਼ਿਆਰ ਅਤੇ ਆਪਣੀ ਉਮਰ ਤੋਂ ਅੱਗੇ ਹਨ। 3 'ਤੇ, ਮੇਰਾ ਪੋਤਾ ਗੂਗਲ ਮੈਪਸ ਦੀ ਵਰਤੋਂ ਕਰਕੇ ਨੇੜਲੇ ਪੈਟਰੋਲ ਸਟੇਸ਼ਨ ਨੂੰ ਦੱਸੇਗਾ ਅਤੇ ਇਸਨੇ ਮੈਨੂੰ ਹੈਰਾਨ ਕਰ ਦਿੱਤਾ! ਮੇਰੀ ਪਤਨੀ ਰਚਨਾਤਮਕ ਢੰਗ ਨਾਲ ਸਾਡੇ ਦੋਹਤੇ-ਦੋਹਤੀਆਂ ਨੂੰ ਕੁਦਰਤ ਨਾਲ ਜੋੜਦੀ ਹੈ। ਜਦੋਂ ਉਹ ਘਰ ਆਉਂਦੇ ਤਾਂ ਉਹ ਉਨ੍ਹਾਂ ਨੂੰ ਬਾਗ ਵਿੱਚ ਲੈ ਜਾਂਦੀ ਅਤੇ ਉਨ੍ਹਾਂ ਨੂੰ ਫਲਾਂ, ਰੁੱਖਾਂ ਬਾਰੇ ਦੱਸਦੀ ਅਤੇ ਬਾਗਬਾਨੀ ਵਿੱਚ ਉਨ੍ਹਾਂ ਦੀ ਮਦਦ ਕਰਦੀ।

ਡਾਕਟਰ ਰਾਮ ਬਾਰੇ ਗੱਲ ਕਰਦੇ ਹੋਏ, ਉਹਨਾਂ ਦੇ ਇੱਕ ਮਰੀਜ਼, ਕੈਪਟਨ ਨਰਿੰਦਰ ਸਿੰਘ ਆਈ।ਏ।ਐਸ।, ਜਿਸਦਾ 2013 ਵਿੱਚ ਮੋਤੀਆਬਿੰਦ ਦਾ ਆਪ੍ਰੇਸ਼ਨ ਹੋਇਆ ਸੀ, ਕਹਿੰਦਾ ਹੈ, "ਇੱਕ ਚੰਗਾ ਡਾਕਟਰ ਸਿਰਫ਼ ਇੱਕ ਪੇਸ਼ੇਵਰ ਹੀ ਨਹੀਂ ਹੁੰਦਾ ਜੋ ਕਾਬਲ ਹੁੰਦਾ ਹੈ, ਸਗੋਂ ਬਹੁਤ ਹਮਦਰਦ ਵੀ ਹੁੰਦਾ ਹੈ। ਡਾ: ਰਾਮ ਵਿਚ ਦੋਵੇਂ ਗੁਣ ਅਤੇ ਹੋਰ ਵੀ ਹਨ। ਮੈਨੂੰ ਯਾਦ ਹੈ ਕਿ ਕਿਵੇਂ ਮਰੀਜ਼ਾਂ ਦੀ ਭਾਰੀ ਭੀੜ ਵਿੱਚ, ਉਹ ਹਰ ਮਰੀਜ਼ ਨਾਲ ਦੇਖਭਾਲ ਅਤੇ ਹਮਦਰਦੀ ਨਾਲ ਪੇਸ਼ ਆਉਂਦੇ ਹੋਏ, ਆਪਣੀ ਸ਼ਾਂਤ ਮੁਸਕਰਾਹਟ ਬਣਾਈ ਰੱਖਣ ਦਾ ਪ੍ਰਬੰਧ ਕਰਦਾ ਸੀ। ਮੈਂ ਉਸ ਨੂੰ ਕਦੇ ਵੀ ਦਬਾਅ ਹੇਠ ਝੁਕਦੇ ਨਹੀਂ ਦੇਖਿਆ, ਸਗੋਂ ਉਸ ਤੋਂ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ। ਇਲਾਜ ਜਾਂ ਸਰਜਰੀ ਦੇ ਦੌਰਾਨ ਉਹ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਮਰੀਜ਼ ਸੁਰੱਖਿਅਤ ਅਤੇ ਡਰ ਤੋਂ ਬਿਨਾਂ ਮਹਿਸੂਸ ਕਰਦਾ ਹੈ। ਇਹ ਇੱਕ ਡਾਕਟਰ ਵਿੱਚ ਲੱਭਣ ਲਈ ਸੱਚਮੁੱਚ ਇੱਕ ਕਮਾਲ ਦਾ ਗੁਣ ਹੈ। " ਜ਼ਮੀਨੀ ਪੱਧਰ ਦੇ ਕੰਮ ਦੇ ਨਾਲ-ਨਾਲ ਖੋਜ ਦੇ ਰੂਪ ਵਿੱਚ, ਦੇਸ਼ ਵਿੱਚ ਅੱਖਾਂ ਦੀ ਦੇਖਭਾਲ ਦੀ ਸਹੂਲਤ ਨੂੰ ਵਿਕਸਤ ਕਰਨ ਦੇ ਉਸ ਦੇ ਮਿਸਾਲੀ ਯਤਨਾਂ ਦੇ ਕਾਰਨ, ਉਸਨੂੰ ਵੱਕਾਰੀ 'ਬੈਸਟ ਆਫ਼ ਦਾ ਸਰਵੋਤਮ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਸੈਨ ਫਰਾਂਸਿਸਕੋ ਵਿਖੇ ਹੋਈ ਅਮੇਰੀਕਨ ਸੋਸਾਇਟੀ ਆਫ਼ ਕੈਟਰੈਕਟ ਐਂਡ ਰਿਫ੍ਰੈਕਟਿਵ ਸਰਜਰੀ ਕਾਨਫਰੰਸ ਵਿੱਚ ਨਵੀਂ ਸਰਜੀਕਲ ਤਕਨੀਕ ਦੀ ਸ਼੍ਰੇਣੀ ਵਿੱਚ ਇਹ ਪੁਰਸਕਾਰ ਮਿਲਿਆ ਸੀ।

ਇੱਕ ਦੁਰਲੱਭ ਕਾਰਨਾਮਾ, ਉਸਦੀ ਤਕਨੀਕ ਨੇ 120 ਤੋਂ ਵੱਧ ਦੇਸ਼ਾਂ ਦੇ 10,000 ਤੋਂ ਵੱਧ ਨੇਤਰ ਵਿਗਿਆਨੀਆਂ ਦੀ ਖੋਜ ਅਤੇ ਨਵੀਨਤਾ ਨੂੰ ਜਿੱਤ ਲਿਆ ਸੀ।ਨਵੀਨਤਾ ਦੀਆਂ ਕੁੱਲ 180 ਵੀਡੀਓ ਪੇਸ਼ਕਾਰੀਆਂ ਵਿੱਚੋਂ, ਡਬਲ ਕ੍ਰਿਸਟਲਿਨ ਲੈਂਸ ਵਾਲੇ ਬੱਚੇ ਵਿੱਚ ਕਸਟਮਾਈਜ਼ਡ ਇੰਟਰਾਓਕੂਲਰ ਲੈਂਜ਼ (ਜੋ ਕਿ ਮੋਤੀਆਬਿੰਦ ਜਾਂ ਮਾਈਓਪੀਆ ਦੇ ਇਲਾਜ ਲਈ ਨਕਲੀ ਤੌਰ 'ਤੇ ਲਗਾਏ ਜਾਂਦੇ ਹਨ) ਦੇ ਇਮਪਲਾਂਟੇਸ਼ਨ 'ਤੇ ਡਾ ਰਾਮ ਦੇ ਕੰਮ ਨੂੰ 'ਬੈਸਟ ਆਫ਼ ਦਾ ਸਰਵੋਤਮ' ਘੋਸ਼ਿਤ ਕੀਤਾ ਗਿਆ ਸੀ।ਇਹ ਇੱਕ ਬਹੁਤ ਹੀ ਦੁਰਲੱਭ ਮਾਮਲਾ ਸੀ, ਜਿੱਥੇ ਇੱਕ ਅੱਖ 'ਤੇ ਦੋ ਜਮਾਂਦਰੂ ਕ੍ਰਿਸਟਲਿਨ ਲੈਂਸ ਜਾਂ ਡੁਪਲੀਕੇਟ ਲੈਂਸ ਬਣਦੇ ਹਨ। ਵੀਡੀਓ ਨੇ ਉਸ ਤਕਨੀਕ ਦਾ ਪ੍ਰਦਰਸ਼ਨ ਕੀਤਾ ਜਿੱਥੇ ਡਾਕਟਰ ਰਾਮ ਦੇ ਵਿਸ਼ੇਸ਼ ਇੰਟਰਾਓਕੂਲਰ ਲੈਂਸ ਨੂੰ ਪਹਿਲੀ ਵਾਰ ਸਫਲਤਾ-ਪੂਰਵਕ ਲਗਾਇਆ ਗਿਆ ਸੀ, ਜਿਸ ਨਾਲ ਸਕਾਰਾਤਮਕ ਵਿਜ਼ੂਅਲ ਨਤੀਜਾ ਨਿਕਲਿਆ। ਇਸ ਨੂੰ ਬੱਚਿਆਂ ਵਿੱਚ ਮੋਤੀਆਬਿੰਦ ਦੇ ਇਲਾਜ ਦੇ ਖੇਤਰ ਵਿੱਚ ਇੱਕ ਕਿਸਮ ਦੀ ਸਫਲਤਾ ਦੱਸਿਆ ਗਿਆ ਸੀ।ਦਵਾਈ ਦੇ ਖੇਤਰ ਵਿੱਚ ਉਸਦੇ ਬੇਮਿਸਾਲ ਯੋਗਦਾਨ ਨੇ ਉਸਨੂੰ 2019 ਵਿੱਚ ਵੱਕਾਰੀ ਪਦਮ ਸ਼੍ਰੀ ਪੁਰਸਕਾਰ ਵੀ ਜਿੱਤਿਆ।

"ਇੱਕ ਡਾਕਟਰੀ ਪ੍ਰੈਕਟੀਸ਼ਨਰ ਅਤੇ ਅਧਿਆਪਕ ਵਜੋਂ, ਮੈਂ ਸਭ ਤੋਂ ਵੱਧ ਗਿਆਨ ਨੂੰ ਇੱਕ ਯੋਗ ਅਤੇ ਪ੍ਰੇਰਿਤ ਪੀੜ੍ਹੀ ਤੱਕ ਪਹੁੰਚਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨਾ ਚਾਹੁੰਦਾ ਹਾਂ ਜੋ ਸਹੀ ਅਰਥਾਂ ਵਿੱਚ ਲੋਕਾਂ ਦੀ ਸੇਵਾ ਕਰਨ ਲਈ ਸਭ ਤੋਂ ਵਧੀਆ ਤਕਨਾਲੋਜੀ ਦੀ ਵਰਤੋਂ ਕਰਦੀ ਹੈ। ਮੈਂ ਉਸ ਸੁਪਨੇ ਨੂੰ ਜੀਣ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਿਹਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਕੋਈ ਵੀ ਇਸ ਦਾ ਅਨੁਸਰਣ ਕਰੇਗਾ, "ਉਸ ਨੇ ਸਿੱਟਾ ਕੱਢਿਆ।

# ਪੰਜਾਬ ਸਰਕਾਰ ਦੇ ਸ਼ਾਨਦਾਰ ਫੈਸਲੇ, ਪੰਜਾਬੀਆਂ ਨੂੰ ਵੀ ਆਪਣੀ ਮਾਂ ਬੋਲੀ ਪ੍ਰਤੀ ਸੁਚੇਤ ਹੋਣ ਦੀ ਵੱਡੀ ਲੋੜ!

ਸੰਸਾਰ ਵਿੱਚ ਇਸ ਸਮੇਂ ਲਗ ਭਗ 6500 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ।ਜਿਸ ਵਿੱਚ ਪੰਜਾਬੀ ਬੋਲੀ ਬੋਲੇ ਜਾਣ ਦਾ 'ਨੌਵਾਂ' ਸਥਾਨ ਮੰਨਿਆ ਜਾਂਦਾ ਹੈ। ਭਾਵੇਂ ਅਜਾਦੀ ਤੋਂ ਬਾਅਦ ਦੇਸ਼ ਦੀਆਂ ਬਣਨ ਵਾਲੀਆ ਸਰਕਾਰਾਂ ਨੇ ਜਾਨ ਬੁੱਝ ਕੇ ਕਹਿ ਲਉ ਜਾਂ ਫਿਰ ਸਾਜਿਸ਼ੀ ਢੰਗ ਨਾਲ ਇਸ ਬੋਲੀ ਨੂੰ ਖਤਮ ਕਰਨ ਦਾ ਹਰ ਹਰਬਾ ਖਰਬਾ ਵਰਤਿਆ ਜਾਂਦਾ ਰਿਹਾ ਹੈ ਤਾਂ ਇਹ ਗਲਤ ਨਹੀਂ ਹੋਵੇਗਾ।ਸਭ ਤੋਂ ਮਾੜ੍ਹੀ ਗੱਲ ਇਸ ਭਾਸ਼ਾ 'ਪੰਜਾਬੀ ਬੋਲੀ' ਲਈ ਇਹ ਹੋ ਨਿਬੜ੍ਹੀ ਹੈ ਕਿ ਇਸ ਨੂੰ ਸਿੱਖਾਂ ਦੀ ਭਾਸ਼ਾ ਕਹਿ ਕੇ ਪੰਜਾਬ ਵਿੱਚ ਰਹਿਣ ਵਾਲੇ ਹਿੰਦੂ ਪੰਜਾਬੀ ਭਰਾਵਾਂ ਨੂੰ ਉਸ ਵੇਲੇ ਦੀ ਰਾਜਨੀਤਕ ਪਾਰਟੀ ਜੰਨ ਸੰਘ ਜਿਹੜੀ ਇਸ ਸਮੇਂ ਭਾਰਤੀ ਜੰਨਤਾ ਪਾਰਟੀ ਦਾ ਰੂਪ ਬਣ ਕੇ ਸਾਰੇ ਭਾਰਤ ਵਿੱਚ ਨਫਰਤੀ ਬੀਜ ਬੀ ਰਹੀ ਹੈ ।ਇਸ ਪਾਰਟੀ ਨੇ ਹਿੰਦੂ ਪੰਜਾਬੀ ਭਰਾਵਾਂ ਨੂੰ ਇਹ ਕਹਿ ਕੇ ਪੰਜਾਬੀ ਬੋਲੀ ਤੋਂ ਮੁਨੱਕਰ ਕਰਾ ਦਿੱਤਾ ਕਿ ਹਿੰਦੂਆਂ ਦੀ ਭਾਸ਼ਾ 'ਹਿੰਦੀ' ਹੈ। ਉਨਾਂ ਹਿੰਦੂ ਭਰਾਵਾਂ ਨੇ ਪੰਜਾਬੀ ਵਿੱਚ ਸਾਰਾ ਕਾਰ ਵਿਹਾਰ ਪੰਜਾਬੀ ਵਿੱਚ ਕਰਦਿਆਂ ਇਥੋਂ ਤਕ ਕਿ ਹਸੱਣ ਮੱਲਣ ਤੋਂ ਬਿਨਾ ਸੋਗੀ ਅਵਸਰ (ਮੌਤ ਸਮੇਂ) ਵੇਲੇ ਵੈਣ ਵੀ ਪੰਜਾਬੀ ਬੋਲੀ ਵਿੱਚ ਹੀ ਪਾਏ। ਪਰ ਪੰਜਾਬ ਵਿੱਚ ਹੁੰਦੀਆਂ ਮਰਦਮ ਸ਼ੁਮਾਰੀਆਂ ਵਿੱਚ ਖੁੱਦ ਪੰਜਾਬੀ ਬੋਲਦੇ ਹੋਏ ਮਜਬੀ ਰੰਗਣ ਵਿੱਚ ਆਪਣੇ ਆਪ ਨੂੰ ਰੰਗਦੇ ਹੋਏ ਇਨਾਂ ਪੰਜਾਬੀ ਹਿੰਦੂ ਭਰਾਵਾਂ ਨੇ ਆਪਣੀ ਮਾਂ ਬੋਲੀ "ਪੰਜਾਬੀ" ਨੂੰ ਲਿਖਵਾਉਣ ਤੋਂ ਮੁੱਕਰ ਕੇ 'ਹਿੰਦੀ' ਲਿਖਵਾ ਕੇ ਬਿਨਾ ਕਿਸੇ ਦੀ ਮੰਗ ਦੇ ਹਰਿਆਣਾ ਨੂੰ ਜਨਮ ਦੇ ਕੇ ਪੰਜਾਬ ਨੂੰ ਨਿਹਾਇਤ ਛੋਟਾ ਕਰਵਾ ਕੇ ਰੱਖ ਦਿੱਤਾ। ਇਨਾਂ ਪੰਜਾਬੀ ਹਿੰਦੂ ਭਰਾਵਾਂ ਨੂੰ ਉਦੋਂ ਸਮਝ ਲਗੀ ਜਦੋਂ ਇਨਾਂ ਦੀ ਪੰਜਾਬੀ ਹੋਣ ਕਰਕੇ ਨਾ ਹਰਿਆਣਾ ਨੇ ਵਾਤ ਪੁੱਛੀ ਤੇ ਨਾਂ ਹੀ ਹਿਮਾਚਲ ਪ੍ਰਦੇਸ਼ ਆਦਿ ਹੋਰ ਪ੍ਰਾਂਤਾਂ ਨੇ!ਉਦੋਂ ਤਕ ਪੰਜਾਬ ਦਾ ਬੜਾ ਕੁਝ ਤਹਿਸ ਨਹਿਸ ਹੋ ਚੁੱਕਾ ਸੀ।ਇਸ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਪੰਜਾਬੀ ਬੋਲੀ ਤਾਂ ਸਭ ਦੀ ਸਾਂਝੀ ਹੈ ਇਸ ਦੇ ਜਨਮ ਦਾਤੇ ਤਾਂ ਹਿੰਦੂ ਧਰਮ ਨਾਲ ਸਬੰਧਤ ਜੋਗੀਆਂ, ਨਾਥਾਂ ਦੇ ਹੋਣ ਤੋਂ ਬਾਅਦ ਮੁਸਲਿਮ ਧਰਮ ਨਾਲ ਸਬੰਧਤ ਸੂਫੀਆਂ ਕਵੀ ਬਾਬਾ ਫਰੀਦ ਜੀ ਵਰਗੇ ਰਹੇ ਹਨ ।ਸਿੱਖ ਧਰਮ ਦੀ ਸਥਾਪਨਾ ਤਾਂ ਪੰਦਰਵੀ ਸੱਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ।ਸਿੱਖ ਗੁਰੂਆਂ ਦਾ ਸਾਰਾ ਫਲਸਫਾ ਤੇ ਬਾਣੀ ਪੰਜਾਬੀ ਬੋਲੀ ਵਿੱਚ ਲਿੱਖੀ ਹੋਣ ਕਰਕੇ ਜਦੋਂ ਇਸ ਬੋਲੀ ਦਾ ਕੋਈ ਹੋਰ ਮੁਦੱਈ ਨਾ ਬਣਿਆ ਤਾਂ ਫਿਰ ਸਿੱਖਾਂ ਨੂੰ ਮਜਬੂਰ ਹੋ ਕੇ ਇਸ ਨੂੰ ਅਪਣਾਉਣਾ ਪਿਆ।ਅਜਾਦ ਭਾਰਤ ਦੀ ਕਾਂਗਰਸ ਸਰਕਾਰ ਨੇ ਸਾਰੇ ਦੇਸ਼ ਵਿੱਚ ਬੋਲੀਆਂ ਦੇ ਅਧਾਰ ਤੇ ਸੂਬੇ ਤਾਂ ਬਣਾ ਦਿੱਤੇ ਪਰ ਪੰਜਾਬ ਦੀ ਬੋਲੀ ਦੇ ਅਧਾਰ ਤੇ ਸੂਬੇ ਨੂੰ ਬਣਾਉਣ ਤੋਂ ਛੱਡ ਦਿੱਤਾ। ਜਿਸ ਲਈ ਸਿੱਖਾਂ ਤੇ ਵਿਸ਼ੇਸ਼ ਕਰਕੇ ਸੂਝਵਾਨ ਪੰਜਾਬੀ ਹਿੰਦੂਆਂ ਨੂੰ ਪੰਜਾਬੀ ਸੂਬਾ ਬਣਾਉਣ ਲਈ ਕਈ ਦਹਾਕੇ ਤਕ ਸਰਕਾਰ ਨਾਲ ਲੜਣ ਤੇ ਭਾਰੀ ਕੁਰਬਾਨੀਆਂ ਚੁਕਾਉਣ ਉਪਰੰਤ 1966 ਵਿੱਚ ਜਿਹੜਾ ਪੰਜਾਬੀ ਸੂਬਾ ਬਣਾਇਆ ਗਿਆ ਉਸ ਦੀ ਉਕਤ ਬਿਆਨੇ ਤੱਥਾਂ ਮੁਤਾਬਿਕ ਜਾਨ ਹੀ ਕੱਢ ਕੇ ਰੱਖ ਦਿੱਤੀ ।ਸ਼੍ਰੋਮਣੀ ਅਕਾਲੀ ਦੱਲ ਜਿਹੜਾ ਕਿ ਆਪਣੇ ਆਪ ਨੂੰ ਪੰਜਾਬ, ਪੰਜਾਬੀ ਬੋਲੀ, ਤੇ ਸਭਿਆਚਾਰ ਦਾ ਮੁਦੱਈ ਸਮਝਦਾ ਸੀ। ਉਸ ਨੇ ਵੀ ਗੱਦੀ ਲਾਲਚ ਵਿੱਚ ਆਕੇ ਇਸ ਪੰਜਾਬੀ ਬੋਲੀ ਦਾ ਇੰਨਾ ਘਾਣ ਕੀਤਾ ਜਿਸ ਦਾ ਬਿਆਨ ਕਰਨਾ ਬੜਾ ਔਖਾ ਪ੍ਰਤੀਤ ਹੋ ਰਿਹਾ ਹੈ। ਕਹਿਣ ਦਾ ਭਾਵ ਹੈ ਕਿ ਪੰਜਾਬੀ ਬੋਲੀ ਨੂੰ ਮਾਰਨ ਵਾਲੇ ਜਿਥੇ ਧਰਮ ਨਾਲ ਬੋਲੀ ਨੂੰ ਜੋੜਣ ਵਾਲੇ ਲੋਕ ਸਨ ਉਥੇ ਇਸ ਦੇ ਮੁਦੱਈ ਸਿੱਖਾਂ ਦੀ ਅਖਾਉਤੀ ਬਣੀ ਪਾਰਟੀ ਅਕਾਲੀ ਦੱਲ ਬਾਦਲ ਵੀ ਪਿੱਛੇ ਨਹੀਂ ਰਹੀ। ਅਕਾਲੀ ਦੱਲ ਦੇ ਲੀਡਰ ਸ੍ਰ ਲਛਮਣ ਸਿੰਘ ਗਿੱਲ ਜੋ ਕਿ ਅਕਾਲੀਆਂ ਤੋਂ ਬਗਾਵਤ ਕਰ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਉਨਾਂ ਨੇ ਮੁੱਖ ਮੰਤਰੀ ਦੀ ਗੱਦੀ ਸੰਭਾਲਦਿਆਂ ਐਲਾਨ ਕੀਤਾ ਸੀ ਕਿ ਪੰਜਾਬ ਦੀ 'ਰਾਜ ਭਾਸ਼ਾ'ਪੰਜਾਬੀ ਹੋਵੇਗੀ ।ਇਸ ਸੂਬੇ ਵਿੱਚਲਾ ਸਾਰਾ ਕੰਮ ਕਾਜ ਪੰਜਾਬੀ ਬੋਲੀ ਵਿੱਚ ਹੀ ਕੀਤਾ ਜਾਵੇਗਾ। ਜਿਹੜਾ ਕੰਮ ਅਕਾਲੀ ਦੱਲ ਦੀ ਸਰਕਾਰ ਨਹੀਂ ਸੀ ਕਰ ਸਕੀ ਉਹ ਸ੍ਰ ਲੱਛਮਣ ਸਿੰਘ ਗਿੱਲ ਦੀ ਸਰਕਾਰ ਨੇ ਕਰ ਵਿਖਾਇਆ।ਬਾਅਦ ਵਿੱਚ ਬਣਨ ਵਾਲੀਆਂ ਸਰਕਾਰਾਂ ਜਿਸ ਵਿੱਚ ਸ਼੍ਰੋਮਣੀ ਅਕਾਲੀ ਦੱਲ(ਬਾਦਲ) ਨੇ ਪੰਜਾਬ ਵਿੱਚ ਬਹੁਤਾ ਸਮਾਂ ਰਾਜ ਕੀਤਾ ਹੈ । ਇਸ ਪਾਰਟੀ ਨੇ ਪੰਜਾਬੀ ਬੋਲੀ ਵਿਰੋਧੀ ਪਾਰਟੀ ਭਾਰਤੀ ਜੰਨਤਾ ਪਾਰਟੀ ਨਾਲ ਮਿੱਲ ਕੇ ਰਾਜ ਕੀਤਾ ।ਇਨਾਂ ਨੇ ਵੀ ਪੰਜਾਬੀ ਸੂਬਾ ਹੋਣ ਦੇ ਬਾਵਜੂਦ 'ਪੰਜਾਬੀ ਬੋਲੀ' ਨੂੰ ਸਿਵਾਏ ਭਾਸ਼ਾ ਐਕਟ ਬਣਾਉਣ ਤੋਂ ਅੱਗੇ ਕੁਝ ਨਹੀਂ ਕੀਤਾ । ਇਹ ਵੀ ਪੰਜਾਬ ਦੇ ਸਾਰੇ ਸਕੂਲ ਚਾਹੇ ਉਹ ਸਰਕਾਰੀ ਹਨ ਜਾਂ ਫਿਰ ਨਿੱਜੀ ਸਕੂਲ ਹਨ ਉਥੇ ਵੀ ਇਹ ਪਹਿਲੀ ਜਮਾਤ ਵਿੱਚ ਲਾਜਮੀ ਵਿਸ਼ੇ ਵਜੋਂ 'ਪੰਜਾਬੀ' ਪੜਾਏ ਜਾਣ ਤੋਂ ਬੁਰੀ ਤਰਾਂ ਫੇਲ੍ਹ ਹੋਈ । ਅਕਾ.ਲੀ ਦੱਲ ਭਾਜਪਾ ਦੀ ਸਾਂਝੀ ਸਰਕਾਰ ਵਲੋਂ ਪੰਜਾਬ ਵਿੱਚ ਕਈ ਸਾਲ ਰਾਜ ਕਰਨ ਤੋਂ ਬਾਅਦ 2017 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਦੀ ਸਥਾਪਨਾ ਹੋਈ। ਇਸ ਸਰਕਾਰ ਨੇ ਪੰਜਾਬੀ ਬੋਲੀ ਨੂੰ ਵਿਸ਼ੇਸ਼ ਮਹੱਤਵ ਦੇਣ ਦੀ ਥਾਂ ਤੇ ਪਹਿਲੀ ਜਮਾਤ ਤੋਂ ਅੰਗਰੇਜੀ ਪੜਾਏ ਜਾਣ ਦੀ ਨੀਤੀ ਨੂੰ ਲਾਗੂ ਕਰਕੇ ਪੰਜਾਬੀ ਭਾਸ਼ਾ ਦਾ ਵੱਡਾ ਨੁਕਸਾਨ ਕੀਤਾ।ਹਾਲਾਂ ਕਿ ਸਿਖਿਆ ਦੀ ਨੀਤੀ ਸਬੰਧੀ ਜਿੰਨੇ ਕਮਿਸ਼ਨਾਂ ਦੀਆਂ ਰੀਪੋਰਟਾਂ ਹੁਣ ਤਕ ਆਈਆਂ ਹਨ ਉਨਾਂ ਸਾਰੀਆਂ ਰੀਪੋਰਟਾਂ ਵਿੱਚ ਵਿਸ਼ੇਸ਼ ਕਰਕੇ ਜਿਕਰ ਕੀਤਾ ਗਿਆ ਹੈ ਕਿ ਬੱਚਾ ਜਿਨਾਂ ਚੰਗੇ ਤਰੀਕੇ ਨਾਲ ਆਪਣੀ ਮਾਂ ਬੋਲੀ ਵਿੱਚ ਪੜਾਈ ਕਰ ਸਕਦਾ ਹੈ ਉਹ ਹੋਰ ਕਿਸੇ ਭਾਸ਼ਾ ਵਿੱਚ ਨਹੀਂ ਕਰ ਸਕਦਾ? ਪਰ ਸਮਝ ਨਹੀਂ ਆਉਂਦੀ ਕਿ ਸਰਕਾਰਾਂ ਦੀਆਂ ਮੱਤਾਂ ਕਿਸ ਅਨੁਸਾਰ ਕੰਮ ਕਰਦੀਆਂ ਆ ਰਹੀਆਂ ਹਨ।

ਹੁਣ ਤਾਜਾ ਹੀ ਪੰਜਾਬ ਵਿੱਚਲੇ ਸੀ. ਬੀ. ਐਸ. ਈ . ਦੇ ਸਾਰੇ ਸਕੂਲਾਂ ਵਿੱਚੋਂ ਪੰਜਾਬੀ ਭਾਸ਼ਾ ਦੇ ਵਿਸ਼ੇ ਨੂੰ ਲਾਜਮੀ ਵਿਸ਼ੇ ਵਿੱਚੋਂ ਹਟਾ ਕੇ ਵਾਧੂ ਵਿਸ਼ੇ ਵਿੱਚ ਸ਼ਾਮਲ ਕਰ ਕੇ ਪੰਜਾਬ ਵਿੱਚ ਰਹਿ ਰਹੇ ਵਿਦਿਆਰਥੀਆਂ ਤੇ ਇਕ ਹੋਰ ਕੁਹਾੜ੍ਹਾ ਚਲਾ ਦਿੱਤਾ ਹੈ ਤਾਂ ਕਿ ਉਹ ਆਪਣੀ ਬੋਲੀ ਤੋਂ ਵਾਂਝੇ ਹੋਣ ਦੇ ਨਾਲ ਪੰਜਾਬ ਦੇ ਇਤਿਹਾਸ ਤੋਂ ਵੀ ਜਾਣੂ ਨਾ ਹੋ ਸਕਣ।ਪੰਜਾਬ ਕੀ, ਜਿਸ ਕਿਸੇ ਪ੍ਰਾਂਤ ਨੂੰ ਖਤਮ ਕਰਨਾ ਹੋਵੇ ਤਾਂ ਉਸ ਲਈ ਇਹ ਜਰੂਰੀ ਹੁੰਦਾ ਹੈ ਕਿ ਉਸ ਪ੍ਰਾਂਤ ਦੀ ਬੋਲੀ ਤੇ ਇਤਿਹਾਸ ਨੂੰ ਖਤਮ ਕਰ ਦਿੱਤਾ ਜਾਵੇ।ਉਹ ਬੋਲੀ ਦੇਰ ਸਵੇਰ ਆਪਣੀ ਮੌਤੇ ਆਪ ਹੀ ਮਰ ਜਾਵੇਗੀ ਇਹੋ ਕੁਝ ਪੰਜਾਬ ਦੇ ਨਾਲ ਹੁਣ ਦੀ ਕੇਂਦਰ ਦੀ ਭਾਜਪਾ ਸਰਕਾਰ ਬੜੀ ਤੇਜੀ ਨਾਲ ਕਰਦੀ ਆ ਰਹੀ ਹੈ। ਉਸ ਦੀ ਨੀਤੀ ਹੈ ਕਿ ਦੇਸ਼ ਦੀਆਂ ਹਿੰਦੀ ਤੋਂ ਬਿਨਾਂ ਸਾਰੀਆਂ ਭਾਸ਼ਾਵਾਂ ਖਤਮ ਕਰਕੇ ਹਿੰਦੀ ਨੂੰ ਲਾਗੂ ਕੀਤਾ ਜਾਵੇ ਤਾਂ ਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਇਆ ਜਾ ਸਕੇ। ਇਹ ਸਾਜਿਸ਼ ਪੰਜਾਬ ਦੇ ਨਾਲ ਹੋਰ ਗੈਰ ਹਿੰਦੀ ਪ੍ਰਾਂਤਾਂ ਦੇ ਲੋਕਾਂ ਨੂੰ ਵੀ ਹੁਣ ਕਾਫੀ ਹੱਦ ਤਕ ਸਮਝ ਆਉਣੀ ਸ਼ੁਰੂ ਹੋ ਗਈ ਹੈ। ਇਹ ਸਾਰਾ ਕੁਝ ਭਾਜਪਾ ਸਰਕਾਰ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਰ.ਸ.ਸ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਦੀ ਆ ਰਹੀ ਹੈ। ਅਕਾਲੀ ਦੱਲ ਬਾਦਲ ਨੇ ਰਾਜ ਕਰਦੇ ਸਮੇਂ ਜਿਸ ਪਾਰਟੀ ਭਾਜਪਾ ਨਾਲ ਸਮਝੋਤਾ ਕੀਤਾ ਹੋਇਆ ਸੀ ਉਹ ਵੀ ਸ਼ਰਾਰਤਨ ਤੇ ਲੁਕੱਵੇਂ ਢੰਗ ਨਾਲ ਪੰਜਾਬੀ ਬੋਲੀ ਦੇ ਵਿਰੋਧ ਵਿੱਚ ਕੰਮ ਕਰਦੀ ਆ ਰਹੀ ਹੋਣ ਕਾਰਨ ਉਸ ਨੇ ਵੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਨਹੀਂ ਹੋਣ ਦਿੱਤਾ।ਪੰਜਾਬ ਦੇ ਲੋਕ ਤਾਂ ਇਹ ਆਮ ਹੀ ਆਖਣ ਲਗ ਗਏ ਹਨ ਕਿ ਅਕਾਲੀ ਦੱਲ ਬਾਦਲ ਵਾਲਿਆਂ ਦੇ ਸਾਹਮਣੇ ਨਾਂ ਤਾਂ ਪੰਜਾਬ ਦੇ ਹਿੱਤਾਂ ਨੂੰ ਵੇਖਣਾ ਸੀ, ਨਾ ਹੀ ਬੋਲੀ ਤੇ ਨਾ ਹੀ ਪੰਜਾਬ ਦੇ ਨੌਜੁਆਨਾਂ ਵੱਲ! ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਸਾਢੇ ਚਾਰ ਸਾਲ ਦੇ ਸਮੇਂ ਵਿੱਚ ਜੋ 2017 ਵਿੱਚ ਚੋਣਾਂ ਦੌਰਾਨ ਲੋਕਾਂ ਨਾਲ ਵਾਅਦੇ ਕਰਕੇ ਆਏ ਸੀ ਉਨਾਂ ਨੂੰ ਪੂਰਾ ਕਰਨ ਦੀ ਥਾਂ ਤੇ ਉਹ ਵੀ ਬਾਦਲਾਂ ਨਾਲ ਘਿਉ ਖਿਚੱੜ੍ਹੀ ਹੋ ਕੇ ਧੰਨ ਕਮਾਉਣ ਵੱਲ ਲਗ ਗਏ ਸਨ ।ਜਿਸ ਦਾ ਨਤੀਜਾ 2022 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਕੇਂਦਰ ਦੀ ਕਾਂਗਰਸ ਹਾਈ ਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਗੱਦੀ ਤੋਂ ਹਟਾ ਕੇ ਸ੍ਰ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਉਪਰੰਤ ਸ੍ਰ ਚਰਨਜੀਤ ਸਿੰਘ ਚੰਨੀ ਜੋ ਕਿ ਪੱਛੜੀਆਂ ਜਾਤੀਆਂ ਨਾਲ ਸਬੰਧ ਰੱਖਦੇ ਹਨ ਉਨਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡ ਲਏ ਹਨ। ਸ੍ਰ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਵਾਸੀਆਂ ਦੀ ਨੱਬਜ ਤੇ ਹੱਥ ਰੱਖ ਕੇ ਬਿੱਜਲੀ ਪਾਣੀ ਦੇ ਰੇਟ ਘੱਟ ਕਰਨ, ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ, ਮੁਲਾਜਮਾਂ ਨੂੰ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਤੋਂ ਬਿਨਾ ਕਈ ਹੋਰ ਪੰਜਾਬ ਹਿਤੈਸ਼ੀ ਕੰਮ ਕਰਨ ਦਾ ਭਰੋਸਾ ਦੇ ਕੇ ਮੁਲਾਜਮਾਂ ਤੋਂ ਬਿਨਾ ਹੋਰ ਸਾਰੇ ਪੰਜਾਬ ਵਾਸੀਆਂ ਵਿੱਚ ਚੰਗੀ ਭੱਲ ਖੱਟਣ ਵੱਲ ਕਾਫੀ ਹੱਦ ਤਕ ਸਫਲ ਹੋਈ ਹੈ। ਇਸ ਦੇ ਨਾਲ ਹੀ ਪੰਜਾਬੀ ਬੋਲੀ ਦੇ ਖੁੱਸੇ ਸਵੈਮਾਨ ਨੂੰ ਬਹਾਲ ਕਰਨ ਲਈ ਕਈ ਹੁਕਮ ਜਾਰੀ ਕੀਤੇ ਹਨ ਕਿ ਪੰਜਾਬ ਦੇ ਸਰਕਾਰੀ ਦਫਤਰਾਂ ਵਿੱਚ ਸਾਰਾ ਕੰਮ ਕਾਜ ਪੰਜਾਬੀ ਵਿੱਚ ਕਰਨ, ਸੂਬੇ ਦੇ ਸਾਰੇ ਬੋਰਡਾਂ ਤੇ ਸੱਭ ਤੋਂ ਉਤੇ ਪੰਜਾਬੀ ਵਿੱਚ ਨਾਂ ਲਿਖਣ ਦੇ ਹੁਕਮ ਜਾਰੀ ਕਰਨ ਦੇ ਨਾਲ ਪੰਜਾਬ ਦੇ ਲੋਕਾਂ ਵਿੱਚ ਵੱਡੇ ਪਧੱਰ ਤੇ ਹਮਦਰਦੀ ਹਾਸਲ ਕੀਤੀ ਜਾ ਰਹੀ ਹੈ।ਇਥੇ ਇਹ ਦਸਣਾ ਵੀ ਵਾਜਬ ਹੈ ਕਿ ਪੰਜਾਬੀ ਦੇ ਵਾਸੀਆਂ ਨੂੰ ਵੀ ਆਪਣੀ ਜਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ ।ਜਿਸ ਤੋਂ ਉਹ ਵੀ ਆਪਣੀ ਜਿੰਮੇਵਾਰੀ ਨਿਭਾਉਣ ਤੋਂ ਭੱਜੇ ਹੋਏ ਨਜਰ ਆ ਰਹੇ ਹਨ। ਉਹ ਵੀ ਆਪਣੀ ਮਾਂ ਬੋਲੀ ਨੂੰ ਵਿਸਾਰਦੇ ਜਾ ਰਹੇ ਹਨ। ਇਥੇ ਦਸਣ ਦਾ ਇਹ ਮਤਲਬ ਨਹੀਂ ਕਿ ਅਸੀ ਹੋਰ ਬੋਲੀਆਂ ਨੂੰ ਨਾ ਪੜੀਏ ਦਸਣ ਦਾ ਮਤਲਬ ਹੈ ਕਿ ਵੱਧ ਤੋਂ ਵੱਧ ਬੋਲੀਆਂ ਪੜੀਏ ਪਰ ਆਪਣੀ ਮਾਂ ਬੋਲੀ ਨੂੰ ਕਦੇ ਨਾ ਵਿਸਾਰੀਏ ਜਿਵੇਂ ਕਿ ਹੁਣ ਫਿਰਕੂ ਸਰਕਾਰਾਂ ਪੰਜਾਬੀ ਬੋਲੀ ਨਾਲ ਜਬਰੀ ਕਰ ਰਹੀਆਂ ਹਨ।ਇਨਾਂ ਸਰਕਾਰਾਂ ਵਲੋਂ ਗਲਤ ਮਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਦਾ ਨਤੀਜਾ ਪੰਜਾਬੀ ਘਰਾਂ ਵਿੱਚ ਅੰਗਰੇਜੀ ਬੋਲੀ ਦਾ ਬੋਲਬਾਲਾ ਵੱਧਦਾ ਜਾ ਰਿਹਾ ਹੈ ਜਿਸ ਨਾਲ ਅਸੀ ਘਰਾਂ ਵਿੱਚੋਂ ਆਪਣੀ ਬੋਲੀ ਦੇ ਸ਼ਬਦਾਂ ਨੂੰ ਭੁੱਲ ਕੇ ਅੰਗਰੇਜੀ ਦੇ ਸ਼ਬਦਾਂ ਦੀ ਧੜਾ ਧੜ ਵਰਤੋਂ ਕਰਦੇ ਆ ਰਹੇ ਹਾਂ। ਪੰਜਾਬੀ ਮਾਵਾਂ, ਦਾਦੀਆਂ, ਨਾਨੀਆਂ ਵੀ ਪਹਿਲਾਂ ਵਰਗੀਆਂ ਨਹੀਂ ਰਹੀਆਂ ਜਿਹੜੀਆਂ ਪਹਿਲੇ ਆਪਣੇ ਬੱਚਿਆਂ ਨੂੰ 'ਪੰਜਾਬੀ' ਵਿੱਚ ਲੋਰੀਆ ਦੇਣ ਦੇ ਨਾਲ ਰਾਤ ਸਮੇਂ ਕਹਾਣੀਆਂ ਗੁਰੂ ਸਾਹਿਬਾਨਾਂ ਦੀਆਂ ਕਹਾਣੀਆਂ ਦੇ ਨਾਲ ਪੰਜਾਬ ਤੇ ਸਿੱਖ ਇਤਿਹਾਸ ਸੁਣਾ ਕੇ ਉਨਾਂ ਨੂੰ ਆਪਣੇ ਵਿਰਸੇ ਨਾਲ ਜੋੜ੍ਹਦੀਆਂ ਸਨ।ਉਹ ਵੀ ਇਸ ਵਰਤਾਰੇ ਨੂੰ ਭੁੱਲ ਗਈਆਂ ਹਨ ਇਸੇ ਕਰਕੇ ਸਾਡੇ ਬੱਚੇ ਪੰਜਾਬੀ ਬੋਲੀ, ਪੰਜਾਬੀ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹਨ ।ਪੰਜਾਬੀ ਮਾਵਾਂ, ਨਾਨੀਆਂ ਦਾਦੀਆਂ ਨੂੰ ਆਪਣੀ ਜਿੰਮੇਵਾਰੀ ਨਿਭਾਉਣ ਦੀ ਜਰੂਰਤ ਹੈ ।

ਟੀ ਵੀ ਚੈਨਲਾਂ ਤੇ ਵੱਡੀਆਂ ਜਮਾਤਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਇਕ, ਦੋ, ਤਿੰਨ ਆਦਿ ਸੁਣਾਉਣ ਨੂੰ ਭੁੱਲ ਕੇ ਉਸ ਦੀ ਥਾਂ ਤੇ ਵਨ, ਟੂ, ਥਰੀ ਕਰਨ ਜੋਗੇ ਰਹਿ ਗਏ ਹਨ। ਉਨਾਂ ਨੂੰ ਇਹ ਵੀ ਪਤਾ ਨਹੀਂ ਅਠਾਰਾਂ , ਚੌਵੀ ,ਅੱਠਤੀ ਤੇ ਬਵੰਜਾ ਆਦਿ ਕੀ ਹੁੰਦਾ ਹੈ। ਇਹ ਹੀ ਹਾਲ ਉਨਾਂ ਨੂੰ ਆਪਣੇ ਗੁਰੂਆਂ ਦੇ ਨਾਵਾਂ ਤਕ ਦਾ ਪਤਾ ਨਹੀਂ ਹੋਰ ਗੱਲ ਛੱਡੋ। ਪੰਜਾਬੀਆਂ ਨੂੰ ਇਕ ਗੱਲ ਆਪਣੇ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਸਿਖਿਆ ਕਮਿਸ਼ਨਾਂ ਦੀਆਂ ਰੀਪੋਰਟਾਂ ਵਿੱਚ ਸਪਸ਼ਟ ਦਰਜ ਹੈ ਕਿ ਸਾਨੂੰ ਆਪਣੇ ਬੱਚਿਆ ਨੂੰ ਪੜਾਈ ਆਪਣੀ ਮਾਂ ਬੋਲੀ ਵਿੱਚ ਹੀ ਕਰਾਉਣੀ ਚਾਹੀਦੀ ਹੈ ਜੇ ਕਰ ਉਹਨਾਂ ਨੂੰ ਆਪਣੀ ਮਾਂ ਬੋਲੀ ਚੰਗੀ ਤਰਾਂ ਆ ਗਈ ਤਾਂ ਬਾਕੀ ਦੀ ਵਿਦਿਆ ਵੀ ਬੜੇ ਸਹਿੱਜੇ ਢੰਗ ਤਰੀਕੇ ਨਾਲ ਸਿੱਖ ਕੇ ਉੱਚ ਅਹੁੱਦਿਆਂ ਤੇ ਪੁੱਜ ਜਾਣਗੇ।



ਜੰਗ ਸਿੰਘ
91-94170-95965

ਹੁਣ ਦੇ ਉੱਚ ਅਧਿਕਾਰੀ ਸਾਧਾਰਣ ਸਰਕਾਰੀ ਸਕੂਲਾਂ ਵਿੱਚੋਂ ਹੀ ਪੜ੍ਹ ਕੇ ਉੱਚ ਅਹੁੱਦਿਆ ਤੇ ਪੁੱਜੇ ਸਨ ।ਇਸ ਲਈ ਆਪਣੇ ਮਨਾਂ ਵਿੱਚ ਪਏ ਵਹਿਮ ਭਰਮ ਕਿ ਅੰਗਰੇਜੀ ਪੜ੍ਹਣ ਨਾਲ ਹੀ ਸਾਡਾ ਪਾਰ ਉਤਾਰਾ ਹੋ ਸਕਦਾ ਹੈ ਇਸ ਭਰਮ ਨੂੰ ਕੱਢਣ ਦੀ ਜਰੂਰਤ ਹੈ।

ਪੰਜਾਬ ਦੀ ਮੌਜੂਦਾ ਸਰਕਾਰ ਵਲੋਂ ਇਹ ਵੀ ਹੁੱਕਮ ਜਾਰੀ ਕੀਤੇ ਜਾ ਰਹੇ ਹਨ ਕਿ ਹੋਰਨਾਂ ਸੂਬਿਆਂ ਵਾਂਗ ਪੰਜਾਬ ਦੇ ਨੌਜੁਆਨਾਂ ਨੂੰ ਨੌਕਰੀਆਂ ਦੇਣ ਵਿੱਚ 75% ਰਾਂਖਵਾਕਰਨ ਕੀਤਾ ਗਿਆ ਹੈ ਤਾਂ ਕਿ ਪਿਛਲੇ ਸਮੇਂ ਤੋਂ ਭਰਤੀਆਂ ਦੇ ਮਾਮਲੇ ਵਿੱਚ ਦੂਸਰੇ ਸੂਬਿਆਂ ਦੇ ਨੌਜੁਆਨ ਧੱੜਾ ਧੱੜ ਭਰਤੀ ਕਰਕੇ ਜਿਹੜੀ ਪੰਜਾਬ ਦੇ ਨੌਜੁਆਨਾਂ ਨੂੰ ਰੁਜਗਾਰ ਦਿੱਤੇ ਜਾਣ ਵਿੱਚ ਵੱਡੀ ਬੇਇਨਸਾਫੀ ਤੇ ਧੱਕਾ ਕੀਤਾ ਜਾ ਰਿਹਾ ਸੀ ਉਸ ਨੂੰ ਰੋਕਿਆ ਜਾ ਸਕੇ।

ਅਜਿਹਾ ਕੀਤੇ ਜਾਣ ਨਾਲ ਵੀ ਮੁੱਖ ਮੰਤਰੀ ਸ੍ਰ ਚੰਨੀ ਦਾ ਵਕਾਰ ਕਾਫੀ ਵਧਿਆ ਹੈ ਤੇ ਉਹ ਲੋਕਾਂ ਵਿੱਚ ਹਰਮਨ ਪਿਆਰੇ ਲੀਡਰ ਵਜੋਂ ਉੱਭਰ ਕੇ ਸਾਹਮਣੇ ਆ ਰਹੇ ਹਨ । ਜੇ ਕਰ ਸ੍ਰ ਚੰਨੀ ਥੋਹੜੇ ਜਿਹੇ ਸਮੇਂ ਵਿੱਚ ਕੀਤੇ ਜਾ ਰਹੇ ਐਲਾਨਾਂ ਨੂੰ ਕਾਫੀ ਹੱਦ ਤਕ ਲਾਗੂ ਕਰਾ ਗਏ ਤਾਂ ਨਿਸਚੇ ਹੀ ਲੋਕਾਂ ਵਿੱਚ ਇਹ ਗੱਲ ਜਾਵੇਗੀ ਕਿ ਪੰਜਾਬ ਵਾਸੀਆਂ ਨੂੰ ਪਾਰਟੀਆਂ ਦੇ ਝਮੇਲੇ ਤੋਂ ਉੱਪਰ ਉੱਠ ਕੇ ਚੋਣਾਂ ਵਿੱਚ ਚੰਗੇ ਤੇ ਈਮਾਨਦਾਰ ਉਮੀਦਵਾਰ ਚੁੱਣਨ ਭਾਵੇਂ ਉਨਾਂ ਦੀ ਪਾਰਟੀ ਕੋਈ ਵੀ ਹੋਵੇ ਉਨਾਂ ਦੀ ਤਲਾਸ਼ ਕਰਕੇ ਤੇ ਫਿਰ ਜਿੱਤਾ ਕੇ ਅਜਿਹੇ ਲੋਕਾਂ ਨੂੰ ਪੰਜਾਬ ਵਿਧਾਨ ਸਭਾ ਵਿੱਚ ਭੇਜਣਾ ਚਾਹੀਦਾ ਹੈ ਤਾਂ ਕਿ ਜਿਹੜਾ ਪੰਜਾਬ ਇਸ ਸਮੇਂ ਬਹੁਤ ਹੀ ਮਾੜੀ ਆਰਥਕ ਹਾਲਤ ਵਿੱਚੋਂ ਗੁਜਰ ਰਿਹਾ ਹੈ।

ਉਹ ਆਪਣੀਆਂ ਸੁਯੋਗ ਨੀਤੀਆਂ ਬਣਾ ਕੇ ਪੰਜਾਬ ਦੀ ਆਰਥਕਤਾ ਨੂੰ ਮਜਬੂਤ ਕਰਕੇ ਉਸ ਨੂੰ ਪਹਿਲਾਂ ਦੀ ਤਰਾਂ ਇਕ ਨੰਬਰ ਦਾ ਸੂਬਾ ਬਣਾ ਸਕਣ ਦੇ ਕਾਬਲ ਹੋਣ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਬਣਾ ਸਕਣ। ਚੋਣਾਂ ਹੋਣ ਨੂੰ ਬਹੁਤ ਥੋਹੜਾ ਸਮਾਂ ਰਹਿ ਗਿਆ ਹੈ, ਹੁਣ ਵੇਖਣ ਵਾਲੀ ਗੱਲ ਤਾਂ ਇਹ ਜਿਹੇ ਹਾਲਤਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਕਿਸ ਹੱਦ ਤਕ ਪੰਜਾਬ ਦੀ ਬੇਹੱਤਰੀ ਕਰਨ ਵਿੱਚ ਸਫਲ ਹੁੰਦੇ ਹਨ। ਹੁਣ ਵੇਖਣ ਵਾਲੀ ਗੱਲ ਹੈ ਕਿ ਭਵਿੱਖੀ ਚੋਣਾਂ ਵਿੱਚ ਪੰਜਾਬ ਦੇ ਲੋਕ ਕਿੰਨੀ ਕੁ ਸਿਆਣਪ ਵਿਖਾਉਂਦੇ ਹਨ!

# ਦਿੱਲੀ ਵਿਖੇ ਚੱਲ ਰਹੇ ਕਿਸਾਨ ਅੰਦੋਲਨ ਵਿਚ ਅਜਾਦ ਰੰਗ ਮੰਚ ਕਲਾ ਭਵਨ ਫਗਵਾੜਾ ਦੀ ਜੁਝਾਰੂ ਟੀਮ ਦੀ ਪੰਜਵੀਂ ਹਾਜ਼ਰੀ





**ਚੰਡੀਗੜ੍ਹ–** ਦਿੱਲੀ ਵਿਖੇ ਖੇਤੀ ਕਨੂੰਨਾ ਨੂੰ ਰੱਦ ਕਰਵਾਉਣ ਲਈ ਚੱਲ ਰਹੇ ਕਿਸਾਨ ਅੰਦੋਲਨ ਦੇ ਇਕ ਸਾਲ ਪੂਰਾ ਹੋਣ 'ਤੇ ਅਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਦੀ ਟੀਮ ਵੱਲੋਂ ਭਰਪੂਰ ਹਾਜ਼ਰੀ ਲਗਾਈ ਗਈ। ਜ਼ਿਕਰ ਯੋਗ ਹੈ ਕਿ ਅਜਾਦ ਰੰਗ ਮੰਚ ਦੀ ਇਹ ਜੁਝਾਰੂ ਟੀਮ ਇਸਤੋਂ ਪਹਿਲੇ ਵੀ ਚਾਰ ਪੰਜ ਬਾਰ ਦਿੱਲੀ ਦੇ ਵੱਖ-ਵੱਖ ਬਾਰਡਰਾਂ ਤੇ ਜਾ ਕੇ ਆਪਣੀਆਂ ਇੰਨਕਲਾਬੀ ਅਤੇ ਦੇਸ਼-ਭਗਤੀ ਦੀਆਂ ਕੋਰੌਗ੍ਰਾਫੀ ਪੇਸ਼ਕਾਰੀਆਂ ਦੁਆਰਾ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨਾਂ ਅਤੇ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹੋਰ ਸਹਿਯੋਗੀ ਸੰਸਥਾਵਾਂ ਦੇ ਮਨਾਂ 'ਚ ਜੋਸ਼ ਪੈਦਾ ਕਰ ਚੁੱਕੀ ਹੈ। ਇਸ ਬਾਰ ਵੀ ਪਹਿਲੇ ਦੀ ਤਰ੍ਹਾਂ ਦਿੱਲੀ ਦੇ ਕੁੰਡਲੀ ਬਾਰਡਰ ਅਤੇ ਟਿੱਕਰੀ ਬਾਰਡਰ ਦੀਆਂ ਸਟੇਜਾਂ 'ਤੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੀ ਘੋੜੀ ਅਤੇ ਮਸ਼ਾਲਾਂ ਜਾਲ ਕੇ ਰੱਖਣਾ ਆਦਿ ਦੀਆਂ ਕੋਰੋਗ੍ਰਾਫੀਆਂ ਕਰ ਕੇ ਸੰਘਰਸ਼ ਵਿਚ ਜੁਟੇ ਕਿਰਤੀਆਂ, ਕਿਸਾਨਾ ਮਜਦੂਰਾਂ ਦੇ ਦਿਲਾਂ ਵਿੱਚ ਦੇਸ਼ ਭਗਤੀ ਦਾ ਹੌਸਲਾ ਬੁਲੰਦ ਕਰਨ ਵਾਲਾ ਜ਼ਜ਼ਬਾ ਭਰਕੇ ਦਰਸ਼ਕਾਂ, ਚੈਨਲਾਂ ਅਤੇ ਕਿਸਾਨੀ ਸੰਘਰਸ਼ ਦੀਆਂ ਗਤੀਆਂ ਵਿਧੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਹੋਰ ਮੀਡੀਆ ਵਿਚਕਾਰ ਇਸ ਟੀਮ ਵੱਲੋਂ ਅਨੋਖੀ ਪ੍ਰਭਾਵਸ਼ਾਲੀ ਛਾਪ ਛੱਡ ਗਈ। ਇਸ ਜੁਝਾਰੂ ਟੀਮ ਦੇ ਕਲਾਕਾਰ ਸਾਥੀ ਸੁਖਦੇਵ ਸਿੰਘ ਗੰਢਵਾਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੀਮ ਦੀ ਮੁੱਖੀ ਬੀਬਾ ਕੁਲੰਵਤ ਤੇ ਡਾਇਰੈਕਟਰ ਰਣਜੀਤ ਗਮਨੂੰ ਬਾਂਸਲ ਦੀ ਅਗਵਾਈ ਹੇਠ ਕਲਾਕਾਰ ਵਿਵੇਕ ਹਿਸਾਰ, ਰਾਜਵਿੰਦਰ ਕੌਰ, ਪਵਨ ਮਸਾਣੀ ਅਤੇ ਪ੍ਰਸਿੱਧ ਕਵੀ ਸੁਖਦੇਵ ਸਿੰਘ ਗੰਢਵਾਂ ਨੇ ਕਮਾਲਮਈ ਪੇਸ਼ਕਾਰੀਆਂ ਦੇਕੇ ਸਰੋਤਿਆਂ-ਦਰਸ਼ਕਾਂ ਨੂੰ ਸੋਚੀਂ ਪਾ ਦਿੱਤਾ। **– ਪ੍ਰੀਤਮ ਲੁਧਿਆਣਵੀ**

## ਲਫ਼ਜ਼

ਲਫ਼ਜ਼ਾਂ ਲਫ਼ਜ਼ਾਂ ਦੇ ਵਿੱਚ ਬੜਾ ਫ਼ਰਕ ਹੁੰਦਾ ,
ਕੁਝ ਮੱਲ੍ਹਮ ਤੇ ਕੁਝ ਫੱਟ ਹੋ ਜਾਂਦੇ ।
ਕੁਝ ਖੇਰੂੰ ਖੇਰੂੰ ਕਰ ਦਿੰਦੇ ਜ਼ਿੰਦਗੀ ਨੂੰ ,
ਤੇ ਕੁਝ ਬਣ ਮੋਤੀ ਮਾਲਾ ਪਰੋ ਜਾਂਦੇ ।
ਕੁਝ ਫਿੱਕੇ ਤੇ ਦਿਲ ਦਾ ਸਕੂਨ ਖੋਂਹਦੇ,
ਕੁਝ ਸਕੂਨ ਬਣ ਕੇ ਦਿਲ 'ਚ ਸੰਜੋਅ ਜਾਂਦੇ।
ਇਨ੍ਹਾਂ ਲਫ਼ਜ਼ਾਂ ਦੇ ਨਾਪ ਤੋਲ ਅੰਦਰ ,
ਪਰਾਏ ਆਪਣੇ ਤੇ ਆਪਣੇ ਪਰਾਏ ਹੋ ਜਾਂਦੇ।
ਕੁਝ ਲਫ਼ਜ਼ ਹਨ੍ਹੇਰੇ ਵੱਲ ਲੈ ਜਾਂਦੇ,
ਕੁਝ ਲਫ਼ਜ਼ ਨੇ ਜੋ ਬਣ ਲੋਅ ਜਾਂਦੇ ।
ਕੁਝ ਲਫ਼ਜ਼ ਦੁਨੀਆਂ ਖਰੀਦ ਲੈਂਦੇ,
ਕੁਝ ਲਫਜ਼ ਜੋ ਆਪਣਾ ਵੀ ਖੋ ਜਾਂਦੇ।
ਕੁਝ ਲਫ਼ਜ਼ ਤਦਬੀਰ ਬਣ ਕੇ,
ਆਉਣ ਵਾਲੀ ਤਹਿਜ਼ੀਬ ਹੋ ਜਾਂਦੇ।
ਕੁਝ ਲਫ਼ਜ਼ ਵਰਿਆਮ ਕਰਨ ਪੈਦਾ,
ਕੁਝ ਲਫ਼ਜ਼ ਗੁਲਾਮੀ ਤੌਂਕ ਗਲੇ ਪ੍ਰੋ ਜਾਂਦੇ।
ਮੇਰੇ ਰਹਿਬਰ ਬਖਸ਼ਦੇ ਲਫ਼ਜ਼ ਐਸੇ,
ਜਿਨ੍ਹਾਂ ਲਫ਼ਜ਼ਾਂ ਨਾਲ ਵਸਲ ਤੇਰੇ ਹੋ ਜਾਂਦੇ ।
ਕੰਵਲ ਸਿਜਦਾ ਕਰੇ ਇਨ੍ਹਾਂ ਲਫ਼ਜ਼ਾਂ ਨੂੰ,
ਤੈਨੂੰ ਧਿਆਉਣ ਨਾਲ ਜੋ ਅੰਦਰ ਸਮੋ ਜਾਂਦੇ ।

**ਕੰਵਲਜੀਤ ਕੌਰ ਗੁਰਦਾਸਪੁਰੀ**
91-99159-86343



# 25 ਨਵੰਬਰ ਨੂੰ ਹੋਣ ਵਾਲੇ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨੀਂਹ ਪੱਥਰ ਰੱਖਣਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਹਰਦੀਪ ਸਿੰਘ ਚੁੰਬਰ
+91-94636-01616

### ਯਮੁਨਾ ਐਕਸਪ੍ਰੈਸਵੇਅ ਨੂੰ ਇੱਕ ਇਲੈਕਟ੍ਰਿਕ ਵਾਹਨ ਅਨੁਕੂਲ ਹਾਈਵੇਅ ਵਿੱਚ ਬਦਲ ਦਿੱਤਾ ਜਾਵੇਗਾ

ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਪ੍ਰਾਇਮਰੀ ਊਰਜਾ ਸਰੋਤ ਸੂਰਜੀ ਊਰਜਾ ਹੋਣ ਦੀ ਸੰਭਾਵਨਾ ਹੈ। ਵਿਸ਼ਾਲ ਹਵਾਈ ਅੱਡੇ ਨੂੰ ਚਲਾਉਣ ਲਈ ਇੰਨੀ ਵੱਡੀ ਮਾਤਰਾ ਵਿੱਚ ਬਿਜਲੀ ਦੀ ਵਰਤੋਂ ਕਰਨ ਲਈ, ਹਵਾਈ ਅੱਡੇ ਦੇ ਅੰਦਰ ਹਜ਼ਾਰਾਂ ਸੋਲਰ ਪੈਨਲਾਂ ਵਾਲਾ ਇੱਕ ਵਿਸ਼ਾਲ ਸੋਲਰ ਪਾਰਕ ਵਿਕਸਤ ਕੀਤਾ ਜਾਵੇਗਾ। ਹਵਾਈ ਅੱਡੇ ਦੀਆਂ ਇਮਾਰਤਾਂ ਦੀਆਂ ਛੱਤਾਂ ਦੀ ਵਰਤੋਂ ਬਿਜਲੀ ਪੈਦਾ ਕਰਨ ਲਈ ਵਾਧੂ ਸੋਲਰ ਪੈਨਲ ਲਗਾਉਣ ਲਈ ਕੀਤੀ ਜਾਵੇਗੀ।

ਜੇਵਰ, ਗੌਤਮ ਬੁੱਧ ਨਗਰ ਵਿੱਚ ਪ੍ਰਸਤਾਵਿਤ ਨੋਇਡਾ ਇੰਟਰਨੈਸ਼ਨਲ ਏਅਰਪੋਰਟ (ਐਨਆਈਏ) ਦੇ ਨਿਰਮਾਣ ਲਈ ਹਰੀ ਪੁਸ਼ ਰਵਾਇਤੀ ਡਿਜ਼ਾਈਨ ਵਿੱਚ ਬਹੁਤ ਸਾਰੇ ਬਦਲਾਅ ਲਿਆਏਗੀ ਅਤੇ ਨੇੜਲੇ ਯਮੁਨਾ ਐਕਸਪ੍ਰੈਸਵੇਅ ਨੂੰ ਇੱਕ ਇਲੈਕਟ੍ਰਿਕ ਵਾਹਨ ਅਨੁਕੂਲ ਹਾਈਵੇਅ ਵਿੱਚ ਬਦਲ ਦਿੱਤਾ ਜਾਵੇਗਾ।ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੁਆਰਾ ਐਲਾਨ ਕੀਤੇ ਅਨੁਸਾਰ ਇਹ 'ਜ਼ੀਰੋ ਐਮੀਸ਼ਨ' ਹਵਾਈ ਅੱਡਾ ਹੋਵੇਗਾ।

ਕਿਉਂਕਿ ਪ੍ਰਧਾਨ ਮੰਤਰੀ ਮੋਦੀ ਇੱਕ ਜ਼ੀਰੋ-ਕਾਰਬਨ ਫੁੱਟਪ੍ਰਿੰਟ ਹਵਾਈ ਅੱਡੇ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ, ਨੇੜਲੇ ਹਾਈਵੇਅ, ਜੋ ਕਿ ਹਵਾਈ ਅੱਡੇ ਨਾਲ ਜੁੜਨ ਲਈ ਮੁੱਖ ਸੜਕ ਹੈ, ਨੂੰ ਹੌਲੀ-ਹੌਲੀ ਇਲੈਕਟ੍ਰਿਕ ਵਾਹਨਾਂ ਲਈ ਹਰੀ ਹਾਈਵੇਅ ਵਿੱਚ ਬਦਲ ਦਿੱਤਾ ਜਾਵੇਗਾ। ਇਹ ਭਾਰਤ ਦਾ ਪਹਿਲਾ ਅਤੇ ਇਕਲੌਤਾ ਹਾਈਵੇ ਹੋਵੇਗਾ ਜਿਸ 'ਤੇ ਇਲੈਕਟ੍ਰਿਕ ਵਾਹਨਾਂ ਨੂੰ ਆਕਰਸ਼ਿਤ ਕਰਨ ਲਈ ਸਾਰੀਆਂ ਸਹੂਲਤਾਂ ਹੋਣਗੀਆਂ, ਜਿਵੇਂ ਕਿ ਚਾਰਜਿੰਗ ਪੁਆਇੰਟ ਅਤੇ ਬੈਟਰੀ ਬਦਲਣਾ ਆਦਿ।ਹਾਈਵੇਅ ਦਿੱਲੀ-ਐਨਸੀਆਰ ਨੂੰ ਮਥੁਰਾ, ਆਗਰਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਨਾਲ ਜੋੜਦਾ ਹੈ।

"ਜਲਵਾਯੂ ਤਬਦੀਲੀ ਅਸਲ ਹੈ ਅਤੇ ਸਾਡੇ ਪ੍ਰਧਾਨ ਮੰਤਰੀ ਸਖਤ ਵਿਰੋਧੀ ਉਪਾਅ ਕਰਨ ਲਈ ਦ੍ਰਿੜ ਹਨ। ਇਨ੍ਹਾਂ ਵਿੱਚੋਂ ਇੱਕ ਜੇਵਰ ਵਿਖੇ ਹਰਾ, ਜ਼ੀਰੋ ਐਮੀਸ਼ਨ ਏਅਰਪੋਰਟ ਅਤੇ ਇੱਕ ਹਾਈਵੇਅ ਹੋਵੇਗਾ ਜੋ ਹਵਾਈ ਅੱਡੇ ਤੱਕ ਜ਼ੀਰੋ ਐਮੀਸ਼ਨ ਕਾਰਾਂ ਦਾ ਸਮਰਥਨ ਕਰਦਾ ਹੈ, "ਧਰਿੰਦਰ ਸਿੰਘ, ਵਿਧਾਇਕ, ਜੇਵਰ ਹਲਕੇ, ਗ੍ਰੇਟਰ ਨੋਇਡਾ ਨੇ ਕਿਹਾ। ਪ੍ਰਸਤਾਵਿਤ ਹਵਾਈ ਅੱਡੇ ਦਾ ਕੁੱਲ ਆਕਾਰ 5,000 ਹੈਕਟੇਅਰ ਤੋਂ ਵੱਧ ਹੈ। ਹਾਲਾਂਕਿ, ਨਿਰਮਾਣ ਦਾ ਪਹਿਲਾ ਪੜਾਅ ਲਗਭਗ 1,300 ਹੈਕਟੇਅਰ 'ਤੇ ਹੋਵੇਗਾ।

ਪ੍ਰਸਤਾਵਿਤ ਹਵਾਈ ਅੱਡਾ ਅੱਠ ਰਨਵੇਅ ਨਾਲ ਏਸ਼ੀਆ ਦਾ ਸਭ ਤੋਂ ਵੱਡਾ ਅਤੇ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਹਵਾਈ ਅੱਡਾ ਹੋਵੇਗਾ, ਜਿਨ੍ਹਾਂ ਵਿੱਚੋਂ ਦੋ ਪਹਿਲੇ ਪੜਾਅ ਵਿੱਚ ਬਣਾਏ ਜਾ ਰਹੇ ਹਨ। ਇਨ੍ਹਾਂ ਦੋ ਰਨਵੇਅ ਵਿੱਚੋਂ ਘੱਟੋ-ਘੱਟ ਇੱਕ 2024 ਦੇ ਅੰਤ ਤੋਂ ਪਹਿਲਾਂ ਚਾਲੂ ਹੋਣ ਦੀ ਸੰਭਾਵਨਾ ਹੈ।ਜ਼ਿਊਰਿਖ ਹਵਾਈ ਅੱਡੇ ਨੇ ਹਵਾਈ ਅੱਡੇ ਦੇ ਨਿਰਮਾਣ ਲਈ



ਟੈਂਡਰ ਜਿੱਤ ਲਿਆ। ਹਵਾਈ ਅੱਡੇ ਦੇ ਪਹਿਲੇ ਪੜਾਅ ਦੇ ਨਿਰਮਾਣ ਦੀ ਅਨੁਮਾਨਿਤ ਲਾਗਤ ਲਗਭਗ 10,050 ਕਰੋੜ ਰੁਪਏ ਹੈ। ਹਵਾਈ ਅੱਡੇ ਦੀ ਕੁੱਲ ਲਾਗਤ 30,000 ਕਰੋੜ ਰੁਪਏ ਤੋਂ ਵੱਧ ਹੈ।"ਏਅਰਪੋਰਟ ਦੀ ਪ੍ਰਸਤਾਵਿਤ ਫੁੱਟਫਾਲ ਇੱਕ ਕਰੋੜ ਤੋਂ ਵੱਧ ਹੈ ਅਤੇ ਪਾਰਕਿੰਗ ਸਥਾਨ ਉਸੇ ਅਨੁਸਾਰ ਬਣਾਏ ਜਾਣਗੇ। ਇੱਕ ਇਲੈਕਟ੍ਰਿਕ ਵਾਹਨ ਹਾਈਵੇਅ ਤੋਂ ਇਲਾਵਾ, ਇਸ ਨੂੰ ਅਜਿਹੇ ਭਾਰੀ ਪੈਦਲ ਚੱਲਣ ਲਈ ਮੈਟਰੋ ਰੇਲ ਨੈੱਟਵਰਕ ਨਾਲ ਜੋੜਿਆ ਜਾਵੇਗਾ,"ਅਰੁਣਵੀਰ ਸਿੰਘ, ਸੀਈਓ, ਯਮੁਨਾ ਐਕਸਪ੍ਰੈਸਵੇਅ ਇੰਡਸਟਰੀਅਲ ਡਿਵੈਲਪਮੈਂਟ ਅਥਾਰਟੀ (YEIDA) ਨੇ ਕਿਹਾ।

### 25 ਨਵੰਬਰ ਨੂੰ ਹੋਣ ਵਾਲੇ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨੀਂਹ ਪੱਥਰ

25 ਨਵੰਬਰ ਨੂੰ ਹੋਣ ਵਾਲੇ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨੀਂਹ ਪੱਥਰ ਰੱਖਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਲਈ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜੇਵਰ ਖੇਤਰ ਵਿੱਚ 3,000 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ।ਖਬਰਾਂ ਮੁਤਾਬਕ ਨੋਇਡਾ ਏਅਰਪੋਰਟ ਦੇ ਸ਼ਾਨਦਾਰ 'ਭੂਮੀ ਪੂਜਨ' ਸਮਾਰੋਹ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਡੀਸੀਪੀ (ਗ੍ਰੇਟਰ ਨੋਇਡਾ) ਅਮਿਤ ਕੁਮਾਰ ਦਾ ਹਵਾਲਾ ਦਿੰਦੇ ਹੋਏ, ਠੌਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਦੌਰੇ ਦੀ ਨਿਗਰਾਨੀ ਅਤੇ ਸੁਰੱਖਿਆ ਲਈ ਕਾਂਸਟੇਬਲ, ਹੈੱਡ ਕਾਂਸਟੇਬਲ, ਸਬ-ਇੰਸਪੈਕਟਰ ਅਤੇ ਇੰਸਪੈਕਟਰ ਸਮੇਤ 3,000 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ।

"ਜਦੋਂ ਕਿ ਅੱਧੇ ਪੁਲਿਸ ਅਧਿਕਾਰੀ ਦੂਜੇ ਜ਼ਿਲ੍ਹਿਆਂ ਤੋਂ ਬੁਲਾਏ ਗਏ ਹਨ, ਲਗਭਗ 1,500 ਗੌਤਮ ਬੁੱਧ ਨਗਰ ਨਾਲ ਸਬੰਧਤ ਹਨ," ਉਸਨੇ ਅੱਗੇ ਕਿਹਾ।ਟਾਈਮਜ਼ ਆਫ ਇੰਡੀਆ (ਟੀਓਆਈ) ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਸੋਮਵਾਰ ਨੂੰ, ਵਿਸ਼ੇਸ਼ ਸੁਰੱਖਿਆ ਗਰਾਊਂਡ (ਐਸਪੀਜੀ) ਦੀ ਇੱਕ ਟੀਮ ਜਿਸ ਨੂੰ ਇਸ ਵੀਵੀਆਈਪੀ ਦੌਰੇ ਦੀ ਸੁਰੱਖਿਆ ਦੀ ਅਗਵਾਈ ਕਰਨ ਲਈ ਕਿਹਾ ਜਾਂਦਾ ਹੈ, ਸੁਰੱਖਿਆ ਪ੍ਰਬੰਧਾਂ ਅਤੇ ਹੋਰ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਖੇਤਰ ਵਿੱਚ ਪਹੁੰਚੀ। ਟੀਮ ਨੇ ਸਥਾਨਕ ਪੁਲਿਸ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾਉਣ ਦਾ ਮੌਕਾ ਵੀ ਲਿਆ।ਰਿਪੋਰਟਾਂ ਦੇ ਅਨੁਸਾਰ, 500 ਤੋਂ ਵੱਧ ਪੁਲਿਸ ਕਰਮਚਾਰੀ ਪਹਿਲਾਂ ਹੀ ਵੱਖ-ਵੱਖ ਥਾਵਾਂ 'ਤੇ ਤਾਇਨਾਤ ਕੀਤੇ ਗਏ ਹਨ ਅਤੇ ਕੇਂਦਰੀ ਅਤੇ ਸਥਾਨਕ ਖੁਫੀਆ ਯੂਨਿਟ ਵੀ ਉਸ ਖੇਤਰ ਵਿੱਚ ਸਰਗਰਮ ਹਨ ਜਿੱਥੇ ਨੀਂਹ ਪੱਥਰ ਰੱਖਿਆ ਜਾਵੇਗਾ।

ਜੇਵਰ ਟੋਲ ਪਲਾਜ਼ਾ ਦੇ ਨਿਕਾਸ 'ਤੇ, ਇੱਕ ਟਰੱਕ ਦੇ ਉੱਪਰ ਇੱਕ. ਓਧ ਸਕਰੀਨ ਆਉਣ ਵਾਲੇ ਹਵਾਈ ਅੱਡੇ ਬਾਰੇ ਸਰਕਾਰੀ ਇਸ਼ਤਿਹਾਰ ਚਲਾਉਂਦੀ ਹੈ। ਹਾਈਵੇਅ ਰੋਹੀ ਪਿੰਡ ਤੱਕ ਫੈਲਿਆ ਹੋਇਆ ਹੈ, ਜਿੱਥੇ ਵੀਰਵਾਰ ਨੂੰ ਹਵਾਈ ਅੱਡੇ ਦਾ ਨੀਂਹ ਪੱਥਰ ਰੱਖਿਆ ਜਾਵੇਗਾ।

ਸਰਕਾਰ ਦਾ ਧੰਨਵਾਦ ਕਰਨ ਵਾਲੇ ਪਾਰਟੀ ਵਰਕਰਾਂ ਤੇ ਆਗੂਆਂ ਦੇ ਪੋਸਟਰ ਹਰ ਸੌ ਫੁੱਟ ਫੁੱਟ ਦੇਖੇ ਜਾ ਸਕਦੇ ਹਨ। ਸੜਕ ਤੋਂ ਇੱਕ ਚਿੱਕੜ ਵਾਲਾ ਰਸਤਾ ਕੱਟਿਆ ਹੋਇਆ ਹੈ, ਅਤੇ ਵਿਸ਼ਾਲ ਟੈਂਟ ਅਤੇ ਸੈਂਕੜੇ ਮਜ਼ਦੂਰ ਸਮਾਰੋਹ ਦੀ ਤਿਆਰੀ ਕਰਦੇ ਦੇਖੇ ਜਾ ਸਕਦੇ ਹਨ।

ਮੰਗਲਵਾਰ ਨੂੰ, ਮੁੱਖ ਮੰਤਰੀ ਯੋਗੀ ਆਦਿਤਿਆਨਾਥ ਹਵਾਈ ਅੱਡੇ ਦੇ ਨੀਂਹ ਪੱਥਰ ਸਮਾਗਮ ਲਈ ਪ੍ਰਧਾਨ ਮੰਤਰੀ ਮੋਦੀ ਦੀ ਫੇਰੀ ਤੋਂ ਪਹਿਲਾਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜੇਵਰ ਸਾਈਟ 'ਤੇ ਆਏ। ਅਧਿਕਾਰੀਆਂ ਮੁਤਾਬਕ ਕਰੀਬ 2 ਲੱਖ ਲੋਕਾਂ ਦੀ ਭੀੜ ਹੋਣ ਦੀ ਸੰਭਾਵਨਾ ਹੈ। "ਕਈ ਸਾਲਾਂ ਤੋਂ, ਇਸ ਖੇਤਰ ਵਿੱਚ ਇੱਕ ਹਵਾਈ ਅੱਡੇ ਦੀ ਸੰਭਾਵਨਾ 'ਤੇ ਵਿਚਾਰ ਵਟਾਂਦਰੇ ਹੋਏ ਹਨ। ਪਰ ਸਿਆਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਇਹ ਸਿਰੇ ਨਹੀਂ ਚੜ੍ਹ ਸਕਿਆ। ਮੈਂ ਪ੍ਰਧਾਨ ਮੰਤਰੀ ਦੀ ਦੂਰਅੰਦੇਸ਼ੀ ਲਈ ਧੰਨਵਾਦੀ ਹਾਂ ਜਿਸ ਕਾਰਨ ਹਵਾਈ ਅੱਡਾ ਬਣ ਰਿਹਾ ਹੈ। ਸਰਕਾਰ ਨੇ ਵਿਕਾਸ ਗਤੀਵਿਧੀਆਂ 'ਤੇ ਧਿਆਨ ਕੇਂਦਰਿਤ ਕੀਤਾ ਹੈ ਅਤੇ ਇਹ ਪੱਛਮੀ ਯੂਪੀ ਵਿੱਚ ਜਨਤਾ ਲਈ ਇੱਕ ਯਾਦਗਾਰੀ ਪ੍ਰੋਜੈਕਟ ਹੋਵੇਗਾ, "ਉਦਘਾਟਨ ਸਥਾਨ 'ਤੇ ਆਦਿਤਿਆਨਾਥ ਨੇ ਕਿਹਾ।



# ਨਿਵੇਕਲੇ ਅਨੁਭਵ ਪ੍ਰਗਟਾਅ ਦਾ ਪ੍ਰਕਾਸ਼- ਜੀਤ ਸੁਰਜੀਤ



ਜੀਤ ਸੁਰਜੀਤ
ਬੈਲਜੀਅਮ
+32 484 48 03 54

ਸਮਰੱਥ ਸਿਰਜਕ ਦਾ ਮਾਪਿਆਂ ਵੱਲੋਂ ਦਿੱਤਾ ਨਾਮ ਤਾਂ ਸੁਰਜੀਤ ਕੌਰ ਸੀ ਪਰ ਅਦਬੀ ਖੇਤਰ ਚ ਉਹ ਜੀਤ ਸੁਰਜੀਤ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਜ਼ਿਲ੍ਹਾ ਕਪੂਰਥਲਾ ਦੇ ਪਿੰਡ ਠੱਟਾ ਨਵਾਂ ਦੀ ਜੰਮਪਲ਼ ਇਸ ਕਵਿੱਤਰੀ ਨੇ ਮੁੱਢਲੀ ਸਿੱਖਿਆ ਪਿੰਡ ਤੋਂ ਹਾਸਲ ਕਰਕੇ ਗਰੈਜੂਏਸ਼ਨ ਐੱਸ ਡੀ ਕਾਲਿਜ ਫਾਰ ਵਿਮੈੱਨ ਸੁਲਤਾਨਪੁਰ ਲੋਧੀ ਤੋਂ ਕੀਤੀ। ਐੱਮ ਏ ਇਕਨਾਮਿਕਸ ਉਸ ਨੇ ਰਣਧੀਰ ਕਾਲਿਜ ਕਪੂਰਥਲਾ ਤੋਂ ਪਾਸ ਕੀਤੀ। ਵਿਦਿਅਕ ਮਾਹੌਲ ਨੇ ਉਸ ਨੂੰ ਅਰਥ ਸ਼ਾਸਤਰ ਦੇ ਨਾਲ ਨਾਲ ਪੰਜਾਬੀ ਸਾਹਿੱਤ ਨਾਲ ਜੋੜਿਆ।

ਨਜ਼ਮ ਗੀਤ ਕਵਿਤਾ ਤੇ ਲੋਕ ਰੰਗ ਉਹ ਕਾਵਿ ਰੂਪ ਟੱਪਿਆਂ ਤੋਂ ਸਫ਼ਰ ਸ਼ੁਰੂ ਕਰਨ ਉਪਰੰਤ ਅੱਜਕੱਲ੍ਹ ਗ਼ਜ਼ਲ ਦੀ ਰਚਨਾਕਾਰ ਹੈ।

ਉਸ ਦੀ ਪਲੇਠੀ ਗ਼ਜ਼ਲ ਪੁਸਤਕ 'ਕਾਗ਼ਜ਼ੀ ਕਿਰਦਾਰ' ਵਿੱਚ 111 ਗ਼ਜ਼ਲਾਂ ਹਨ। ਉਸ ਦੀ ਇਸ ਪੁਸਤਕ ਨੂੰ ਏਵਿਸ ਪਬਲਿਸ਼ਰਜ਼ ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤਾ ਹੈ। ਯੋਰਪ ਚ ਸਭ ਤੋਂ ਸਰਗਰਮ ਸਾਹਿੱਤਕ ਸਭਿਆਚਾਰਕ ਸੰਸਥਾ ਸਾਹਿੱਤ ਸੁਰ ਸੰਗਮ ਸਭਾ ਦੀ ਉਹ ਸਰਗਰਮ ਮੈਂਬਰ ਹੈ। ਉਸ ਦੀ ਰਚਨਾ ਬਾਰੇ ਸੁਖਵਿੰਦਰ ਅੰਮ੍ਰਿਤ, ਰਾਜਵੰਤ ਰਾਜ,ਹਰਮੀਤ ਸਿੰਘ ਅਟਵਾਲ ਤੇ ਦਲਜਿੰਦਰ ਰਹਿਲ ਨੇ ਬਹੁਤ ਮੁੱਲਵਾਨ ਟਿੱਪਣੀਆਂ ਕੀਤੀਆਂ ਹਨ। ਜੀਤ ਸੁਰਜੀਤ ਦੀ ਰਚਨਾ ਪੜ੍ਹਦਿਆਂ ਸੁਣ-ਦਿਆਂ ਸੱਜਰੇਪਨ ਦਾ ਇਹਸਾਸ ਹੁੰਦਾ ਹੈ।

ੴ ਦੀ ਪ੍ਰਗਟ ਭੂਮੀ ਸੁਲਤਾਨਪੁਰ ਲੋਧੀ ਸਾਹਿਬ ਦੀ ਧਰਤੀ ਤੋਂ ਗਿਆਨ ਪ੍ਰਕਾਸ਼ ਲੈ ਕੇ ਵਿਸ਼ਵ ਨੂੰ ਕਲਾਵੇ ਵਿੱਚ ਲੈਂਦੇ ਅਨੁਭਵ ਦੀ ਬਾਤ ਪਾਉਂਦੀ ਹੈ। ਭਵਿੱਖ ਉਸ ਤੋਂ ਹੋਰ ਵਡੇਰੀਆਂ ਆਸਾਂ ਕਰ ਸਕਦਾ ਹੈ ਕਿਉਂਕਿ ਧਰਤੀ,ਧਰਮ ਤੇ ਧਰੇਕ ਵਾਂਗ ਧੀ ਵੀ ਧਰਤੀ ਅੰਬਰ ਨਾਲ ਸਦੀਵੀ ਵਾਰਤਾਲਾਪ ਦੀ ਸਮਰਥਾ ਰੱਖਦੀ ਹੈ।

ਸਪਨ ਮਾਲਾ, ਸੁਰਜੀਤ ਸਖੀ, ਕਮਲ ਇਕਾਰਸ਼ੀ, ਸੁਖਵਿੰਦਰ ਅੰਮ੍ਰਿਤ, ਗੁਰਚਰਨ ਕੌਰ ਕੋਚਰ, ਸੁਰਿੰਦਰਜੀਤ ਕੌਰ, ਪਰਮਜੀਤ ਕੌਰ ਮਹਿਕ, ਕੁਲਵਿੰਦਰ ਕਿਰਨ, ਸਿਮਰਤ ਸੁਮੈਰਾ, ਕੁਲਵਿੰਦਰ ਕੰਵਲ, ਕੁਲਦੀਪ ਕੌਰ ਚੱਠਾ, ਅਮਰਜੀਤ ਕੌਰ ਅਮਰ, ਅਨੁ ਬਾਲਾ, ਨਵਗੀਤ ਕੌਰ ਤੇ ਗ਼ਜ਼ਲ ਵਿਧਾ ਦੀਆਂ ਹੋਰ ਕਵਿੱਤਰੀਆਂ ਵਾਂਗ ਉਸ ਨੇ ਵੀ ਆਪਣੀ ਗ਼ਜ਼ਲ ਰਚਨਾ ਵਿੱਚ ਬਹੁਤ ਨਿਵੇਕਲੇ ਅਨੁਭਵ ਪ੍ਰਗਟਾਅ ਕੇ ਭਵਿੱਖ ਨਾਲ ਪੱਕਾ ਇਕਰਾਰ ਨਾਮਾ ਲਿਖਿਆ ਹੈ।

– ਗੁਰਭਜਨ ਗਿੱਲ

## ਜੀਤ ਸੁਰਜੀਤ ਦੀਆਂ ਤਿੰਨ ਗ਼ਜ਼ਲਾਂ

ਉਹ ਕਾਤਲ ਆਪਣੇ ਚਿਹਰੇ ਕਿਉਂ,ਫਿਰਦੇ ਛੁਪਾਉਂਦੇ ਨੇ।
ਜੋ ਸਾਨੂੰ ਖੋਭ ਕੇ ਖ਼ੰਜਰ,ਅਮਨ ਦੇ ਗੀਤ ਗਾਉਂਦੇ ਨੇ।

ਬਗਾਵਤ ਨਾਲ ਨਾਅਰੇ ਦਾ ਬੜਾ ਰਿਸ਼ਤਾ ਪੁਰਾਣਾ ਹੈ,
ਹਮੇਸ਼ਾ ਚੁੱਪ ਗੂੰਗੀ ਨੂੰ ਹੀ ਸ਼ਾਤਰ ਵਰਗਲਾਉਂਦੇ ਨੇ।

ਰਿਵਾਇਤ ਇਸ਼ਕ ਦੀ ਕੈਸੀ,ਜੋ ਹਰ ਕੇ ਜਿੱਤ ਜਾਂਦੀ ਹੈ,
ਜਦੋਂ ਵੀ ਹਾਰੀਏ ਜੰਗ ਤਾਂ ਖ਼ੁਸ਼ੀ ਵੈਰੀ ਮਨਾਉਂਦੇ ਨੇ।

ਹਕੂਮਤ ਹਾਕਮਾ ਤੇਰੀ, ਸਦੀਵੀ ਸਮਝ ਨਾ ਇਸਨੂੰ,
ਉਹ ਤਖ਼ਤੋਂ ਲਾਹ ਵੀ ਲੈਂਦੇ ਨੇ,ਕਿ ਜੋ ਤਖ਼ਤੀਂ ਬਿਠਾਉਂਦੇ ਨੇ।

ਲੜਾਈ ਜੀਣ ਖ਼ਾਤਰ ਲੜਨ ਭਾਵੇਂ ਜੀਵ ਜੰਤੂ ਵੀ,
ਤੂੰ ਕਰਕੇ ਗ਼ੌਰ ਦੇਖੀਂ, ਉਹ ਕਿਵੇਂ ਰਲ਼ ਮੁਸਕਰਾਉਂਦੇ ਨੇ।

ਦਿਲਾਂ ਵਿਚ ਸਹਿਮ ਨਹੀਂ ਹੁੰਦਾ, ਜੋ ਸੱਚੇ ਮਾਰਗੀਂ ਤੁਰਦੇ,
ਤੇ ਲੈ ਕੇ ਓਟ ਸਤਿਗੁਰ ਦੀ, ਕਲਮ ਸ਼ਾਇਰ ਉਠਾਉਂਦੇ ਨੇ।

ਕਰੀ ਜੀਅ ਤੋੜ ਕੇ ਖਿਦਮਤ , ਜਿਨ੍ਹਾਂ ਨੇ ਵਤਨ ਸਾਡੇ ਦੀ,
ਸਰਾਭੇ, ਭਗਤ ਊਧਮ ਹੁਣ ਵੀ ਸਾਨੂੰ ਰਾਹ ਦਿਖਾਉਂਦੇ ਨੇ।

ਸਤਹ ਸਾਗਰ ਦੀ ਚੁੰਮਣ ਦਾ ਜਿੰਨ੍ਹਾਂ ਨੂੰ 'ਜੀਤ', ਝੱਲ ਚੜ੍ਹਿਆ ,
ਉਹ ਪਾਣੀ ਬੰਨ੍ਹ ਕੇ ਟਾਕੀ,'ਚ ਮੋਤੀ ਚੁਣ ਲਿਆਉਂਦੇ ਨੇ।

ਵਤਨ ਦੇ ਆਸ਼ਕਾਂ ਦੇ ਕਾਫ਼ਿਲੇ ਰੁਕਦੇ ਨਹੀਂ ਹੁੰਦੇ ।
ਸਫ਼ਰ ਐਸੇ, ਸ਼ਹਾਦਤ ਬਾਦ ਵੀ ਮੁਕਦੇ ਨਹੀਂ ਹੁੰਦੇ।

ਸਮੇਂ ਦੇ ਹਾਕਮਾਂ ਕੋਸ਼ਿਸ਼ ਕਰੀ ਝੁਕ ਜਾਣ ਇਹ ਸ਼ਾਇਦ,
ਮਗਰ ਸਾਡੇ ਸਿਰੀਂ ਵਰਦਾਨ ਇਹ ਝੁਕਦੇ ਨਹੀਂ ਹੁੰਦੇ।

ਹਨੇਰਾ ਆਪਣੀ ਬੁੱਕਲ 'ਚ,ਕਾਲਖ਼ ਭਰ ਲਵੇ ਭਾਵੇਂ,
ਕਹੋ ਉਸ ਨੂੰ ਕਿ ਸੂਰਜ ਇਸ ਤਰ੍ਹਾਂ ਲੁਕਦੇ ਨਹੀਂ ਹੁੰਦੇ।

ਉਨ੍ਹਾਂ ਦੀ ਅੱਖ ਨੂੰ ਦਿਸਦੀ ਹੈ,ਕੇਵਲ ਅੱਖ ਮਛਲੀ ਦੀ,
ਨਿਸ਼ਾਨੇ ਤੋਂ ਕਦੇ ਅਰਜਨ ਰਤਾ ਉਕਦੇ ਨਹੀਂ ਹੁੰਦੇ।

ਜੋ ਅਸਲੀ ਸੂਰਮੇ ਹਥਿਆਰ ਦੀ ਪੂਜਾ ਨਹੀਂ ਕਰਦੇ,
ਕਦੇ ਮਜ਼ਲੂਮ ਤੇ ਹੱਥ ਆਪਣਾ ਚੁਕਦੇ ਨਹੀਂ ਹੁੰਦੇ।

ਜਿਨ੍ਹਾਂ ਜੜ੍ਹ ਮੂਲ ਨਾਲੋਂ ਨਾ,ਕਦੇ ਵੀ ਤੋੜਿਆ ਨਾਤਾ,
ਸਦਾ ਰਹਿੰਦੇ ਹਰੇ ਰੁੱਖ ਉਹ ਕਦੇ ਸੁਕਦੇ ਨਹੀਂ ਹੁੰਦੇ।

ਫ਼ਲਾਂ ਨੂੰ ਟੁੱਕਦੇ ਤੋਤੇ ਬਦਲ ਸਕਦੇ ਨਹੀਂ ਫਿਤਰਤ ,
ਉਡੰਤਰ ਬਾਜ਼ ਫ਼ਸਲਾਂ ਨੂੰ ਕਦੇ ਟੁਕਦੇ ਨਹੀਂ ਹੁੰਦੇ।

ਅਜ਼ਾਦੀ ਨੂੰ ਵਿਆਹੁਣ 'ਜੀਤ' ਆਉਂਦੇ ਸੂਰਮੇ ਜੱਗ 'ਤੇ,
ਤੇ ਬੁਜ਼ਦਿਲ ਮੌਤ ਦੇ ਦਰ ਤੇ ਕਦੇ ਢੁਕਦੇ ਨਹੀਂ ਹੁੰਦੇ।

ਅੰਬਰ ਦਾ ਚੰਨ ਪੱਥਰ ਹੋਇਆ, ਧਾਹੀਂ ਰੋਏ ਤਾਰੇ ।
ਧਰਮ ਦੇ ਨਾਂ ਤੇ,ਜ਼ਹਿਰੀ ਨਾਗਾਂ ਜਦ ਹਮਸਾਏ ਮਾਰੇ ।

ਸ਼ੇਖ ਫਰੀਦ ਸਣੇ ਗੁਰੂ ਨਾਨਕ ਬੁੱਲਾ, ਵਾਰਿਸ ਸੋਚਣ,
ਦੇਸ ਪੰਜਾਬ ਦੇ ਮਿੱਠੇ ਪਾਣੀ,ਕਿਸ ਨੇ ਕੀਤੇ ਖ਼ਾਰੇ ?

ਜੋ ਸਦੀਆਂ ਤੋਂ ਸਾਂਝਾਂ ਬਣੀਆਂ, ਪਲ ਵਿਚ ਹੋਈਆਂ ਲੀਰਾਂ,
ਕਿਸ ਨੇ ਸਾਡੀਆ ਅਕਲਾਂ ਉੱਤੇ,ਪਾਏ ਪਰਦੇ ਭਾਰੇ ।

ਦਾਦੀ ਮਾਂ ਨੂੰ ਕਦੇ ਨਾ ਭੁੱਲਿਆ ਚੱਕ ਅਠੱਤੀ ਵਾਲਾ,
ਉਂਗਲਾਂ ਤੇ ਸੀ ਦਾਦਾ ਗਿਣਦਾ ਚੱਕ ਮੁਲਤਾਨ ਦੇ ਸਾਰੇ।

ਜ਼ਹਿਰ ਪਰੁੱਚੀ ਪੌਣ ਵਗੀ ਤੇ ਸਭ ਨੂੰ ਅੰਨ੍ਹੇ ਕੀਤਾ,
ਰੱਤ ਦੇ ਨਾਲ ਸੀ ਰੰਗੀਆਂ ਕੂੰਟਾਂ ਚੌਂਕ ਚੁਰਸਤੇ ਸਾਰੇ।

ਦਰਦ ਵਿਛੋੜੇ ਵਾਲਾ ਸੁਣਿਆ ਗੀਤ, ਵੈਣ ਕੀ ਆਖਾਂ,
ਅੱਖਾਂ ਸਾਹਵੇਂ ਵਿਲਕਣ ਸੁਪਨੇ ਹੁਣ ਵੀ ਦਰਦਾਂ ਮਾਰੇ।

ਅੱਖਾਂ ਬੰਦ ਕਰਾਂ ਤੇ ਸੋਚਾਂ, ਕਾਸ਼! ਕਿਤੇ ਇੰਝ ਹੋਵੇ,
ਨਨਕਾਣੇ ਦੀ ਅੱਖੀਉਂ ਪੂੰਝਾਂ ਅੱਥਰੂ ਮਣ ਮਣ ਭਾਰੇ।

ਦਿਲ ਕਰਦੈ, ਮੈਂ ਸ਼ਹਿਰ ਲਾਹੌਰ 'ਚ ਜਾ ਕੇ ਭੁੱਲਾਂ ਮੁੜਨਾ,
ਵਸਦੇ ਜਿੱਥੇ ਬਿਰਖ਼ਾਂ ਵਰਗੇ ਰੂਹ ਦੇ ਮੀਤ ਪਿਆਰੇ ।

ਸ਼ਬਦਾਂ ਦੀ ਫੁਲਕਾਰੀ,ਕੱਢਾਂ, ਵੇਖਾ ਮੈਂ ਜੀਅ ਭਰਕੇ,
ਰੇਸ਼ਮੀ ਤੰਦਾਂ ਹੇਠ ਨਾ ਛੁਪਦੇ ਜਿਹੜੇ ਸੁਪਨ ਲੰਗਾਰੇ।

ਗੀਤ ਗ਼ਜ਼ਲ ਕਵਿਤਾਵਾਂ ਅੰਦਰ ਜੀਤ ਘੁਲ਼ੀ ਕੁਝ ਏਦਾਂ,
ਖ਼ੁਸ਼ਬੂ ਭਰੇ ਸਰੋਵਰ ਵਿੱਚ ਜਿਉਂ ਤਾਰੀਆਂ ਲਾਉਂਦੇ ਤਾਰੇ।

## ਸ ਸੰਤੋਖ ਸਿੰਘ ਧੀਰ ਜੀ ਦੀ ਯਾਦ ਆਈ



ਗੱਲ 1991 ਜਾਂ 92 ਦੀ ਹੈ।
ਧੀਰ ਜੀ ਸਾਡੇ ਘਰ ਠਹਿਰੇ ਹੋਏ ਸਨ।
ਸਵੇਰੇ ਛਾਹ ਵੇਲਾ ਛਕਣ ਵੇਲੇ
ਸਕੂਲ ਜਾਣ ਲਈ ਤਿਆਰ
ਮੇਰੇ ਪੁੱਤਰ ਪੁਨੀਤ ਪਾਲ ਨੂੰ ਬੋਲੇ,
ਪੁੱਤ ਤਿਆਰ ਹੋ ਗਿਆ।

ਉਹ ਚੁੱਪ ਰਿਹਾ।
ਦਾੜ੍ਹੀ ਬੰਨ੍ਹ ਕੇ ਮੈਂ ਵੀ ਮੇਜ਼ ਤੇ ਆਇਆ ਤਾਂ ਬੋਲੇ
ਤੇਰਾ ਮੁੰਡਾ ਬੜਾ ਸਿਆਣੈ।
ਮੈਂ ਕਿਹਾ,
ਧੀਰ ਸਾਹਿਬ ਉਹ ਕਿਵੇਂ,
ਉਹ ਤਾਂ ਬੋਲਿਆ ਹੀ ਨਹੀਂ
ਤੁਹਾਡੇ ਨਾਲ।
ਸਿਆਣਾ ਕਿਵੇਂ ਹੋ ਗਿਆ?
ਧੀਰ ਸਾਹਿਬ ਬੋਲੇ ,
ਮੁੰਡਾ ਸੋਚਦੈ !
ਜਦ ਮੈਂ ਬੂਟ, ਨਿੱਕਰ, ਕਮੀਜ਼,
ਟਾਈ ਤੇ ਪਟਕਾ ਬੰਨ੍ਹ ਲਿਆ,
ਇਹਦੇ ਚ ਪੁੱਛਣ ਵਾਲੀ
ਕਿਹੜੀ ਗੱਲ ਹੈ?
ਪਰ ਇਸ ਬੱਚੇ ਨੂੰ ਕੌਣ ਦੱਸੇ ?
ਅਸੀਂ ਉਸ ਵਕਤ ਦੇ ਜੰਮੇ ਜਾਏ ਹਾਂ
ਜੋ ਸੁੱਤੇ ਪਏ ਬੰਦੇ ਨੂੰ
ਹਲੂਣ ਕੇ ,ਜਗਾ ਕੇ ,ਉਠਾ ਕੇ
ਪੁੱਛਦੇ ਹਾਂ
ਕਿਉਂ ਭਾਈ, ਸੌਂ ਗਿਆ?

– ਗੁਰਭਜਨ ਗਿੱਲ



## ਪਦਮ ਸ਼੍ਰੀ ਪੁਰਸਕਾਰ ਮਿਲਣ ਤੇ ਪ੍ਰੋਫੈਸਰ ਕਰਤਾਰ ਸਿੰਘ ਲੁਧਿਆਣਾ ਦਾ ਲੋਕ ਵਿਰਾਸਤ ਅਕਾਦਮੀ ਵੱਲੋਂ ਸਤਿਕਾਰ

**ਲੁਧਿਆਣਾ–** ਲੁਧਿਆਣਾ ਵੱਸਦੇ ਗੁਰਬਾਣੀ ਸੰਗੀਤ ਮਾਰਤੰਡ ਪ੍ਰੋ ਕਰਤਾਰ ਸਿੰਘ ਜੀ ਨੂੰ ਭਾਰਤ ਸਰਕਾਰ ਵੱਲੋਂ ਇਸ ਸਾਲ ਪਦਮ ਸ਼੍ਰੀ ਪੁਰਸਕਾਰ ਦਿੱਤੇ ਜਾਣ ਤੇ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਵੱਲੋਂ ਇਸ ਦੇ ਚੇਅਰਮੈਨ ਪ੍ਰੋ ਗੁਰਭਜਨ ਗਿੱਲ ਦੀ ਅਗਵਾਈ ਹੇਠ ਪੰਜਾਬੀ ਲੇਖਕਾਂ ਸ ਡੀ ਐਮ ਸਿੰਘ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ ਅਤੇ ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਰਵਿੰਦਰ ਰੰਗੂਵਾਲ ਨੇ ਪ੍ਰੋ ਕਰਕਾਰ ਸਿੰਘ ਜੀ ਦੇ ਘਰ ਜਾ ਕੇ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਤੇ ਗੁਲਦਸਤਿਆਂ ਸਮੇਤ ਦੋਸ਼ਾਲਾ ਪਹਿਨਾ ਕੇ ਸਨਮਾਨਿਤ ਕੀਤਾ। ਪ੍ਰੋ ਕਰਤਾਰ ਸਿੰਘ ਸਰੀਰਕ ਤਕਲੀਫ਼ ਅਤੇ ਵਡੇਰੀ ਉਮਰ ਕਾਰਨ ਪਦਮ ਸ਼੍ਰੀ ਖਿਤਾਬ ਲੈਣ ਲਈ ਦਿੱਲੀ ਨਹੀਂ ਸੀ ਜਾ ਸਕੇ। ਪ੍ਰੋ: ਕਰਤਾਰ ਸਿੰਘ ਜੀ ਦਾ ਜਨਮ 1928 ਵਿੱਚ ਲਾਹੌਰ ਜ਼ਿਲ੍ਹੇ ਦੇ ਪਿੰਡ ਘੁੰਮਣ ਕੇ ਵਿੱਚ ਹੋਇਆ। ਆਪ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਭਾਈ ਗੁਰਚਰਨ ਸਿੰਘ, ਭਾਈ ਸੁੰਦਰ ਸਿੰਘ ਕਸੂਰ ਵਾਲਿਆਂ ਤੋਂ ਪ੍ਰਾਪਤ ਕੀਤੀ। ਤਬਲਾ ਵਾਦਕ ਭਾਈ ਦਲੀਪ ਸਿੰਘ , ਬਲਵੰਤ ਰਾਏ ਜਸਵਾਲ ਅਤੇ ਉਸਤਾਦ ਜਸਵੰਤ ਭੰਵਰਾ ਜੀ ਤੋਂ ਵੀ ਆਪ ਨੇ ਸ਼ਾਸਤਰੀ ਸੰਗੀਤ ਸਿੱਖਿਆ ਗ੍ਰਹਿਣ ਕੀਤੀ।



ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾਂ (ਲੁਧਿਆਣਾ) ਵਿੱਚ ਆਪ ਨੇ ਉਸਤਾਦ ਜਸਵੰਤ ਭੰਵਰਾ ਅਤੇ ਸ੍ਵ। ਬੀਬੀ ਜਸਬੀਰ ਕੌਰ ਖਾਲਸਾ ਦੇ ਨਾਲ ਵੱਡੀ ਧਿਰ ਬਣ ਕੇ 1991 ਚ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਅਗਵਾਈ ਹੇਠ ਨਿਰਧਾਰਤ ਰਾਗਾਂ ਵਾਲੀ ਕੀਰਤਨ ਲਹਿਰ ਦੀ ਨੀਂਹ ਰੱਖੀ। ਸੰਗੀਤ ਅਧਿਆਪਨ ਦਾ ਕਾਰਜ ਆਪ ਨੇ ਮਾਲਵਾ ਸੈਂਟਰਲ ਕਾਲਿਜ ਆਫ਼ ਐਜੂਕੇਸ਼ਨ ਲੁਧਿਆਣਾ ਤੇ ਗੁਰੂ ਨਾਨਕ ਗਰਲਜ਼ ਕਾਲਿਜ ਲੁਧਿਆਣਾ ਵਿੱਚ ਮੁਖੀ ਸੰਗੀਤ ਵਿਭਾਗ ਵਜੋਂ ਲੰਮਾ ਸਮਾਂ ਕੀਤਾ। ਇਸ ਵਕਤ ਵੀ ਆਪ ਗੁਰਮਤਿ ਸੰਗੀਤ ਅਕਾਦਮੀ ਸ਼੍ਰੀ ਆਨੰਦਪੁਰ ਸਾਹਿਬ ਦੇ ਨਿਰਦੇਸ਼ਕ ਹਨ।

ਆਪ ਵੱਲੋਂ ਗੁਰਮਤਿ ਸੰਗੀਤ ਨਾਲ ਸਬੰਧਿਤ ਪੰਜ ਪੁਸਤਕਾਂ ਦਾ ਪ੍ਰਕਾਸ਼ਨ ਸ਼੍ਰੋਮਣੀ ਗੁਰਵਾਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ ਹੈ। ਪੰਜਾਬੀ ਵਿਦਵਾਨ ਪ੍ਰੋ: ਪ੍ਰੀਤਮ ਸਿੰਘ ਪਟਿਆਲਾ ਦੀ ਪ੍ਰੇਰਨਾ ਨਾਲ ਉਨ੍ਹਾਂ ਕਲਮ ਅਜਮਾਈ ਸ਼ੁਰੂ ਕੀਤੀ। ਇਸ ਵੇਲੇ ਵੀ ਉਨ੍ਹਾਂ ਦੀਆਂ ਤਿੰਨ ਕਿਤਾਬਾਂ ਪ੍ਰਕਾਸ਼ਨ ਅਧੀਨ ਹਨ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਜੀਵਨ ਮੈਂਬਰ ਪ੍ਰੋ: ਕਰਤਾਰ ਸਿੰਘ ਜੀ ਨੇ ਕਿਹਾ ਕਿ ਉਨ੍ਹਾਂ ਦੇ ਸਾਹਿੱਤਕ ਤੇ ਸਭਿਆਚਾਰਕ ਬੱਚਿਆਂ ਵੱਲੋਂ ਸਾਡੇ ਘਰ ਆ ਕੇ ਆਦਰ ਕਰਨਾ ਮੈਨੂੰ ਚੰਗਾ ਲੱਗਿਆ ਹੈ। ਉਨ੍ਹਾਂ ਪ੍ਰੋ ਗੁਰਭਜਨ ਸਿੰਘ ਗਿੱਲ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਮੇਰੇ ਲਈ ਅਰਦਾਸ ਕਰੋ ਕਿ ਮੈ ਗੁਰਬਾਣੀ ਸੰਗੀਤ ਦੇ ਅਧੂਰੇ ਪ੍ਰਾਜੈਕਟ ਨਿਰਵਿਘਨ ਸੰਪੂਰਨ ਕਰ ਸਕਾਂ। ਸ ਡੀ ਐਮ ਸਿੰਘ ਜੀ ਨੇ ਕਿਹਾ ਕਿ ਪ੍ਰੋ ਕਰਤਾਰ ਸਿੰਘ ਕੌਮੀ ਅਮਾਨਤ ਵਰਗੀ ਵਡਮੁੱਲੀ ਸ਼ਖਸੀਅਤ ਹਨ ਜੋ ਏਨੀਆਂ ਪ੍ਰਾਪਤੀਆਂ ਦੇ ਬਾਵਜੂਦ ਨਿਮਰਤਾ ਦੇ ਪੁੰਜ ਹਨ।

# ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਵਿੱਚ ਪ੍ਰਾਈਵੇਟ ਕਾਲਜਾਂ ਦੇ ਤਜ਼ਰਬੇ ਨੂੰ ਕਿਉਂ ਨਹੀਂ ਵਿਚਾਰਿਆ

ਗੈਸਟ ਫੈਕਲਟੀ / ਪ੍ਰੋਫੈਸਰਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਨਵੇਂ ਬਣੇ ਉਚੇਰੀ ਸਿੱਖਿਆ ਦੇ ਮੰਤਰੀ ਸ੍ਰ. ਪ੍ਰਗਟ ਸਿੰਘ ਨਾਲ ਕਾਲਜ ਅਧਿਆਪਕਾਂ ਦੀਆਂ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਪਲੇਠੀ ਮੀਟਿੰਗ ਵਿੱਚ ਉਨ੍ਹਾਂ ਸਕਾਰਾਤਮਕ ਸੋਚ ਦਾ ਇਜ਼ਹਾਰ ਕੀਤਾ ਜਿਸ ਨਾਲ ਕਈ ਸਮੱਸਿਆਵਾਂ ਦੇ ਹੱਲ ਹੋਣ ਦੀ ਸੰਭਾਵਨਾ ਬਣੀ ਹੈ ।ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਉਚੇਰੀ ਸਿੱਖਿਆ ਵਿਭਾਗ ਨੇ ਆਪਣੇ ਵਿਭਾਗ ਦੇ ਮੰਤਰੀ ਸ੍ਰ. ਪ੍ਰਗਟ ਸਿੰਘ ਦੀ ਉਸਾਰੂ ਸੋਚ ਨਾਲ ਕਾਲਜਾਂ ਵਿੱਚ ਵੱਖੋ-ਵੱਖਰੇ ਸ਼੍ਰੇਣੀ ਦੇ ਪ੍ਰੋਫੈਸਰਾਂ ਦੀਆਂ ਮੰਗਾਂ ਨੂੰ ਸੁਣ ਕੇ ਤੁਰੰਤ ਪਹਿਲ ਦੇ ਆਧਾਰ ਤੇ ਖਾ਼ਲੀ ਆਸਾਮੀਆਂ ਭਰਨ ਦੇ ਫੈਸ਼ਲੇ ਨੂੰ ਲਾਗੂ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਚੇਰੀ ਸਿੱਖਿਆ ਮੰਤਰੀ ਇਸ ਪਹਿਲਕਦਮੀ ਲਈ ਵਧਾਈ ਦੇ ਪਾਤਰ ਹਨ।ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ / ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਹੈ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖ਼ੁਸ਼ੀ ਵਾਲੀ ਗੱਲ ਹੈ।ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਹੇਠ 45 ਦਿਨ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਹੋਵੇਗੀ ਜੋ ਕਿ ਹੋਰ ਵੀ ਵਧੀਆ ਗੱਲ ਹੈ।ਇਸ਼ਤਿਹਾਰ ਦੀਆਂ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ , ਪਾਰਟ ਟਾਈਮ,ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਕਰਨਗੇ ।ਯੂ.ਜੀ.ਸੀ. ਦੇ ਨਿਯਮਾਂ ਅਧੀਨ ਚਲ ਰਹੇ ਪ੍ਰਾਈਵੇਟ ਕਾਲਜਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਲਈ ਵੀ ਤਜ਼ਰਬੇ ਦੇ ਅੰਕਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ , ਨਾ ਵਿਚਾਰਨ ਦਾ ਕੋਈ ਤਰਕ ਨਹੀਂ ਬਣਦਾ, ਜਦੋਂ ਕਿ ਇਨ੍ਹਾਂ ਆਸਾਮੀਆਂ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ।ਜਦੋਂ ਕਿ ਉਹ ਪੰਜਾਬ ਸਰਕਾਰ ਵਲੋਂ ਲਗਾਈਆਂ ਡਿਊਟੀਆਂ ਜਿਵੇਂ ਚੋਣ ਡਿਊਟੀ , ਮਰਦਮ ਸ਼ੁਮਾਰੀ, ਵੱਖੋ-ਵੱਖਰੇ ਟੈਸਟਾਂ ਦੀ ਪ੍ਰੀਖਿਆ ਡਿਊਟੀ ਆਦਿ ਅਤੇ ਆਪਣੇ ਵਿਭਾਗ ਦੀਆਂ ਪ੍ਰੀਖਿਆਵਾਂ , ਪੇਪਰ ਮਾਰਕਿੰਗ ਆਦਿ ਡਿਊਟੀਆਂ ਭਾਵ ਸਰਕਾਰੀ ਕਾਲਜਾਂ ਦੀਆਂ ਡਿਊਟੀਆਂ ਵਾਂਗ ਨਿਭਾਉਂਦੇ ਹਨ ।ਇਸ ਲਈ ਇਹ ਟੀਚਿੰਗ ਤਜ਼ਰਬੇ ਦਾ ਲਾਭ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਨੂੰ ਵੀ ਮਿਲਣਾ ਚਾਹੀਦਾ ਹੈ ।ਕਈ ਪ੍ਰਾਈਵੇਟ ਕਾਲਜ ਆਟੋਨੋਮਸ ਹਨ।

ਉਨ੍ਹਾਂ ਨੂੰ ਸਬੰਧਤ ਯੂਨੀਵਰਸਿਟੀ ਸਿਰਫ ਡਿਗਰੀਆਂ ਪ੍ਰਦਾਨ ਕਰਦੀ ਹੈ , ਬਾਕੀ ਇਹ ਕਾਲਜ ਆਪਣੇ ਪੱਧਰ ਤੇ ਸਿਲੇਬਸ ਤਿਆਰ ਕਰਨ ਤੋਂ ਲੈ ਕੇ ਪੇਪਰ ਤਿਆਰ ਕਰਕੇ ਪ੍ਰੀਖਿਆ ਲੈਣ ਤੱਕ ਸਾਰੀ ਜ਼ਿੰਮੇਵਾਰੀ ਸਫਲਤਾਪੂਰਵਕ ਨਿਭਾ ਰਹੇ ਹਨ ।ਇਸ ਲਈ ਇਹ ਵਿਤਕਰਾ ਪ੍ਰਾਈਵੇਟ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਨਾਲ ਧੱਕਾ ਹੈ , ਇਹ ਬਾਅਦ 'ਚ ਕਈ ਉਲਝਨਾਂ ਪੈਦਾ ਕਰ ਸਕਦਾ ਹੈ । ਸੋ ਇਸ ਨੂੰ ਹੁਣੇ ਹੀ ਵਿਚਾਰ ਕਰਕੇ ਸਪਸ਼ਟ ਕਰਨਾ ਚਾਹੀਦਾ ਹੈ ।ਪਿਛਲੇ ਸਾਲੀਂ 2006 ਵਿੱਚ ਸੀ-ਡੈੱਕ ਰਾਹੀਂ ਸਿੱਖਿਆ ਵਿਭਾਗ (ਸਕੂਲਜ਼) ਵਲੋਂ ਹੈਡਮਾਸਟਰਾਂ , ਅਤੇ ਹੋਰ ਵਰਗ ਦੀਆਂ ਭਰਤੀਆਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਤਜ਼ਰਬੇ ਨੂੰ ਸਰਕਾਰੀ ਸਕੂਲਾਂ ਦੇ ਤਜ਼ਰਬੇ ਵਾਂਗ ਵਿਚਾਰਿਆ ਗਿਆ ਸੀ।

ਇਸ ਭਰਤੀ 'ਚ ਬਹੁਤ ਸਾਰੇ ਹੈਡਮਾਸਟਰ ਪ੍ਰਾਈਵੇਟ ਸਕੂ਼ਲਾਂ ਦੇ ਅਧਿਆਪਕ ਸਿਲੈਕਟ ਹੋ ਗਏ ,ਉਨ੍ਹਾਂ ' ਚੋਂ ਹੁਣ ਬਹੁਤੇ ਪ੍ਰਿੰਸੀਪਲ ਬਣ ਚੁੱਕੇ ਹਨ ।ਇਸੇ ਤਰ੍ਹਾਂ ਜੇ ਦੇਖਿਆ ਜਾਵੇ ਪ੍ਰਾਈਵੇਟ ਸਕੂ਼ਲਾਂ ਦੇ ਅਧਿਆਪਕਾਂ ਨੂੰ ਉਨ੍ਹਾਂ ਦੇ ਤਜ਼ਰਬੇ ਨੂੰ ਮੰਨਦਿਆਂ ਬਹੁਤੀਆਂ ਯੂਨੀਵਰਸਿਟੀਆਂ ਵਲੋਂ ਡਿਸਟੈਂਸ ਐਜੂਕੇਸ਼ਨ ਰਾਹੀਂ ਬੀ.ਐਡ ਕਰਨ ਦੀ ਖੁੱਲ੍ਹ ਹੈ। ਸਕੂਲੀ ਸਿੱਖਿਆ ਦੇ ਰਹਿ ਚੁੱਕੇ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਉਚੇਰੀ ਸਿੱਖਿਆ ਦੇ ਸਕੱਤਰ ਬਣ ਗਏ ਹਨ ਸੋ ਉਨ੍ਹਾਂ ਨੂੰ ਜਰੂਰ ਇਸ ਬਾਰੇ ਸੋਚਣਾ ਚਾਹੀਦਾ ਹੈ ।

ਪੰਜਾਬ ਅੰਦਰ ਉੱਚ ਵਿਦਿਆ ਦੇ ਰਹੇ ਸਰਕਾਰੀ ਕਾਲਜਾਂ ਅੰਦਰ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਕਾਲਜ ਅਧਿਆਪਕਾਂ ਦੀ ਰੈਗੂਲਰ ਭਰਤੀ ਹੀ ਨਹੀਂ ਕੀਤੀ।ਇਹ ਪਿਛਲੇ ਵੀਹ ਸਾਲਾਂ 'ਚ ਰਾਜ ਕਰਨ ਵਾਲੀਆਂ ਸਰਕਾਰਾਂ ਦੇ ਆਪਣੇ ਆਪਣੇ ਸਮੇਂ ਦੌਰਾਣ ਵਿਕਾਸ ਦੇ ਸਬਜ਼ਬਾਗ ਦਿਖਾਉਣ ਵਾਲੀਆਂ ਸਰਕਾਰਾਂ ਲਈ ਸ਼ਰਮ ਵਾਲੀ ਗੱਲ ਰਹੀ ਹੈ।ਇਸੇ ਕਾਰਣ ਪੰਜਾਬ ਦਾ ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਉਲਝਦਾ ਨਜ਼ਰ ਆ ਰਿਹਾ ਹੈ ਅਤੇ ਬਾਹਰਲੇ ਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ।ਨਵੀਂ ਬਣੀ ਸਰਕਾਰ ਤੋਂ ਕਾਫੀ ਆਸਾਂ ਦੀ ਉਮੀਦ ਹੈ ।



ਮੇਜਰ ਸਿੰਘ ਨਾਭਾ
91-94635-53962

ਐਤਕੀਂ ਸਰਕਾਰ ਨੇ ਇਸੇ ਸ਼ੈਸ਼ਨ ਤੋਂ ਕਈ ਨਵੇਂ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਹੈ।ਆਸ ਹੈ ਕਿ ਨਵੇਂ ਬਣੇ ਉਚੇਰੀ ਸਿੱਖਿਆ ਮੰਤਰੀ ਸ. ਪ੍ਰਗਟ ਸਿੰਘ ਆਪਣੀ ਨਵੀਂ ਉਸਾਰੂ ਸੋਚ ਨੂੰ ਅਮਲੀ ਰੂਪ ਦਿੰਦੇ ਹੋਏ , ਇਨ੍ਹਾਂ ਅੰਦਰ ਬਣਦੀਆਂ ਪੋਸਟਾਂ ਦੀ ਭਰਤੀ ਕਰਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣਗੇ ।ਉਹ ਇਨ੍ਹਾਂ ਗੈਸਟ ਫੈਕਲਟੀ / ਪਾਰਟ ਟਾਈਮ / ਠੇਕਾ ਅਧਾਰਤ ਪ੍ਰੋਫੈਸਰਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਲੋੜੀਂਦੀ ਕਾਰਵਾਈ ਕਰਨ ਦੇ ਨਾਲ ਇਨ੍ਹਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਵੀ ਠੋਸ ਨੀਤੀ ਬਣਾ ਕੇ ਇਨ੍ਹਾਂ ਵਲੋਂ ਲੰਬਾ ਸਮੇਂ ਤੋਂ ਨਿਭਾਈਆਂ ਸੇਵਾਵਾਂ ਦੀ ਕਦਰ ਕਰਨਗੇ ।ਇਨ੍ਹਾਂ ਦੀਆਂ ਹੋਰ ਮੰਗਾਂ ਨੂੰ ਜਲਦੀ ਹੱਲ ਕਰਕੇ ਨਵਾਂ ਇਤਿਹਾਸ ਸਿਰਜਣਗੇ ।

ਇੰਝ ਕਰਨ ਨਾਲ ਪ੍ਰੋਫੈਸਰਾਂ ਦਾ ਪਹਿਲਾਂ ਵਾਲਾ ਰੁਤਬਾ ਬਹਾਲ ਕਰਨ ਲਈ ਰਾਹ ਪੱਧਰਾ ਹੋਣ ਦੀ ਆਸ ਬੱਝੇਗੀ ।

# ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਦੀਆਂ ਤਰੀਕਾਂ ਐਲਾਨੀਆਂ- ਖੇਡਾਂ 24-25-26 ਜਨਵਰੀ 2022 ਨੂੰ

## ਕਬੱਡੀ ਅਤੇ ਹਾਕੀ ਦਾ ਹੋਵੇਗਾ ਮਹਾਂਕੁੰਭ , ਪਹਿਲੀ ਵਾਰ ਹੋਵੇਗੀ ਮੁੱਕੇਬਾਜੀ, ਗਾਇਕ ਕਰਨ ਔਜਲਾ ਤੇ ਕਨਵਰ ਗਰੇਵਾਲ ਦਾ ਲੱਗੇਗਾ ਅਖਾੜਾ

**ਲੁਧਿਆਣਾ–** ਕੋਕਾ ਕੋਲਾ, ਏਵਨ ਸਾਈਕਲ ਅਤੇ 5ਜਾਬ ਫਾਊਂਡੇਸ਼ਨ, ਡ੍ਰੀਮ ਇਲੈਵਨ ਮੁੰਬਈ ਵੱਲੋਂ ਸਪਾਂਸਰ ਮਾਲਵੇ ਦੀਆਂ ਬਹੁ ਚਰਚਿਤ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 24-25-26 ਜਨਵਰੀ 2022 ਨੂੰ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਸਪੋਰਟਸ ਕੰਪਲੈਕਸ ਜਰਖੜ ਵਿਖੇ ਹੋਣਗੀਆਂ । ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜ਼ਰੂਰੀ ਮੀਟਿੰਗ ਇੰਡੀਅਨ ਗਾਰਡੀਅਨ ਸੈਂਟਰ ਲੁਧਿਆਣਾ ਵਿਖੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਇੰਗਲੈਂਡ ਤੋਂ ਹੰਸਲੋ ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਜਗਦੀਪ ਸਿੰਘ ਘੁੰਮਣ ਮੁੰਬਈ ,ਪ੍ਰਿੰਸੀਪਲ ਬਲਵੰਤ ਸਿੰਘ ਚਕਰ, ਇੰਸਪੈਕਟਰ ਬਲਵੀਰ ਸਿੰਘ ,ਨਿਰਮਲ ਸਿੰਘ ਨਿੰਮਾ ਡੇਹਲੋਂ, ਸਾਹਿਬਜੀਤ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਤਰਨ ਜੋਧਾਂ ,ਰਾਣਾ ਜੋਧਾਂ, ਸੰਦੀਪ ਸਿੰਘ ਪੰਧੇਰ, ਸ਼ਿੰਗਾਰਾ ਸਿੰਘ ਜਰਖੜ ਆਦਿ ਪ੍ਰਮੁੱਖ ਮੈਂਬਰਾਂ ਨੇ ਹਿੱਸਾ ਲਿਆ।

ਮੀਟਿੰਗ ਦੀ ਕਾਰਵਾਈ ਬਾਰੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਤੇ ਪ੍ਰੀਤਮ ਸਿੰਘ ਗਰੇਵਾਲ ਨੇ ਦੱਸਿਆ ਇਸ ਵਾਰ ਕਬੱਡੀ ਦੇ 2 ਵੱਡੇ ਕੱਪ ਅਤੇ ਹਾਕੀ ਦਾ ਵੱਡੇ ਪੱਧਰ ਤੇ ਮਹਾਕੁੰਭ ਕਰਵਾਇਆ ਜਾਵੇਗਾ । ਸਾਰੀਆਂ ਹੀ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਸਟਾਰ ਖਿਡਾਰੀਆਂ ਦੀ ਭਰਮਾਰ ਹੋਵੇਗੀ । ਆਲ ਓਪਨ ਕਬੱਡੀ ਕੱਪ ਨਾਇਬ ਸਿੰਘ ਗਰੇਵਾਲ ਜੋਧਾਂ ਦੀ ਯਾਦ ਵਿੱਚ ਹੋਵੇਗਾ , ਜਦ ਕਿ ਕੈਨੇਡਾ ਕਬੱਡੀ ਕੱਪ ਵੀ ਇਸ ਵਾਰ ਜਰਖੜ ਸਟੇਡੀਅਮ ਦਾ ਹੀ ਸ਼ਿੰਗਾਰ ਬਣੇਗਾ । ਇਸ ਤੋਂ ਇਲਾਵਾ ਲੜਕੇ ਅਤੇ ਲੜਕੀਆਂ ਦਾ ਹਾਕੀ ਕੱਪ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਦੀ ਯਾਦ ਵਿੱਚ ਕਰਵਾਇਆ ਜਾਵੇਗਾ। ਹਾਕੀ ਵਿੱਚ ਅੰਡਰ 12 ਸਾਲ ਮੁੰਡੇ ਜਗਤਾਰ ਜਰਖੜ ਯਾਦਗਾਰੀ ਕੱਪ , ਹਾਕੀ ਲੜਕੀਆਂ ਅਤੇ ਮਰਦਾਂ ਦੇ ਸੀਨੀਅਰ ਵਰਗ ਦੇ ਮੁਕਾਬਲੇ ਹੋਣਗੇ । ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਕੱਪ ਅਮਰਜੀਤ ਗਰੇਵਾਲ ਅਤੇ ਬਾਬਾ ਸੁਰਜਨ ਸਿੰਘ ਸਰੀਹ ਦੀ ਯਾਦ ਨੂੰ ਸਮਰਪਿਤ ਹੋਵੇਗਾ । ਗੱਦੇ ਵਾਲੀਆਂ ਕੁਸ਼ਤੀਆਂ ਦੇ ਮੁਕਾਬਲੇ ਬਚਨ ਸਿੰਘ ਮੰਡੌਰ ਦੀ ਯਾਦ ਵਿੱਚ ਕਰਵਾਏ ਜਾਣਗੇ । ਇਸ ਵਾਰ ਜਰਖੜ ਖੇਡਾਂ ਵਿੱਚ ਪਹਿਲੀ ਵਾਰ ਮੁੱਕੇਬਾਜ਼ੀ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਜਾਵੇਗੀ । ਜਿਨ੍ਹਾਂ ਨੂੰ 5 ਜਾਬ ਫਾਊਂਡੇਸ਼ਨ ਅਤੇ ਚਕਰ ਬਾਕਸਿੰਗ ਅਕੈਡਮੀ ਵੱਲੋਂ ਸਪਾਂਸਰ ਕੀਤਾ ਜਾਵੇਗਾ। ਹਾਕੀ ਮੁਕਾਬਲੇ ਮਹਿੰਦਰਪ੍ਰਤਾਪ ਗਰੇਵਾਲ ਟਰੱਸਟ ਵੱਲੋਂ ਸਪਾਂਸਰ ਹੋਣਗੇ ਜਦਕਿ ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਕੱਪ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਮੋਹਣਾਂ ਜੋਧਾਂ,



ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਕਬੱਡੀ ਸਟਾਰ ਪਾਲਾ ਜਲਾਲਪੁਰ, ਇਕਬਾਲ ਸਿੰਘ ਮਨੀਲਾ ਕੁਲਜੀਤ ਸਿੰਘ ਮਨੀਲਾ ਹਾਕਮ ਸਿੰਘ ਮਨੀਲਾ, ਨਿੱਕਾ ਲਾਲੀ ਸਿਧਵਾਂ ਮਨੀਲਾ ਅਤੇ ਹੋਰਾਂ ਦੀ ਪੂਰੀ ਟੀਮ ਵੱਲੋਂ ਸਪੋਂਸਰ ਹੋਵੇਗਾ। ਕੈਨੇਡਾ ਕਬੱਡੀ ਕੱਪ ਰਮਨਦੀਪ ਸਿੰਘ ਝੱਜ ਇੰਦਰਜੀਤ ਸਿੰਘ ਰੂਮੀ, ਰਜਿੰਦਰ ਸਿੰਘ ਹਿੱਸੋਵਾਲ, ਸੁਖਵਿੰਦਰ ਸਿੰਘ ਬੱਬ , ਟੀਨੂੰ ਦਿਓਲ ਅਤੇ ਕੈਨੇਡਾ ਕਬੱਡੀ ਕੱਪ ਦੀ ਪੂਰੀ ਪ੍ਰਬੰਧਕੀ ਟੀਮ ਵੱਲੋਂ ਸਪਾਂਸਰ ਹੋਵੇਗਾ।

ਜੇਤੂ ਖਿਡਾਰੀਆਂ ਲਈ 8 ਦੇ ਕਰੀਬ ਮੋਟਰ ਸਾਈਕਲ, 100 ਸਾਈਕਲ ਅਤੇ ਦਸ ਲੱਖ ਦੇ ਇਨਾਮ ਹੋਣਗੇ। ਇਸ ਵਰ੍ਹੇ ਦੀਆਂ ਖੇਡਾਂ ਕਬੱਡੀ ਸਟਾਰ ਮਾਣਕ ਜੋਧਾ, ਹਾਕੀ ਖਿਡਾਰੀ ਗੁਰਵਿੰਦਰ ਸਿੰਘ ਵੜੈਚ , ਉੱਘੇ ਕੁਮੈਂਟੇਟਰ ਡਾ ਦਰਸ਼ਨ ਬੜੀ ਅਤੇ ਹਰਬੰਸ ਸਿੰਘ ਗਿੱਲ ਦੀ ਯਾਦ ਨੂੰ ਸਮਰਪਿਤ ਹੋਣਗੀਆਂ । ਇਸ ਵਾਰ ਅਖਾੜਾ ਲਾਉਣ ਦੀ ਵਾਰੀ ਉੱਘੇ ਗਾਇਕ ਕਰਨ ਔਜਲਾ ਅਤੇ ਕੰਵਰ ਗਰੇਵਾਲ ਦੀ ਰਹੇਗੀ। ਫਾਈਨਲ ਸਮਾਰੋਹ ਤੇ ਇਲਾਕੇ ਦੀਆਂ ਉੱਘੀਆਂ 6 ਸ਼ਖ਼ਸੀਅਤਾਂ ਦਾ ਸਨਮਾਨ ਹੋਵੇਗਾ।

# ਭਾਸ਼ਾਵਾਂ ਦਾ ਗਿਆਨੀ ਹੀ ਵਧੀਆ ਤੇ ਰੌਚਕ ਅਨੁਵਾਦ ਕਰ ਸਕਦੈ-ਪ੍ਰੋ ਬਲਦੇਵ ਬੱਲੀ

**ਮਾਹਿਲਪੁਰ–** ਬਲਜਿੰਦਰ ਮਾਨ ਦੁਆਰਾ ਅਨੁਵਾਦਿਤ ਅਤੇ ਨੈਸ਼ਨਲ ਬੁੱਕ ਟਰੱਸਟ ਇੰਡੀਆ ਦੁਆਰਾ ਪ੍ਰਕਾਸ਼ਿਤ ਪੁਸਤਕ 'ਸੁਲਤਾਨ ਦੀ ਪਸੰਦ ਤੇ ਹੋਰ ਕਹਾਣੀਆਂ'ਨੂੰ ਜਾਰੀ ਕਰਦਿਆਂ ਪ੍ਰੋ ਬਲਦੇਵ ਸਿੰਘ ਬੱਲੀ ਨੇ ਕਿਹਾ ਕੀ ਇਸ ਪੁਸਤਕ ਦਾ ਅਨੁਵਾਦ ਬਲਜਿੰਦਰ ਮਾਨ ਨੇ ਬਹੁਤ ਹੀ ਸੱਭਿਆਚਾਰਕ ਤਰੀਕੇ ਨਾਲ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਕ ਤੋਂ ਵੱਧ ਭਾਸ਼ਾਵਾਂ ਦਾ ਗਿਆਨੀ ਹੀ ਵਧੀਆ ਅਨੁਵਾਦ ਕਰ ਸਕਦਾ ਹੈ।ਬਾਲ ਪੁਸਤਕਾਂ ਪ੍ਰਤੀ ਤਾਂ ਹੋਰ ਵੀ ਗੰਭੀਰ ਹੋਣ ਦੀ ਲੋੜ ਹੁੰਦੀ ਹੈ। ਉਹ ਇਸ ਤੋਂ ਪਹਿਲਾਂ ਪੰਜ ਹੋਰ ਪੁਸਤਕਾਂ ਦਾ ਵੀ ਅਨੁਵਾਦ ਕਰ ਚੁੱਕੇ ਹਨ।ਇਸ ਪੁਸਤਕ ਰਿਲੀਜ਼ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਡਾ ਸ਼ਮਸ਼ੇਰ ਮੋਹੀ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ, ਬੱਗਾ ਸਿੰਘ ਆਰਟਿਸਟ, ਪੰਮੀ ਖੁਸ਼ਹਾਲਪੁਰੀ ਅਤੇ ਚੈਂਚਲ ਸਿੰਘ ਬੈਂਸ ਨੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਰਾਹੀਂ ਬਲਜਿੰਦਰ ਮਾਨ ਨੇ ਕਈ ਨਵੇਂ ਲਿਖਾਰੀਆਂ ਨੂੰ ਉੱਚੀਆਂ ਮੰਜ਼ਲਾਂ ਦੇ ਰਾਹੇ ਪਾਇਆ ਹੈ। ਉਨ੍ਹਾਂ ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਇਸ ਖੇਤਰ ਵਿਚ ਸ਼ਾਨਦਾਰ ਪੈੜਾਂ ਪਾਈਆਂ ਹਨ। ਸਾਡੇ ਜ਼ਿਲ੍ਹੇ ਨੂੰ ਮਾਣ ਹੈ ਕਿ ਮਾਹਿਲਪੁਰ ਤੋਂ ਬੜੇ ਲੰਬੇ ਸਮੇਂ ਤੋਂ ਛਪਣ ਵਾਲਾ ਇੱਕੋ ਇੱਕ ਪੰਜਾਬੀ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' ਉਨ੍ਹਾਂ ਦੁਆਰਾ ਬੜੀ ਸ਼ਾਨ ਨਾਲ ਸੰਪਾਦਤ ਕੀਤਾ ਜਾ ਰਿਹਾ ਹੈ।



ਪਿੰਡ ਮਹਿਮਦਵਾਲ ਕਲਾਂ ਵਿਚ ਆਯੋਜਿਤ ਇਸ ਰਿਲੀਜ਼ ਸਮਾਰੋਹ ਵਿੱਚ ਕੁਲਦੀਪ ਕੌਰ ਬੈਂਸ, ਪ੍ਰਿੰਸੀਪਲ ਮਨਜੀਤ ਕੌਰ, ਹਰਮਨਪ੍ਰੀਤ ਕੌਰ, ਸ਼ਸ਼ੀ ਚੰਦਰ, ਰਵਨੀਤ ਕੌਰ, ਹਰਵੀਰ ਮਾਨ,ਗੁਰਦੀਪ ਚੰਦ ਸਮੇਤ ਪਿੰਡ ਦੇ ਪਤਵੰਤਿਆਂ ਵੱਲੋਂ ਭਰਪੂਰ ਹਾਜ਼ਰੀ ਭਰੀ ਗਈ। ਸਰਪੰਚ ਅਮਰਜੀਤ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਬਲਜਿੰਦਰ ਮਾਨ ਨੇ ਪਿੰਡ ਮਹਿਮਦਵਾਲ ਨੂੰ ਅੰਤਰਰਾਸ਼ਟਰੀ ਮੰਚ ਤੱਕ ਪਹੁੰਚਾਇਆ ਹੈ।

# ਪੱਤਰਕਾਰਾਂ ਤੇ ਵਿਦੇਸ਼ੀ ਵਿਦਿਆਰਥੀਆਂ ’ਤੇ ਚੀਨ ਦੀ ਨਜ਼ਰ

**ਬੀਜਿੰਗ–** ਚੀਨ ਦੇ ਸਭ ਤੋਂ ਵੱਡੇ ਸੂਬੇ ’ਚ ਸੁਰੱਖਿਆ ਅਧਿਕਾਰੀਆਂ ਨੇ ਪੱਤਰਕਾਰਾਂ, ਕੌਮਾਂਤਰੀ ਵਿਦਿਆਰਥੀਆਂ ਤੇ ਹੋਰ ਸ਼ੱਕੀ ਲੋਕਾਂ ’ਤੇ ਨਜ਼ਰ ਰੱਖਣ ਲਈ ਇਕ ਨਿਗਰਾਨੀ ਪ੍ਰਣਾਲੀ ਬਣਾਈ ਹੈ।

ਹੇਨਾਨ ਦੀ ਸੂਬਾ ਸਰਕਾਰ ਨੇ ਬੀਤੀ 29 ਜੁਲਾਈ ਨੂੰ ਇਕ ਟੈਂਡਰ ਜਾਰੀ ਕੀਤਾ ਸੀ ਜਿਸ ’ਚ ਮੀਡੀਆ ਨਾਲ ਜੁੜੇ ਲੋਕਾਂ ਦੇ ਸੂਬੇ ’ਚ ਆਉਣ ’ਤੇ ਉਨ੍ਹਾਂ ਦਾ ਵੇਰਵਾ ਇਕੱਠਾ ਕਰਨ ਦੀ ਪ੍ਰਣਾਲੀ ਵਿਕਸਿਤ ਕੀਤੀ ਗਈ ਹੈ। ਇਸ ਦੇ ਤਹਿਤ ਹੇਨਾਨ ਸੂਬੇ ’ਚ ਤਿੰਨ ਹਜ਼ਾਰ ਅਜਿਹੇ ਕੈਮਰੇ ਲਗਾਏ ਗਏ ਹਨ ਜਿਨ੍ਹਾਂ ਨਾਲ ਚਿਹਰੇ ਦੀ ਪਛਾਣ ਕੀਤੀ ਜਾ ਸਕੇ।

ਇਨ੍ਹਾਂ ਕੈਮਰਿਆਂ ਨੂੰ ਕੌਮੀ ਤੇ ਖੇਤਰੀ ਡਾਟਾਬੇਸ ਨਾਲ ਜੋੜਿਆ ਗਿਆ ਹੈ। ਇਸ ਲਈ 17 ਸਤੰਬਰ ਨੂੰ ਇਕ ਚੀਨੀ ਤਕਨੀਕੀ ਕੰਪਨੀ ਨਿਓਸਾਫਟ ਨਾਲ 782000 ਡਾਲਰ ਦਾ ਕਰਾਰ ਕੀਤਾ ਗਿਆ ਸੀ। ਇਸ ਕੰਪਨੀ ਨੂੰ ਆਪਣਾ ਕੰਮ ਦੋ ਮਹੀਨੇ ’ਚ ਪੂਰਾ ਕਰਨਾ ਸੀ, ਜੋ ਹੁਣ ਖ਼ਤਮ ਹੋ ਚੁੱਕਾ ਹੈ।

ਦੱਸਿਆ ਜਾਂਦਾ ਹੈ ਕਿ ਚੀਨ ਦੁਨੀਆ ਦੀ ਅਤਿ-ਆਧੁਨਿਕ ਨਿਗਰਾਨੀ ਪ੍ਰਣਾਲੀ ਵਿਕਸਿਤ ਕਰਨਾ ਚਾਹੁੰਦਾ ਹੈ। ਜਨਤਕ ਥਾਵਾਂ ’ਤੇ ਲੱਖਾਂ ਕੈਮਰੇ ਲਗਾ ਕੇ ਸਮਾਰਟ ਫੋਨ ਤੇ ਚਿਹਰੇ ਦੀ ਪਛਾਣ ਜ਼ਰੀਏ ਲੋਕਾਂ ’ਤੇ ਨਜ਼ਰ ਰੱਖੀ ਜਾਵੇਗੀ। ਇਸ ਘਟਨਾਕ੍ਰਮ ’ਤੇ ਨਜ਼ਰ ਰੱਖਣ ਵਾਲੀ ਅਮਰੀਕੀ ਨਿਗਰਾਨੀ ਏਜੰਸੀ ਆਈ ਪੀ ਵੀ ਐੱਮ ਮੁਤਾਬਕ ਜਨਤਕ ਸੁਰੱਖਿਆ ਦੇ ਨਾਂ ’ਤੇ ਖ਼ਾਸ ਤੌਰ ’ਤੇ ਪੱਤਰਕਾਰਾਂ ਤੇ ਵਿਦੇਸ਼ ਤੋਂ ਪੜ੍ਹਨ ਆਏ ਵਿਦਿਆਰਥੀਆਂ ’ਤੇ ਨਜ਼ਰ ਰੱਖੀ ਜਾਵੇਗੀ।

--

# ਬਿਹਾਰ, ਝਾਰਖੰਡ, ਯੂਪੀ ਭਾਰਤ ਦੇ ਸਭ ਤੋਂ ਗਰੀਬ ਰਾਜ: ਨੀਤੀ ਆਯੋਗ ਦਾ ਗਰੀਬੀ ਸੂਚਕਾਂਕ



ਹਰਦੀਪ ਸਿੰਘ ਚੁੰਬਰ
+91-94636-01616

ਨੀਤੀ ਆਯੋਗ ਦੀ ਪਹਿਲੀ ਬਹੁ-ਆਯਾਮੀ ਗਰੀਬੀ ਸੂਚਕਾਂਕ (ਫੀ) ਰਿਪੋਰਟ ਦੇ ਅਨੁਸਾਰ, ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਨੂੰ ਭਾਰਤ ਦੇ ਸਭ ਤੋਂ ਗਰੀਬ ਰਾਜਾਂ ਦਾ ਨਾਮ ਦਿੱਤਾ ਗਿਆ ਹੈ।ਨੀਤੀ ਆਯੋਗ ਦੀ ਪਹਿਲੀ ਬਹੁ-ਆਯਾਮੀ ਗਰੀਬੀ ਸੂਚਕਾਂਕ (ਫੀ) ਰਿਪੋਰਟ ਦੇ ਅਨੁਸਾਰ, ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਭਾਰਤ ਦੇ ਸਭ ਤੋਂ ਗਰੀਬ ਰਾਜਾਂ ਵਜੋਂ ਉਭਰੇ ਹਨ।

ਸੂਚਕਾਂਕ ਦੇ ਅਨੁਸਾਰ, ਬਿਹਾਰ ਦੀ 51।91 ਪ੍ਰਤੀਸ਼ਤ ਆਬਾਦੀ ਗਰੀਬ ਹੈ, ਇਸ ਤੋਂ ਬਾਅਦ ਝਾਰਖੰਡ ਵਿੱਚ 42।16 ਪ੍ਰਤੀਸ਼ਤ, ਉੱਤਰ ਪ੍ਰਦੇਸ਼ ਵਿੱਚ 37।79 ਪ੍ਰਤੀਸ਼ਤ ਹੈ। ਮੱਧ ਪ੍ਰਦੇਸ਼ (36।65 ਫੀਸਦੀ) ਨੂੰ ਸੂਚਕਾਂਕ ਵਿੱਚ ਚੌਥੇ ਸਥਾਨ 'ਤੇ ਰੱਖਿਆ ਗਿਆ ਹੈ, ਜਦਕਿ ਮੇਘਾਲਿਆ (32।67 ਫੀਸਦੀ) ਪੰਜਵੇਂ ਸਥਾਨ 'ਤੇ ਹੈ।

ਕੇਰਲ (0।71 ਫੀਸਦੀ), ਗੋਆ (3।76 ਫੀਸਦੀ), ਸਿੱਕਮ (3।82 ਫੀਸਦੀ), ਤਾਮਿਲਨਾਡੂ (4।89 ਫੀਸਦੀ) ਅਤੇ ਪੰਜਾਬ (5।59 ਫੀਸਦੀ) ਨੇ ਪੂਰੇ ਭਾਰਤ ਵਿੱਚ ਸਭ ਤੋਂ ਘੱਟ ਗਰੀਬੀ ਦਰਜ ਕੀਤੀ ਹੈ ਅਤੇ ਸੂਚਕਾਂਕ ਦੇ ਸਭ ਤੋਂ ਹੇਠਲੇ ਸਥਾਨ 'ਤੇ ਹਨ।

ਜਦੋਂ ਕਿ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ੂਠਸ), ਦਾਦਰਾ ਅਤੇ ਨਗਰ ਹਵੇਲੀ (27।36%), ਜੰਮੂ ਅਤੇ ਕਸ਼ਮੀਰ, ਅਤੇ ਲੱਦਾਖ (12।58), ਦਮਨ ਅਤੇ ਦੇਵ (6।82%) ਅਤੇ ਚੰਡੀਗੜ੍ਹ (5।97%) ਸਭ ਤੋਂ ਗਰੀਬ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਜੋਂ ਉਭਰੇ ਹਨ। ਭਾਰਤ ਵਿੱਚ, ਪੁਡੂਚੇਰੀ ਵਿੱਚ ਇਸਦੀ ਆਬਾਦੀ ਦਾ 1।72 ਪ੍ਰਤੀਸ਼ਤ ਗਰੀਬ ਹੈ, ਲਕਸ਼ਦੀਪ (1।82 ਪ੍ਰਤੀਸ਼ਤ), ਅੰਡੇਮਾਨ ਅਤੇ ਨਿਕੋਬਾਰ ਟਾਪੂ (4।30 ਪ੍ਰਤੀਸ਼ਤ) ਅਤੇ ਦਿੱਲੀ (4।79 ਪ੍ਰਤੀਸ਼ਤ) ਨੇ ਬਿਹਤਰ ਪ੍ਰਦਰਸ਼ਨ ਕੀਤਾ ਹੈ।


ਝਾਰਖੰਡ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਛੱਤੀਸਗੜ੍ਹ ਤੋਂ ਬਾਅਦ ਬਿਹਾਰ ਵਿੱਚ ਸਭ ਤੋਂ ਵੱਧ ਕੁਪੋਸ਼ਣ ਵਾਲੇ ਲੋਕ ਹਨ।

ਮਾਵਾਂ ਦੀ ਸਿਹਤ ਤੋਂ ਵਾਂਝੀ ਆਬਾਦੀ ਦੀ ਪ੍ਰਤੀਸ਼ਤਤਾ, ਸਕੂਲ ਦੀ ਪੜ੍ਹਾਈ ਤੋਂ ਵਾਂਝੀ ਆਬਾਦੀ ਦੀ ਪ੍ਰਤੀਸ਼ਤਤਾ, ਸਕੂਲ ਦੀ ਹਾਜ਼ਰੀ ਅਤੇ ਖਾਣਾ ਪਕਾਉਣ ਦੇ ਬਾਲਣ ਅਤੇ ਬਿਜਲੀ ਤੋਂ ਵਾਂਝੀ ਆਬਾਦੀ ਦੀ ਪ੍ਰਤੀਸ਼ਤਤਾ ਦੇ ਮਾਮਲੇ ਵਿੱਚ ਬਿਹਾਰ ਵੀ ਸਭ ਤੋਂ ਮਾੜਾ ਹੈ।

ਰਿਪੋਰਟ ਦੇ ਅਨੁਸਾਰ, ਭਾਰਤ ਦਾ ਰਾਸ਼ਟਰੀ ਐਮਪੀਆਈ ਮਾਪ ਆਕਸਫੋਰਡ ਗਰੀਬੀ ਅਤੇ ਮਨੁੱਖੀ ਵਿਕਾਸ ਪਹਿਲਕਦਮੀ (ਓਪੀਐਚਆਈ) ਅਤੇ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਦੁਆਰਾ ਵਿਕਸਤ ਵਿਸ਼ਵ ਪੱਧਰ 'ਤੇ ਪ੍ਰਵਾਨਿਤ ਅਤੇ ਮਜ਼ਬੂਤ ਵਿਧੀ ਦੀ ਵਰਤੋਂ ਕਰਦਾ ਹੈ।

ਮਹੱਤਵਪੂਰਨ ਤੌਰ 'ਤੇ, ਬਹੁ-ਆਯਾਮੀ ਗਰੀਬੀ ਦੇ ਮਾਪ ਦੇ ਤੌਰ 'ਤੇ, ਇਹ ਪਰਿਵਾਰਾਂ ਦੁਆਰਾ ਦਰਪੇਸ਼ ਬਹੁ ਅਤੇ ਇੱਕੋ ਸਮੇਂ ਦੀ ਘਾਟ ਨੂੰ ਕੈਪਚਰ ਕਰਦਾ ਹੈ, ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ, ਭਾਰਤ ਦੇ ਐਮਪੀਆਈ ਦੇ ਤਿੰਨ ਬਰਾਬਰ ਭਾਰ ਵਾਲੇ ਮਾਪ ਹਨ, ਸਿਹਤ, ਸਿੱਖਿਆ ਅਤੇ ਜੀਵਨ ਪੱਧਰ - ਜਿਸ ਨੂੰ 12 ਸੂਚਕਾਂ ਦੁਆਰਾ




ਦਰਸਾਇਆ ਗਿਆ ਹੈ ਜਿਵੇਂ ਕਿ ਪੋਸ਼ਣ, ਬਾਲ ਅਤੇ ਕਿਸ਼ੋਰ ਮੌਤ ਦਰ, ਜਨਮ ਤੋਂ ਪਹਿਲਾਂ ਦੀ ਦੇਖਭਾਲ, ਸਕੂਲ ਵਿੱਚ ਪੜ੍ਹਾਈ ਦੇ ਸਾਲ, ਸਕੂਲ ਵਿੱਚ ਹਾਜ਼ਰੀ, ਖਾਣਾ ਬਣਾਉਣ ਦਾ ਬਾਲਣ, ਸਫਾਈ, ਪੀਣ ਪਾਣੀ, ਬਿਜਲੀ, ਰਿਹਾਇਸ਼, ਜਾਇਦਾਦ ਅਤੇ ਬੈਂਕ ਖਾਤੇ।

2015 ਵਿੱਚ 193 ਦੇਸ਼ਾਂ ਦੁਆਰਾ ਅਪਣਾਏ ਗਏ ਸਸਟੇਨੇਬਲ ਡਿਵੈਲਪਮੈਂਟ ਗੋਲਸ (ਂਧਘ) ਫਰੇਮਵਰਕ ਨੇ ਵਿਸ਼ਵ ਭਰ ਵਿੱਚ ਵਿਕਾਸ ਦੀ ਪ੍ਰਗਤੀ ਨੂੰ ਮਾਪਣ ਲਈ ਵਿਕਾਸ ਨੀਤੀਆਂ, ਸਰਕਾਰੀ ਤਰਜੀਹਾਂ ਅਤੇ ਮਾਪਦੰਡਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ।

ਂਧਘ ਫਰੇਮਵਰਕ, 17 ਗਲੋਬਲ ਟੀਚਿਆਂ ਅਤੇ 169 ਟੀਚਿਆਂ ਦੇ ਨਾਲ, ਇਸ ਦੇ ਪੂਰਵਲੇ ਮਿਲੇਨਿਅਮ ਡਿਵੈਲਪਮੈਂਟ ਟੀਚਿਆਂ (ਧਘ) ਦੇ ਸਬੰਧ ਵਿੱਚ ਦਾਇਰੇ ਅਤੇ ਪੈਮਾਨੇ ਵਿੱਚ ਕਾਫ਼ੀ ਵਿਆਪਕ ਹੈ।

ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਨੇ ਆਪਣੇ ਮੁਖਬੰਧ ਵਿੱਚ ਕਿਹਾ, "ਭਾਰਤ ਦੇ ਰਾਸ਼ਟਰੀ ਬਹੁ-ਆਯਾਮੀ ਗਰੀਬੀ ਸੂਚਕਾਂਕ ਦਾ ਵਿਕਾਸ ਇੱਕ ਜਨਤਕ ਨੀਤੀ ਸਾਧਨ ਦੀ ਸਥਾਪਨਾ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ ਜੋ ਬਹੁ-ਆਯਾਮੀ ਗਰੀਬੀ ਦੀ ਨਿਗਰਾਨੀ ਕਰਦਾ ਹੈ, ਸਬੂਤ-ਆਧਾਰਿਤ ਅਤੇ ਕੇਂਦਰਿਤ ਦਖਲਅੰਦਾਜ਼ੀ ਨੂੰ ਸੂਚਿਤ ਕਰਦਾ ਹੈ, ਇਸ ਤਰ੍ਹਾਂ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ। ਪਿੱਛੇ ਰਹਿ ਗਿਆ ਹੈ।"

ਕੁਮਾਰ ਨੇ ਅੱਗੇ ਕਿਹਾ ਕਿ ਭਾਰਤ ਦੇ ਪਹਿਲੇ ਰਾਸ਼ਟਰੀ ਫੀਮਾਪ ਦੀ ਇਹ ਬੇਸਲਾਈਨ ਰਿਪੋਰਟ ਨੈਸ਼ਨਲ ਫੈਮਿਲੀ ਹੈਲਥ ਸਰਵੇ (ੂੰ) ਦੇ 2015-16 ਦੀ ਸੰਦਰਭ ਮਿਆਦ 'ਤੇ ਅਧਾਰਤ ਹੈ।ਉਨ੍ਹਾਂ ਕਿਹਾ ਕਿ ਰਾਸ਼ਟਰੀ ਫੀਮਾਪ 12 ਮੁੱਖ ਭਾਗਾਂ ਦੀ ਵਰਤੋਂ ਕਰਕੇ ਬਣਾਇਆ ਗਿਆ ਹੈ ਜੋ ਸਿਹਤ ਅਤੇ ਪੋਸ਼ਣ, ਸਿੱਖਿਆ ਅਤੇ ਜੀਵਨ ਪੱਧਰ ਵਰਗੇ ਖੇਤਰਾਂ ਨੂੰ ਕਵਰ ਕਰਦੇ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰੀ ਫੀ, ਇੱਕ ਕੁੱਲ ਮਾਪ ਜੋ ਗਰੀਬੀ ਨੂੰ ਪਰਿਭਾਸ਼ਿਤ ਕਰਦਾ ਹੈ, ਸਧਾਰਨ ਸ਼ਬਦਾਂ ਵਿੱਚ, ਸਿਹਤ, ਸਿੱਖਿਆ ਅਤੇ ਜੀਵਨ ਪੱਧਰ ਦੇ ਮਹੱਤਵਪੂਰਨ ਅਤੇ ਬੁਨਿਆਦੀ ਮਾਪਦੰਡਾਂ ਵਿੱਚ ਵਾਂਝੇ ਵਜੋਂ, ਗਰੀਬੀ ਨੂੰ ਇਤਿਹਾਸਕ ਤੌਰ 'ਤੇ ਸਮਝਣ ਅਤੇ ਸੰਕਲਪਿਤ ਕਰਨ ਦੇ ਤਰੀਕੇ ਤੋਂ ਇੱਕ ਮਹੱਤਵਪੂਰਨ ਵਿਦਾ ਹੈ

2020 ਦੀ ਸ਼ੁਰੂਆਤ ਵਿੱਚ, ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਨੇ ਗਲੋਬਲ ਰੈਂਕਿੰਗ ਵਿੱਚ ਭਾਰਤ ਦੀ ਸਥਿਤੀ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਨਿਗਰਾਨੀ, ਵਿਸ਼ਲੇਸ਼ਣ ਅਤੇ ਮੁਲਾਂਕਣ ਲਈ 29 ਗਲੋਬਲ ਸੂਚਕਾਂਕ ਦੀ ਪਛਾਣ ਕੀਤੀ।ਇਸ ਆਦੇਸ਼ ਦੇ ਤਹਿਤ, ਜਿਸ ਨੂੰ ਸੁਧਾਰਾਂ ਅਤੇ ਵਿਕਾਸ ਲਈ ਗਲੋਬਲ ਸੂਚਕਾਂਕ (ਘ੍ਰਿਘ) ਆਦੇਸ਼ ਵਜੋਂ ਵੀ ਜਾਣਿਆ ਜਾਂਦਾ ਹੈ, ਨੀਤੀ ਆਯੋਗ ਨੂੰ ਬਹੁ-ਆਯਾਮੀ ਗਰੀਬੀ ਸੂਚਕਾਂਕ (ਫੀ) ਲਈ ਨੋਡਲ ਏਜੰਸੀ ਵਜੋਂ ਪਛਾਣਿਆ ਗਿਆ ਸੀ।

ਰਿਪੋਰਟ ਦੇ ਅਨੁਸਾਰ, ਭਾਰਤ ਦਾ ਰਾਸ਼ਟਰੀ ਬਹੁ-ਆਯਾਮੀ ਗਰੀਬੀ ਸੂਚਕਾਂਕ ਮਾਪ ਆਕਸਫੋਰਡ ਗਰੀਬੀ ਅਤੇ ਮਨੁੱਖੀ ਵਿਕਾਸ ਪਹਿਲਕਦਮੀ (ਓਪੀਐਚਆਈ) ਅਤੇ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਦੁਆਰਾ ਵਿਕਸਤ ਵਿਸ਼ਵ ਪੱਧਰ 'ਤੇ ਪ੍ਰਵਾਨਿਤ ਅਤੇ ਮਜ਼ਬੂਤ ਵਿਧੀ ਦੀ-ਵਰਤੋਂ ਕਰਦਾ ਹੈ। ਮਹੱਤਵਪੂਰਨ ਤੌਰ 'ਤੇ, ਬਹੁ-ਆਯਾਮੀ ਗਰੀਬੀ ਦੇ ਮਾਪ ਦੇ ਤੌਰ 'ਤੇ, ਇਹ ਪਰਿਵਾਰਾਂ ਦੁਆਰਾ ਦਰਪੇਸ਼ ਬਹੁ ਅਤੇ ਇੱਕੋ ਸਮੇਂ ਦੀ ਘਾਟ ਨੂੰ ਕੈਪਚਰ ਕਰਦਾ ਹੈ, ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ, ਭਾਰਤ ਦੇ ਬਹੁ-ਆਯਾਮੀ ਗਰੀਬੀ ਸੂਚਕਾਂਕ ਵਿੱਚ ਤਿੰਨ ਬਰਾਬਰ ਭਾਰ ਵਾਲੇ ਮਾਪ ਹਨ, ਸਿਹਤ, ਸਿੱਖਿਆ ਅਤੇ ਜੀਵਨ ਪੱਧਰ - ਜਿਸ ਨੂੰ 12 ਸੂਚਕਾਂ ਦੁਆਰਾ ਦਰਸ-ਾਇਆ ਗਿਆ ਹੈ ਜਿਵੇਂ ਕਿ ਪੋਸ਼ਣ, ਬਾਲ ਅਤੇ ਕਿਸ਼ੋਰ ਮੌਤ ਦਰ, ਜਨਮ ਤੋਂ ਪਹਿਲਾਂ ਦੀ ਦੇਖਭਾਲ, ਸਕੂਲ ਵਿੱਚ ਪੜ੍ਹਾਈ ਦੇ ਸਾਲ, ਸਕੂਲ ਵਿੱਚ ਹਾਜ਼ਰੀ, ਖਾਣਾ ਬਣਾਉਣ ਦਾ ਬਾਲਣ, ਸੈਨੀਟੇਸ਼ਨ। , ਪੀਣ ਵਾਲਾ ਪਾਣੀ, ਬਿਜਲੀ, ਰਿਹਾਇਸ਼, ਜਾਇਦਾਦ ਅਤੇ ਬੈਂਕ ਖਾਤੇ।

2015 ਵਿੱਚ 193 ਦੇਸ਼ਾਂ ਦੁਆਰਾ ਅਪਣਾਏ ਗਏ ਸਸਟੇਨੇਬਲ ਡਿਵੈਲਪਮੈਂਟ ਗੋਲਸ (ਂਧਘ) ਫਰੇਮਵਰਕ ਨੇ ਵਿਸ਼ਵ ਭਰ ਵਿੱਚ ਵਿਕਾਸ ਦੀ ਪ੍ਰਗਤੀ ਨੂੰ ਮਾਪਣ ਲਈ ਵਿਕਾਸ ਨੀਤੀਆਂ, ਸਰਕਾਰੀ ਤਰਜੀਹਾਂ ਅਤੇ ਮਾਪਦੰਡਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ।17 ਗਲੋਬਲ ਟੀਚਿਆਂ ਅਤੇ 169 ਟੀ-ਚਿਆਂ ਦੇ ਨਾਲ ਸਸਟੇਨੇਬਲ ਡਿਵੈਲਪਮੈਂਟ ਗੋਲਸ ਫਰੇਮਵਰਕ, ਇਸ ਦੇ ਪੂਰਵਗਾਮੀ, ਮਿਲੇਨੀਅਮ ਡਿਵੈਲਪਮੈਂਟ ਟੀਚਿਆਂ (MDG) ਦੇ ਸਬੰਧ ਵਿੱਚ ਦਾਇਰੇ ਅਤੇ ਪੈਮਾਨੇ ਵਿੱਚ ਕਾਫ਼ੀ ਚੌੜਾ ਹੈ। ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਨੇ ਆਪਣੇ ਮੁਖਬੰਧ ਵਿੱਚ ਕਿਹਾ, "ਭਾਰਤ ਦੇ ਰਾਸ਼ਟਰੀ ਬਹੁ-ਆਯਾਮੀ ਗਰੀਬੀ ਸੂਚਕਾਂਕ ਦਾ ਵਿਕਾਸ ਇੱਕ ਜਨਤਕ ਨੀਤੀ ਸਾਧਨ ਦੀ ਸਥਾਪਨਾ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ ਜੋ ਬਹੁ-ਆਯਾਮੀ ਗਰੀਬੀ ਦੀ ਨਿਗਰਾਨੀ ਕਰਦਾ ਹੈ, ਸਬੂਤ-ਆਧਾਰਿਤ ਅਤੇ ਕੇਂਦਰਿਤ ਦਖਲਅੰਦਾਜ਼ੀ ਨੂੰ ਸੂਚਿਤ ਕਰਦਾ ਹੈ, ਇਸ ਤਰ੍ਹਾਂ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਪਿੱਛੇ ਰਹਿ ਗਿਆ ਹੈ।"

ਸ਼੍ਰੀ ਕੁਮਾਰ ਨੇ ਅੱਗੇ ਕਿਹਾ ਕਿ ਭਾਰਤ ਦੀ ਪਹਿਲੀ ਰਾਸ਼ਟਰੀ ਬਹੁ-ਆਯਾਮੀ ਗਰੀਬੀ ਸੂਚਕਾਂਕ ਮਾਪ ਦੀ ਇਹ ਬੇਸਲਾਈਨ ਰਿਪੋਰਟ ਨੈਸ਼ਨਲ ਫੈਮਿਲੀ ਹੈਲਥ ਸਰਵੇ (ਐਨਐਫਐਚਐਸ) ਦੇ 2015-16 ਦੀ ਸੰਦਰਭ ਮਿਆਦ 'ਤੇ ਅਧਾਰਤ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਬਹੁ-ਆਯਾਮੀ ਗਰੀਬੀ ਸੂਚਕ ਅੰਕ ਦਾ ਨਿਰਮਾਣ 12 ਮੁੱਖ ਹਿੱਸਿਆਂ ਦੀ ਵਰਤੋਂ ਕਰਕੇ ਕੀਤਾ ਗਿਆ ਹੈ ਜੋ ਸਿਹਤ ਅਤੇ ਪੋਸ਼ਣ, ਸਿੱਖਿਆ ਅਤੇ ਜੀਵਨ ਪੱਧਰ ਵਰਗੇ ਖੇਤਰਾਂ ਨੂੰ ਕਵਰ ਕਰਦੇ ਹਨ।

# 'ਤੁਹਾਨੂੰ ਮਾਰਨ ਦਾ ਇਰਾਦਾ': ਗੰਭੀਰ ਨੂੰ ਮਿਲਿਆ ਦੂਜਾ ISIS ਮੇਲ'

## ਇਸ ਵਾਰ ਉਸ ਦੇ ਘਰ ਦੇ ਬਾਹਰ ਸ਼ੂਟ ਕੀਤੀ ਗਈ ਵੀਡੀਓ ਨਾਲ

ਕ੍ਰਿਕਟਰ ਤੋਂ ਸਿਆਸਤਦਾਨ ਬਣੇ ਗੌਤਮ ਗੰਭੀਰ ਨੂੰ ਈਮੇਲ ਪਤੇ i'isskashimr@gmial.com' ਤੋਂ ਦੂਜੀ ਧਮਕੀ ਭਰੀ ਈਮੇਲ ਮਿਲੀ ਹੈ।

ਭਾਜਪਾ ਦੇ ਸੰਸਦ ਮੈਂਬਰ ਗੌਤਮ ਗੰਭੀਰ ਨੇ ਬੁੱਧਵਾਰ ਨੂੰ ਮਿਲੀ ਦੂਜੀ ਧਮਕੀ ਭਰੀ ਈਮੇਲ 'ਤੇ ਦਿੱਲੀ ਪੁਲਿਸ ਕੋਲ ਪਹੁੰਚ ਕੀਤੀ ਹੈ। ਦੂਜੀ ਈਮੇਲ ਈਮੇਲ ਆਈਡੀi"isskashimr@gmial.com" ਤੋਂ ਭੇਜੀ ਗਈ ਸੀ।ਇੰਡੀਆ ਟੂਡੇ ਦੁਆਰਾ ਐਕਸੈਸ ਕੀਤੀ ਗਈ ਦੂਜੀ ਈਮੇਲ ਵਿੱਚ ਲਿਖਿਆ ਹੈ: "ਅਸੀਂ ਤੁਹਾਨੂੰ ਮਾਰਨ ਦਾ ਇਰਾਦਾ ਰੱਖਦੇ ਸੀ, ਪਰ ਤੁਸੀਂ ਕੱਲ੍ਹ ਬਚ ਗਏ।""ਜੇਕਰ ਤੁਸੀਂ ਆਪਣੇ ਪਰਿਵਾਰ ਦੀ ਜ਼ਿੰਦਗੀ ਨੂੰ ਪਿਆਰ ਕਰਦੇ ਹੋ, ਤਾਂ ਰਾਜਨੀਤੀ ਅਤੇ ਕਸ਼ਮੀਰ ਮੁੱਦੇ ਤੋਂ ਦੂਰ ਰਹੋ," ਈਮੇਲ ਪੜ੍ਹਦੀ ਹੈ।ਗੌਤਮ ਗੰਭੀਰ ਨੂੰ ਆਈਐਸਆਈਐਸ ਕਸ਼ਮੀਰ ਤੋਂ ਮਿਲੀ ਜਾਨੋਂ ਮਾਰਨ ਦੀ ਧਮਕੀ, ਘਰ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ

ਇਸ ਤੋਂ ਇਲਾਵਾ, ਦੂਜੀ ਈਮੇਲ ਵਿੱਚ ਗੌਤਮ ਗੰਭੀਰ ਦੇ ਦਿੱਲੀ ਸਥਿਤ ਘਰ ਦੇ ਬਾਹਰ ਸ਼ੂਟ ਕੀਤੀ ਗਈ ਇੱਕ ਵੀਡੀਓ ਦੀ ਅਟੈਚਮੈਂਟ ਹੈ।ਇਸ ਤੋਂ ਪਹਿਲਾਂ ਬੁੱਧਵਾਰ ਨੂੰ, ਪੂਰਬੀ ਦਿੱਲੀ ਤੋਂ ਭਾਜਪਾ ਦੇ ਸੰਸਦ ਮੈਂਬਰ ਗੰਭੀਰ ਨੇ "ISIS ਕਸ਼ਮੀਰ" ਤੋਂ ਇੱਕ ਧਮਕੀ ਭਰੀ ਈਮੇਲ 'ਤੇ ਪੁਲਿਸ ਕੋਲ ਪਹੁੰਚ ਕੀਤੀ ਸੀ। ਪਹਿਲੀ ਈਮੇਲ ਵਿੱਚ ਲਿਖਿਆ ਸੀ, "ਅਸੀਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਮਾਰਨ ਜਾ ਰਹੇ ਹਾਂ"।ਡੀਸੀਪੀ (ਸੈਂਟਰਲ) ਸ਼ਵੇਤਾ ਚੌਹਾਨ ਨੇ ਇੰਡੀਆ ਟੂਡੇ ਨੂੰ ਦੱਸਿਆ ਕਿ ਭਾਜਪਾ ਸੰਸਦ



ਗੌਤਮ ਗੰਭੀਰ ਦੀ ਤਰਫੋਂ ਗੌਰਵ ਅਰੋੜਾ ਦੀ ਸ਼ਿਕਾਇਤ ਦੇ ਆਧਾਰ 'ਤੇ ਇਸ ਸਬੰਧ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। 23 ਨਵੰਬਰ ਨੂੰ ਦਿੱਲੀ ਪੁਲਿਸ ਨੂੰ ਦਿੱਤੀ ਲਿਖਤੀ ਸ਼ਿਕਾਇਤ ਵਿੱਚ, ਸੰਸਦ ਮੈਂਬਰ ਦੇ ਨਿੱਜੀ ਸਕੱਤਰ, ਗੌਰਵ ਅਰੋੜਾ ਨੇ ਦੱਸਿਆ ਕਿ ਪਹਿਲੀ ਈਮੇਲ ਮੰਗਲਵਾਰ ਰਾਤ 9।32 ਵਜੇ ਪ੍ਰਾਪਤ ਹੋਈ ਸੀ।

ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਕੇਂਦਰੀ ਜ਼ਿਲ੍ਹਾ ਪੁਲਿਸ ਦਾ ਸਾਈਬਰ ਸੈੱਲ ਉਸ ਈਮੇਲ ਪਤੇ ਦੀ ਪੁਸ਼ਟੀ ਕਰ ਰਿਹਾ ਹੈ ਜਿਸ ਤੋਂ ਧਮਕੀ ਭਰੇ ਈਮੇਲ ਭੇਜੇ ਗਏ ਸਨ। ਪੁਲਿਸ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰਾਜੇਂਦਰ ਨਗਰ ਵਿੱਚ ਸੰਸਦ ਮੈਂਬਰ ਦੀ ਰਿਹਾਇਸ਼ ਦੇ ਬਾਹਰ ਸੁਰੱਖਿਆ ਨੂੰ ਸਾਵਧਾਨੀ ਵਜੋਂ ਵਧਾ ਦਿੱਤਾ ਗਿਆ ਹੈ।

# ਪੁਸਤਕ ਰਿਵਿਊ




**ਸ਼ਬਦਾਂਗ**

**ਰੀਵਿਊਕਾਰ: ਬਲਜਿੰਦਰ ਮਾਨ 98150-18947**

**ਲੇਖਕ: ਜਗਤਾਰ ਸਿੰਘ ਸੋਖੀ**

**ਪ੍ਰਕਾਸ਼ਕ: ਕੈਲੀਬਰ ਪਬਲੀਕੇਸ਼ਨ ਪਟਿਆਲਾ, ਪੰਨੇ:152, ਮੁੱਲ:200/-**


ਫਿਰੋਜ਼ਪੁਰ ਦੇ ਮੁਦਕੀ ਵਿਚ ਵਸਦੇ ਖੋਜੀ ਬਿਰਤੀ ਦੇ ਮਾਲਕ ਲੇਖਕ ਜਗਤਾਰ ਸਿੰਘ ਸੋਖੀ ਦੀ ਹੱਥਲੀ ਪੁਸਤਕ ਸ਼ਬਦਾਂਗ ਨਵੀਂ ਪਨੀਰੀ ਨੂੰ ਵਿਰਾਸਤੀ ਸ਼ਬਦਾਂ ਨਾਲ ਜੋੜਦੀ ਹੈ।ਇਸ ਤੋਂ ਪਹਿਲਾਂ ਉਹ ਬੱਚਿਆਂ ਦੀ ਲਿਖਾਈ ਸੁਧਾਰਨ ਵਾਸਤੇ ਫੱਟੀਆਂ ਤੇ ਅਨੇਕਾਂ ਸੁਨੇਹੇ ਦਿੰਦਾ ਰਿਹਾ ਤੇ ਦੇ ਰਿਹਾ ਹੈ।ਹਰ ਪਲ ਕਲਾ ਅਤੇ ਕਲਾਕਾਰਾਂ ਲਈ ਕਾਰਜਸ਼ੀਲ ਇਸ ਲੇਖਕ ਕੋਲ ਭਾਸ਼ਾਵਾਂ ਦਾ ਚੰਗਾ ਗਿਆਨ ਵਿਗਿਆਨ ਹੈ।ਜਿਸ ਦੇ ਜ਼ਰੀਏ ਉਹ ਪੁਰਾਤਨ ਸਮੇਂ ਵਿਚ ਵਰਤੇ ਜਾਣ ਵਾਲੇ ਸ਼ਬਦਾਂ ਦੇ ਅਰਥਾਂ ਨੂੰ ਨਵੀਂ ਪਨੀਰੀ ਹਵਾਲੇ ਕਰਦਾ ਰਹਿੰਦਾ ਹੈ।ਸਿੱਖਿਆ ਵਿਭਾਗ ਰਾਹੀ ਤਾਂ ਉਸਨੇ ਹਰ ਬੱਚੇ ਤਕ ਆਪਣੀ ਇਸ ਪਹਿਲ ਨੂੰ ਪਹੁੰਚਾਇਆ ਹੈ।ਨਵੇਂ ਸ਼ਬਦਾਂ ਨਾਲ ਬੱਚਿਆਂ ਦੀ ਸਾਂਝ ਸਵੇਰ ਦੀ ਸਭਾ ਵਿਚ ਪੁਆਈ ਜਾਂਦੀ ਹੈ।ਇਹ ਸਾਰਾ ਖੋਜ ਕਾਰਜ ਜਗਤਾਰ ਸਿੰਘ ਸੋਖੀ ਦੀ ਘਾਲਣਾ ਦਾ ਸਿੱਟਾ ਹੈ।ਵਿਰਾਸਤੀ ਸ਼ਬਦਾਂ ਦੀ ਖੋਜ ਕਰਦਿਆਂ ਉਸਨੇ ਕਈ ਨਵੇਂ ਤੇ ਨਰੋਏ ਤਜਰਬੇ ਵੀ ਕੀਤੇ ਹਨ।ਇਹਨਾਂ ਅਨੁਭਵਾਂ ਨੇ ਉਸ ਅੰਦਰ ਹੋਰ ਗਹਿਰੀ ਅਤੇ ਨਰੋਈ ਖੋਜ ਦੇ ਰਾਹ ਤਿਆਰ ਕੀਤੇ ਹਨ।

ਪੁਸਤਕ 'ਸ਼ਬਦਾਂਗ' ਪੰਜਾਬੀ ਮਾਂ ਬੋਲੀ ਦੇ ਵਿੱਸਰ ਰਹੇ ਸ਼ਬਦਾਂ ਦਾ ਕੋਸ਼ ਹੈ।ਇਸ ਕੋਸ਼ ਦੀ ਮਦਦ ਨਾਲ ਪਾਠਕ ਆਪਣੇ ਗਿਆਨ ਵਿਚ ਵਾਧਾ ਕਰਨ ਦੇ ਨਾਲ ਨਾਲ ਉਹ ਵਿਰਾਸਤੀ ਸ਼ਬਦਾਂ ਦੇ ਮਨੋਰੰਜਕ ਸੰਸਾਰ ਦਾ ਵੀ ਆਨੰਦ ਮਾਣਦੇ ਹਨ।ਲੇਖਕ ਨੇ ਹਰ ਸ਼ਬਦ ਦੀ ਗਹਿਰਾਈ ਤਕ ਜਾਣ ਦੀ ਕੋਸ਼ਿਸ਼ ਕੀਤੀ ਹੈ।ਸ਼ਬਦਾਂ ਦੇ ਵਿਸ਼ਾਲ ਅਰਥਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।ਨਵੀਂ ਪਨੀਰੀ ਦੀ ਸਾਂਝ ਅੰਗਰੇਜ਼ੀ ਨਾਲ ਤਾਂ ਹੈ ਪਰ ਅਰਬੀ, ਫਾਰਸੀ, ਉਰਦੂ ਅਤੇ ਹਿੰਦੀ ਦੇ ਸ਼ਬਦਾਂ ਨਾਲ ਘੱਟ ਹੈ।ਇਸ ਸ਼ਬਦਕੋਸ਼ ਰਾਹੀਂ ਉਹਨਾਂ ਨੂੰ ਹਰ ਸ਼ਬਦ ਦੇ ਕਈ ਕਈ ਅਰਥ ਪੜ੍ਹਨ ਨੂੰ ਮਿਲਦੇ ਹਨ।ਜਿਸ ਕਰਕੇ ਪਾਠਕਾਂ ਅੰਦਰ ਹੋਰ ਭਸ਼ਾਵਾਂ ਦਾ ਵੀ ਸ਼ਬਦ ਭੰਡਾਰ ਭਰਿਆ ਜਾਂਦਾ ਹੈ।ਨਵੇਂ ਸ਼ਬਦਾਂ ਨਾਲ ਸਾਂਝ ਪਾ ਕੇ ਉਹ ਆਪਣੇ ਦਿਮਾਗ ਨੂੰ ਅਮੀਰ ਹੋਇਆ ਮਹਿਸੂਸ ਕਰਦੇ ਹਨ।ਇਹਨਾਂ ਸ਼ਬਦਾਂ ਦੀ ਵਰਤੋਂ ਅਜੋਕੇ ਲੇਖਕਾਂ ਵਲੋਂ ਆਪਣੀਆਂ ਰਚਨਾਵਾਂ ਵਿਚ ਘੱਟ ਵਰਤੀ ਜਾਣ ਕਰਕੇ ਹੀ ਨਵੀਂ ਪਨੀਰੀ ਦੇ ਸ਼ਬਦ ਭੰਡਾਰ ਵਿਚ ਸ਼ਾਮਲ ਨਹੀਂ ਹਨ।ਜਿਨ੍ਹਾਂ ਲੇਖਕਾਂ ਵਲੋਂ ਬੋਲੀ ਦੀ ਠੇਠਦਾ ਨੂੰ ਕਾਇਮ ਰੱਖਿਆ ਜਾਂਦਾ ਹੈ।ਉਹਨਾਂ ਦੇ ਪਾਠਕਾਂ ਦਾ ਘੇਰਾ ਬਾਕੀਆਂ ਨਾਲੋਂ ਵਿਸ਼ਾਲ ਹੋ ਜਾਂਦਾ ਹੈ।ਲੇਖਕ ਦੇ ਇਸ ਸ਼ਲਾਘਾਯੋਗ ਉਪਰਾਲੇ ਨਾਲ ਸਕੂਲੀ ਵਿਦਿਅਰ-ਥੀਆਂ ਨੂੰ ਪੰਜਾਬੀ ਭਾਸ਼ਾ ਦੀ ਅਮੀਰੀ ਦਾ ਵੀ ਗਿਆਨ ਹੁੰਦਾ ਹੈ।ਲੇਖਕ ਨੇ ਸ਼ਬਦਕੋਸ਼ ਦੇ ਅਖੀਰ ਵਿਚ ਵਿਸਥਾਰਿਤ ਅਰਥਾਂ ਵਾਲੇ ਸ਼ਬਦ ਦਰਜ ਕਰਕੇ ਇਸਦੇ ਮੁੱਲ ਵਿਚ ਚੋਖਾ ਵਾਧਾ ਕਰ ਦਿੱਤਾ ਹੈ। ਇਹਨਾਂ ਵਿਚ ਨਮੂਨੇ ਵਜੋਂ ਇਕ ਸ਼ਬਦ ਦਾ ਅਰਥ ਵੇਖ ਲੈਂਦੇ ਹਾਂ। ਮਝੇਰ ਚਰਖੇ ਦੇ ਚੱਕਰ ਵਰਗੇ ਪਹੀਆਂ ਦੇ ਵਿਚਾਲੇ ਗੋਲ ਲੱਕੜ ਦਾ ਇਕ ਗੁਟਕਾ ਜਿਸ ਵਿਚ ਲੱਠ ਚਲਦੀ ਹੈ; ਨੂੰ ਮਝੇਰੂ ਕਿਹਾ ਜਾਂਦਾ ਹੈ।ਇਹ ਪੁਸਤਕ ਸਿੱਖਿਆ ਵਿਭਾਗ ਨੂੰ ਹਰ ਸਕੂਲ ਵਿਚ ਪੁਜਦੀ ਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ।ਸ਼ਬਦਾਂ ਦੇ ਬਗੀਚੇ ਦੇ ਮਹਿਕ ਤੇ ਟਹਿਕ ਮਾਨਣ ਲਈ ਇਹ ਪੁਸਤਕ ਸਾਨੂੰ ਬੱਚਿਆਂ ਨੂੰ ਖਾਸ ਮੌਕਿਆਂ ਤੇ ਉਹਨਾਂ ਨੂੰ ਤੋਹਫੇ ਵਜੋਂ ਭੇਂਟ ਕਰਨੀ ਚਾਹੀਦੀ ਹੈ।ਅਜਿਹਾ ਕਰਨ ਨਾਲ ਹੀ ਲੇਖਕ ਦੀ ਮਹਿਨਤ ਨੂੰ ਬੂਰ ਪਵੇਗਾ।

ਅੰਤਰਰਾਸ਼ਟਰੀ ਗੁਲਾਮੀ ਖਾਤਮਾ ਦਿਵਸ ਸਬੰਧੀ ਵਿਸ਼ੇਸ਼

# ਦੁਨੀਆਂ ਵਿੱਚ ਲੱਗਭੱਗ 03 ਕਰੋੜ ਲੋਕ ਗੁਲਾਮੀ ਵਿੱਚ ਫਸੇ ਹੋਏ ਹਨ

2 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਗੁਲਾਮੀ ਪ੍ਰਥਾ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਮਨੁਖੀ ਸਭਿੱਅਤਾ ਸ਼ੁਰੂ ਵਿੱਚ ਬਿਲਕੁੱਲ ਅਜਾਦ ਸੀ ਪਰੰਤੂ ਹੋਲੀ ਹੋਲੀ ਕੁੱਝ ਲੋਕਾਂ ਨੇ ਬਾਕੀਆਂ ਨੂੰ ਗੁਲਾਮ ਬਣਾਉਣਾ ਸ਼ੁਰੂ ਕਰ ਦਿਤਾ। ਸਮੇਂ ਸਮੇਂ ਤੇ ਗੁਲਾਮੀ ਪ੍ਰਥਾ ਨੂੰ ਰੋਕਣ ਲਈ ਅਵਾਜ਼ ਬੁਲੰਦ ਕੀਤੀ ਗਈ ਹੈ ਅਤੇ ਇਸਨੂੰ ਖਤਮ ਕਰਨ ਲਈ ਕਨੂੰਨ ਬਣਾਏ ਗਏ ਹਨ। ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪ੍ਰੰਤੂ ਗੁਲਾਮੀ ਵਰਗੀ ਪ੍ਰਥਾ ਅਜੇ ਵੀ ਕਾਇਮ ਹੈ। ਲੱਗਭੱਗ 3000 ਸਾਲ ਪਹਿਲਾਂ ਗੁਲਾਮੀ ਦੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਜਿਸ ਅਨੁਸਾਰ ਗੁਲਾਮ ਔਰਤ ਤੋਂ ਪੈਦਾ ਹੋਇਆ ਬੱਚਾ ਗੁਲਾਮ ਰਹੇਗਾ, ਤੋਹਫੇ ਵਿੱਚ ਮਿਲਿਆ ਗੁਲਾਮ ਵਿਅੱਕਤੀ ਗੁਲਾਮ ਹੀ ਰਹੇਗਾ, ਖ੍ਰੀਦਿਆ ਗਿਆ ਗੁਲਾਮ ਵਿਅਕਤੀ ਗੁਲਾਮ ਹੀ ਹੋਵੇਗਾ, ਜਿਸ ਵਿਅਕਤੀ ਨੇ ਭੁੱਖ ਤੋਂ ਬਚਣ ਲਈ ਮਜ਼ਬੂਰੀਵਸ ਗੁਲਾਮੀ ਸਵਿਕਾਰ ਕੀਤੀ ਹੋਵੇ, ਜਿਸ ਵਿਅਕਤੀ ਨੂੰ ਜੰਗ ਵਿੱਚ ਗ੍ਰਿਫਤਾਰ ਕੀਤਾ ਹੋਵੇ, ਜਿਸ ਵਿਅਕਤੀ ਨੇ ਪੈਸੇ ਲੈਕੇ ਗੁਲਾਮੀ ਸਵਿਕਾਰ ਕੀਤੀ ਹੋਵੇ, ਕਿਸੇ ਵਿਸੇਸ਼ ਜਾਤ, ਨਸਲ ਆਦਿ ਨਾਲ ਸਬੰਧਿਤ ਵਿਅਕਤੀ ਗੁਲਾਮ ਹੋਵੇਗਾ। 02 ਦਸੰਬਰ, 1949 ਨੂੰ ਇਸ ਸਬੰਧੀ ਯੂਨਾਇਟਡ ਨੇਸ਼ਨਜ ਦੀ ਜਨਰਲ ਅਸੈਂਬਲੀ ਵਲੋਂ ਮਤਾ ਨੰਬਰ 317-(4) ਪਾਸ ਕੀਤਾ ਗਿਆ ਸੀ। 02 ਦਸੰਬਰ, 1985 ਨੂੰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕਰਨ ਵਾਲੇ ਸਮੂਹ ਨੇ ਯੂਨਾਇਟਡ ਨੇਸ਼ਨਜ਼ ਵਿੱਚ ਅਪਣੀ ਰਿਪੋਰਟ ਪੇਸ ਕੀਤੀ ਅਤੇ 02 ਦਸੰਬਰ ਦਾ ਦਿਨ ਵਿਸ਼ਵ ਪੱਧਰ ਤੇ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਉਣ ਲਈ ਸੁਝਾਓ ਦਿਤਾ। 1995 ਤੋਂ ਇਹ 02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਜਾਣਿਆਂ ਜਾਂਦਾ ਹੈ। 18 ਦਸੰਬਰ, 2002 ਨੂੰ ਯੂਨਾਇਟਡ ਨੇਸ਼ਨਜ਼ ਦੀ ਜਨਰਲ ਅਸੈਂਬਲੀ ਨੇ ਸਾਲ 2004 ਨੂੰ ਗੁਲਾਮੀ ਵਿਰੋਧੀ ਅਤੇ ਗੁਲਾਮੀ ਖਾਤਮਾ ਦਿਵਸ ਵਜੋਂ ਘੋਸਿਤ ਕੀਤਾ ਸੀ। ਗੁਲਾਮੀ ਨੂੰ ਖਤਮ ਕਰਨ ਲਈ ਚੁੱਕੇ ਗਏ ਕਦਮਾਂ ਦੇ ਬਾਬਜੂਦ ਵਿਸ਼ਵ ਵਿੱਚ ਲੱਗਭੱਗ 03 ਕਰੋੜ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ ਅਤੇ ਦੁਨੀਆਂ ਦੇ ਲੱਗਭੱਗ ਅੱਧੇ ਗੁਲਾਮ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਦੇਸ਼ ਵਿੱਚ ਰਹਿੰਦੇ ਹਨ। ਅਸਟ੍ਰੇਲੀਆ ਦੇ ਮਨੁਖੀ ਅਧਿਕਾਰ ਸੰਗਠਨ ਵਾਕ ਫਰੀ ਫਾਊਂਡੇਸ਼ਨ ਵਲੋਂ ਵਿਸ਼ਵ ਗੁਲਾਮੀ ਸੂਚਕਾਂਕ ਸਬੰਧੀ ਜਾਰੀ ਕੀਤੀ ਗਈ ਰਿਪੋਰਟ ਵਿੱਚ ਹੈਰਾਨੀਜਨਕ ਸੱਚ ਸਾਹਮਣੇ ਆਇਆ ਹੈ। ਗੁਲਾਮੀ ਵਿੱਚ ਫਸੇ ਵਿਅਕਤੀਆਂ ਦੀ ਗਿਣਤੀ ਵਿੱਚ ਭਾਰਤ ਦਾ ਨਾਮ ਸਭ ਤੋਂ ਉਪਰ ਹੈ ਅਤੇ ਗਲੋਬਲ ਸਲੇਵਰੀ ਸੂਚਕਾਂਕ ਅਨੁਸਾਰ ਦੁਨੀਆਂ ਭਰ ਵਿੱਚ 3.60 ਕਰੋੜ ਲੋਕ ਗੁਲਾਮੀ ਦਾ ਜੀਵਨ ਗੁਜ਼ਾਰ ਰਹੇ ਹਨ। ਇਸ ਰਿਪੋਰਟ ਵਿੱਚ ਵਿਸ਼ਵ ਦੇ 167 ਦੇਸ਼ਾਂ ਵਿੱਚ ਨਾਗਰਿਕ ਪੱਧਰ ਤੇ ਸਰਵੇਖਣ ਅਤੇ ਖੋਜ ਕੀਤੀ ਗਈ ਹੈ ਜਿਸ ਅਨੁਸਾਰ ਭਾਰਤ ਗੁਲਾਮੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਤੇ ਹੈ ਅਤੇ ਇੱਥੇ ਲੱਗਭੱਗ 1.43 ਕਰੋੜ ਵਿਅਕਤੀ, ਜਦਕਿ ਚੀਨ ਦੂਸਰੇ ਸਥਾਨ ਤੇ ਜਿੱਥੇ 3240000 ਵਿਅਕਤੀ ਅਤੇ ਪਾਕਿਸਤਾਨ ਤੀਸਰੇ ਸਥਾਨ ਤੇ ਹੈ ਜਿੱਥੇ 2060000 ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ। ਰਿਪੋਰਟ ਦੇ ਮੁਤਾਬਿਕ, ਭਾਰਤ ਅਤੇ ਪਾਕਿਸਤਾਨ ਵਿੱਚ ਇਸ ਤਰ੍ਹਾਂ ਦੇ ਲੋਕਾਂ ਦੀ ਸੰਖਿਆ ਵਿਸ਼ਵ ਦੇ 45 ਫੀਸਦੀ ਲੋਕਾਂ ਦੇ ਬਰਾਬਰ ਹੈ। 2.35 ਕਰੋੜ ਲੋਕ ਏਸ਼ੀਆ ਵਿੱਚ ਗੁਲਾਮੀ ਦਾ ਜੀਵਨ ਜੀਅ ਰਹੇ ਹਨ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਉਜ਼ਬੇਕਿਸਤਾਨ ਵਿੱਚ 12 ਲੱਖ ਅਤੇ ਰੂਸ ਵਿੱਚ 1050000 ਲੋਕ ਗੁਲਾਮੀ ਵਿੱਚ ਰਹਿ ਰਹੇ ਹਨ। ਇਸ ਰਿ-ਪੋਰਟ ਵਿੱਚ ਗੁਲਾਮੀ ਨੂੰ ਆਧੁਨਿਕ ਅਰਥਾਂ ਵਿੱਚ ਦੱਸਿਆ ਗਿਆ ਹੈ ਨਾ ਕਿ ਪਰੰਪਰਿਕ ਅਰਥਾਂ ਵਿੱਚ ਜਿੱਥੇ ਸਿਰਫ ਉਹਨਾਂ ਲੋਕਾਂ ਨੂੰ ਹੀ ਗੁਲਾਮ ਮੰਨਿਆ ਜਾਂਦਾ ਸੀ, ਜੋ ਕਿਸੇ ਦੀ ਕੈਦ ਵਿੱਚ ਰਹਿੰਦੇ ਸੀ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਦੇ ਅਨੁਸਾਰ ਹੀ ਤਕਰੀਬਨ 2 ਕਰੋੜ ਲੋਕਾਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਹਰ ਦੇਸ਼ ਵਿੱਚ ਗੁਲਾਮੀ ਨਾਲ ਜੁੜੀਆਂ ਸਮੱਸਿਆਵਾਂ ਹਨ। ਇਸ ਰਿਪੋਰਟ ਅਨੁਸਾਰ ਏਸ਼ੀਆ ਅਤੇ ਅਫਰੀਕਾ ਵਿੱਚ ਗੁਲਾਮੀ ਨੂੰ ਖਤਮ ਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਭਾਰਤ ਦੀ ਇਸ ਮਾੜੀ ਹਾਲਾਤ ਲਈ ਦੇਸ਼ ਵਿੱਚ ਨਾਗਰਿਕਾਂ ਦੇ ਖਰਾਬ ਹਾਲਾਤ ਜਿੰਮੇਵਾਰ ਹਨ। ਸਰਕਾਰ ਦੁਆਰਾ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦੇਣ ਪ੍ਰਤੀ ਲਾਪਰਵਾਹੀ ਵਰਤੀ ਜਾ ਰਹੀ ਹੈ।




ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚਦੀਆਂ ਹਨ ਅਤੇ ਗਰੀਬਾਂ ਦੀ ਹਾਲਤ ਅਤਿ ਖਸਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਆਪਣੀ 2018 ਦੀ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਤੇਜ਼ ਆਰਥਿਕ ਵਿਕਾਸ ਦਾ ਦਾਅਵਾ ਕਰਨ ਵਾਲਾ ਭਾਰਤ ਅੱਜ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿਜਿਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੁਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ ਸਭ ਤੋਂ ਗਰੀਬ 20ਗ਼ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਸਾਰਾ ਪੈਸਾ ਅਤੇ ਸਾਧਨ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰ੍ਹਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ। ਇਹੀ ਅਮੀਰ ਲੋਕ ਹੀ ਇਸ ਦੇਸ਼ ਦੇ ਨੀਤੀ ਨਿਰਮਾਤਾ ਹਨ। ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ। ਗਰੀਬ ਸਿਰਫ ਅੰਕੜੇ ਬਣ-ਾਉਣ ਜਾਂ ਬਣਨ ਦੇ ਲਈ ਹੀ ਹਨ। ਦੇਸ਼ ਦੀਆਂ ਸੜਕਾਂ ਤੇ ਨਵੀਆਂ ਨਵੀਆਂ ਦੋੜਦੀਆਂ ਲਗਜ਼ਰੀ ਕਾਰਾਂ, ਲਗਾਤਾਰ ਖੁੱਲਦੇ ਮਾਲ ਅਤੇ ਅਜਿਹੀਆਂ ਹੀ ਹੋਰ ਗਤੀਵਿਧੀਆਂ ਨਿਸ਼ਚਿਤ ਤੌਰ ਤੇ ਵਿਕਾਸ ਦੀਆਂ ਸੂਚਕ ਹਨ, ਪਰ ਇਹ ਵੀ ਸੱਚ ਹੈ ਕਿ ਦੇਸ ਵਿੱਚ ਬਹੁਤੇ ਲੋਕਾਂ ਲਈ ਦੋ ਜੂਨ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਵਿਸ਼ਵ ਬੈਂਕ ਨੇ ਭਾਰਤ ਵਿੱਚ ਗਰੀਬੀ ਦੇ ਬਾਰੇ ਜੋ ਅੰਕੜੇ ਪੇਸ਼ ਕੀਤੇ ਹਨ ਉਹ ਵੀ ਹੈਰਾਨੀਜਨਕ ਹਨ। ਇਸ ਸੰਸਥਾ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਸਿਰਫ ਨਾਰਿਆਂ ਅਤੇ ਭਾਸ਼ਣਾਂ ਵਿੱਚ ਵਿਕਾਸ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਦੇ ਲਈ ਵਿਸ਼ਵ ਗੁਲਾਮੀ ਸੁਚਕਾਂਕ ਦੀ ਇਹ ਰਿਪੋਰਟ ਅੱਖਾਂ ਖੋਲਣ ਵਾਲੀ ਹੈ। ਅੱਜ ਦੇਸ਼ ਵਿੱਚ ਹਾਲਾਤ ਅਜਿਹੇ ਹਨ ਕਿ ਆਮ ਆਦਮੀ ਦੀ ਸੁਣਨ ਵਾਲਾ ਕੋਈ ਨਹੀਂ ਹੈ ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ। ਦੇਸ਼ ਵਿੱਚ ਦਿਖ ਰਿਹਾ ਕਾਗਜ਼ੀ ਵਿਕਾਸ ਕਿਸਦੇ ਲਈ ਹੈ ਅਤੇ ਕਿਸਨੂੰ ਲਾਭ ਪਹੁੰਚਾ ਰਿਹਾ ਹੈ, ਇਹ ਇੱਕ ਵੱਡਾ ਪ੍ਰਸ਼ਨ ਹੈ।



ਕੁਲਦੀਪ ਚੰਦ
91-9417563054

ਦੇਸ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ। ਵਿਸ਼ਵ ਦੇ ਸਭਤੋਂ ਵੱਡੇ ਲੋਕਤੰਤਰ ਵਿੱਚ ਵਿਸ਼ਵ ਦੇ ਸਭਤੋਂ ਵੱਧ ਗੁਲਾਮ ਹੋਣਾ ਅਤਿ ਚਿੰਤਾ ਦਾ ਵਿਸ਼ਾ ਹੈ।

ਸਾਡੇ ਦੇਸ ਵਿੱਚ ਸਮੇਂ ਸਮੇਂ ਤੇ ਸਮਾਜ ਦੇ ਚਿੰਤਕਾਂ ਅਤੇ ਸੁਧਾਰਕਾਂ ਨੇ ਗੁਲਾਮੀ ਦੇ ਇਸ ਚੁੰਗਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਚਲਾਈ ਹੈ ਪਰ ਦੇਸ ਵਿੱਚ ਸਭਤੋਂ ਵੱਡੀ ਗੁਲਾਮਾਂ ਦੀ ਗਿਣਤੀ ਇਹ ਸਾਬਿਤ ਕਰਦੀ ਹੈ ਕਿ ਉਹ ਮੁਹਿੰਮ ਸਫਲ ਨਹੀਂ ਹੋ ਸਕੀ ਹੈ। ਭਾਰਤੀ ਦੰਡ ਸਹਿੰਤਾ 1860 ਦੀ ਧਾਰਾ 374 ਅਨੁਸਾਰ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਕਿਸੇ ਵਿਅਕਤੀ ਨੂੰ ਉਸਦੀ ਮਰਜ਼ੀ ਤੋਂ ਬਿਨ੍ਹਾਂ ਕੰਮ ਕਰਨ ਲਈ ਕਨੂੰਨ ਵਿਰੁੱਧ ਮਜ਼ਬੂਰ ਕਰੇਗਾ ਤਾਂ ਉਸਨੂੰ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ। ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 23 ਅਨੁਸਾਰ ਵੀ ਮਨੁਖੀ ਵਪਾਰ, ਜਬਰੀ ਮਜਦੂਰੀ ਅਤੇ ਬੇਗਾਰ ਤੇ ਪਬੰਦੀ ਲਗਾਈ ਗਈ ਹੈ। ਕਨੂੰਨ ਹੋਣ ਦੇ ਬਾਬਜੂਦ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਸਭਤੋਂ ਵੱਧ ਗੁਲਾਮਾਂ ਦੀ ਗਿਣਤੀ ਸਾਡੀਆਂ ਸਰਕਾਰਾਂ ਲਈ ਸ਼ਰਮਨਾਕ ਹੈ ਅਤੇ ਦੇਸ ਨੂੰ ਇਸ ਕਲੰਕ ਤੋਂ ਮੁਕੱਤ ਕਰਨ ਲਈ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ। ਦੇਸ਼ ਦੇ ਸਾਧਨਾ ਵਿਸ਼ੇਸ ਤੋਰ ਤੇ ਜੀਵਨ ਜਿਉਣ ਲਈ ਜਰੂਰੀ ਸਾਧਨਾਂ ਦੀ ਸਹੀ ਵੰਡ ਕਰਨੀ ਪਵੇਗੀ ਤਾਂ ਜੋ ਕੋਈ ਸਾਧਨਹੀਣ ਨਾਂ ਰਹੇ।

# "ਜਾਤੀ ਭੇਦ ਦਾ ਬੀਜ਼ ਨਾਸ਼" ਕਰਕੇ ਹੀ ਦੇਸ਼ ਪ੍ਰਬੁੱਧ ਭਾਰਤ ਬਣ ਸਕਦਾ ਹੈ

1936 ਚ ਬਾਬਾ ਸਾਹਿਬ ਅੰਬੇਡਕਰ ਨੇ ਜਾਤੀ ਵਿਵਸਥਾ ਨੂੰ ਸਮਤਾ, ਸਮਾਨਤਾ ਤੇ ਭਾਈਚਾਰੇ ਲਈ ਖ਼ਤਰਾ ਮਹਿਸੂਸ ਕਰਦਿਆਂ ਕਿਹਾ ਸੀ ਕਿ "ਆਪ ਚਾਹੇ ਜਿਧਰ ਵੀ ਦੇਖੋ ਜਾਤ ਦਾ ਭੂਤ ਆਪ ਦੀ ਤਰੱਕੀ ਦੇ ਰਾਹ ਵਿਚ ਰੋੜਾ ਬਣਕੇ ਆਏਗਾ।" ਆਜ਼ਾਦੀ ਤੋਂ ਬਾਅਦ ਵੀ ਬ੍ਰਾਹਮਣਵਾਦੀ ਸਰਕਾਰ ਦਲਿਤ ਸ਼ੋਸ਼ਿਤ ਸਮਾਜ ਦੀ ਤਰੱਕੀ ਦੇ ਰਾਹ ਵਿਚ (ਜਾਤੀ ਦੇ ਆਧਾਰ ਤੇ) ਰੁਕਾਵਟ ਬਣਦੀ ਆ ਰਹੀ ਹੈ। ਜਾਤੀ ਦੇ ਆਧਾਰ ਤੇ ਦਲਿਤ ਸ਼ੋਸ਼ਿਤ ਸਮਾਜ ਤੇ ਘਿਨਾਉਣੇ ਜ਼ੁਲਮ ਹੋਏ ਹਨ।

ਬਾਬਾ ਸਾਹਿਬ ਅੰਬੇਡਕਰ ਨੇ ਕਿਹਾ ਸੀ ਕਿ " 26 ਜਨਵਰੀ 1950 ਤੋਂ ਅਸੀਂ ਦੋਹਰੀ ਜ਼ਿੰਦਗੀ ਚ ਕਦਮ ਰੱਖ ਰਹੇ ਹਾਂ ਇਕ ਪਾਸੇ ਰਾਜਨੀਤਕ ਬਰਾਬਰੀ ਹੋਵੇਗੀ, ਇਕ ਆਦਮੀ ਦੀ ਇਕ ਵੋਟ ਤੇ ਇਕ ਵੋਟ ਦੀ ਇਕ ਕੀਮਤ ਹੋਵੇਗੀ, ਦੂਜੇ ਪਾਸੇ ਸਮਾਜਕ ਅਤੇ ਆਰਥਿਕ ਦਿਸ਼ਾ ਵਿਚ ਅਸਮਾਨਤਾ ਜੋ ਬ੍ਰਾਹਮਣਵਾਦ ਤੇ ਮਨੂਵਾਦ ਦੇ ਆਧਾਰ ਤੇ ਹਜ਼ਾਰਾਂ ਸਾਲਾਂ ਤੋਂ ਚਲਦੀ ਆਈ ਰਹੀ ਹੈ ਉਸੇ ਤਰ੍ਹਾਂ ਚਲਦੀ ਰਹੇਗੀ"।

ਜਿਸ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਦੇ ਯਤਨਾਂ ਨਾਲ ਰਾਜਨੀਤਕ ਗੈਰ ਬਰਾਬਰੀ ਨੂੰ ਖਤਮ ਕੀਤਾ ਗਿਆ ਹੈ ਇਸ ਤਰ੍ਹਾਂ ਹੀ ਸਮਾਜਕ ਤੇ ਆਰਥਿਕ ਗੈਰ ਬਰਾਬਰੀ ਨੂੰ ਵੀ ਖ਼ਤਮ ਕਰਨਾ ਪਵੇਗਾ, ਪਰਿਵਰਤਨ ਲਿਆਉਣਾ ਪਵੇਗਾ। ਅਗਰ ਅਜਿਹਾ ਨਹੀਂ ਹੁੰਦਾ ਤਾਂ ਰਾਜਨੀਤਕ ਬਰਾਬਰੀ ਦਾ ਕੋਈ ਲਾਭ ਨਹੀਂ ਹੋਵੇਗਾ।

ਮਾਨਵਵਾਦੀ ਬਜ਼ੁਰਗਾਂ ਦੇ ਯਤਨਾਂ ਸਦਕਾ ਭਾਵੇਂ ਜਾਤੀ ਵਿਵਸਥਾ ਤਾਂ ਨਹੀਂ ਟੁੱਟੀ ਪਰ ਇਸ ਦਾ ਅਸਰ ਜ਼ਰੂਰ ਘੱਟ ਹੋਇਆ ਹੈ। 6000 ਜਾਤੀਆਂ ਚ ਵੰਡ ਕੇ ਸਵਰਨ ਸਮਾਜ ਦੇ 15 ਫੀਸਦੀ ਲੋਕ, 85 ਫੀਸਦੀ ਬਹੁਜਨ ਸਮਾਜ ਨੂੰ ਗੁਲਾਮ ਤੇ ਲਾਚਾਰ ਬਣਾਕੇ ਰੱਖਣਾ ਚਾਹੁੰਦੇ ਹਨ। ਉਹ ਇਸ ਵਿਵਸਥਾ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਜਿਨ੍ਹਾਂ ਲੋਕਾਂ ਨੂੰ ਬ੍ਰਾਹਮਣਵਾਦ ਦੇ ਆਧਾਰ ਤੇ ਦੂਜਿਆਂ ਦਾ ਸ਼ੋਸਣ ਕਰਨ ਦਾ ਅਧਿਕਾਰ ਪ੍ਰਾਪਤ ਹੈ,ਮਾਨ ਸਨਮਾਨ ਪ੍ਰਾਪਤ ਹੈ, ਹਰ ਪ੍ਰਕਾਰ ਦੀ ਤਾਕਤ ਪ੍ਰਾਪਤ ਹੈ ਉਹ ਸਵਰਨ ਸਮਾਜ ਦੇ 15 ਫੀਸਦੀ ਮੁੱਠੀ ਭਰ ਲੋਕ ਇਸ ਗਲੀਂ ਸੜੀ ਵਿਵਸਥਾ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਉਹ ਪਰਵਰਤਨ ਨਹੀਂ ਚਾਹੁੰਦੇ। ਜੋ ਬਹੁਜਨ ਸਮਾਜ ਤੇ ਜ਼ੁਲਮ ਢਾਹੁੰਦੇ ਹਨ, ਅਤਿਆਚਾਰ ਕਰਦੇ ਹਨ ਸ਼ੋਸ਼ਣ ਕਰਦੇ ਹਨ ਅਤੇ ਉਹਨਾਂ ਦਾ ਹੱਕ ਮਾਰਦੇ ਹਨ,ਹਰ ਹਾਲਤ ਵਿਚ ਇਸ ਵਿਵਸਥਾ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਦੂਜੇ ਪਾਸੇ ਬਹੁਜਨ ਸਮਾਜ ਦੇ ਲੋਕ ਜਾਤੀ ਵਿਹੀਨ ਸਮਾਜ ਦੀ ਰਚਨਾ ਕਰਨਾ ਚਾਹੁੰਦੇ ਹਨ, ਇਸ ਵਿਵਸਥਾ ਨੂੰ ਬਦਲਣਾ ਚਾਹੁੰਦੇ ਹਨ, ਪਰਿਵਰਤਨ ਲਿਆਉਣਾ ਚਾਹੁੰਦੇ ਹਨ। ਜਿਸ ਨਾਲ ਜਾਤੀਆਂ ਦਾ ਨਵੇਂ ਸਿਰਿਉਂ ਧਰੁਵੀਕਰਨ ਹੋਵੇਗਾ। ਐਸੀ ਸਥਿਤੀ ਵਿਚ ਦੋਨਾਂ ਵਿਚਕਾਰ ਟਕਰਾਅ ਹੋਣਾ ਸੁਭਾਵਕ ਹੈ।ਇਸ ਪ੍ਰਵਰਤਨ ਨੂੰ ਹੁਣ ਰੋਕਿਆ ਨਹੀਂ ਜਾ ਸਕੇਗਾ।

85 ਫੀਸਦੀ ਬਹੁਜਨ ਸਮਾਜ ਦੇ ਲੋਕ ਹਜ਼ਾਰਾਂ ਸਾਲਾਂ ਤੋਂ ਜਾਤੀ ਵਿਵਸਥਾ ਦੀ ਕਰੂਰਤਾ ਦਾ ਬੋਝ ਢੋਅ ਰਹੀ ਮਨੁੱਖਤਾ ਨੂੰ ਬਦਲਣਾ ਚਾਹੁੰਦੇ ਹਨ ਪਰ ਮੁੱਠੀ ਭਰ 15 ਫੀਸਦੀ ਬ੍ਰਾਹਮਣਵਾਦੀ ਸਵਰਨ ਜਾਤੀਆਂ ਦੇ ਲੋਕ ਇਸਨੂੰ ਕਾਇਮ ਰੱਖਕੇ ਦੇਸ਼ ਵਿਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਚੋਰੀ, ਸ਼ਰਾਬ, ਡਕੈਤੀ, ਤਸਕਰੀ, ਛੂਆਛੂਤ ਤੇ ਉਚ-ਨੀਚ ਨੂੰ ਪਨਪਦੇ ਰਹਿਣ ਦੇਣਾ ਚਾਹੁੰਦੇ ਹਨ। ਪ੍ਰੰਤੂ "ਜਾਤੀ ਭੇਦ ਦਾ ਬੀਜ਼ ਨਾਸ਼" ਕਰਕੇ ਹੀ ਦੇਸ਼ ਪ੍ਰਬੁੱਧ ਭਾਰਤ ਬਣ ਸਕਦਾ ਹੈ।



ਲਾਲ ਸਿੰਘ ਸੁਲਹਾਣੀ
91-98721-55120

# ਚੀਨ-ਅਮਰੀਕਾ 'ਚ ਪਰਮਾਣੂ ਹਥਿਆਰਾਂ ਦੀ ਹੋੜ ਹੋਰ ਤੇਜ ਹੋਈ

**ਵਾਸ਼ਿੰਗਟਨ-** ਦੁਨੀਆ ਦੀਆਂ ਦੋ ਵੱਡੀਆਂ ਆਰਥਿਕ ਸ਼ਕਤੀਆਂ ਵਿਚਾਲੇ ਨਾ ਤਾਂ ਕਦੇ ਪ੍ਰਸ਼ਾਂਤ ਖੇਤਰ 'ਚ ਅਮਰੀਕੀ ਮਿਜ਼ਾਈਲ ਰੱਖਿਆ ਪ੍ਰਣਾਲੀ ਦੇ ਮੁੱਦੇ 'ਤੇ ਗੱਲ ਹੋਈ, ਨਾ ਹੀ ਕਦੇ ਵਿਵਾਦ ਦੀ ਸਥਿਤੀ 'ਚ ਅਮਰੀਕੀ ਉਪ-ਗ੍ਰਹਿਾਂ ਨੂੰ ਨਕਾਰਾ ਕਰਨ ਸਬੰਧੀ ਚੀਨ ਦੇ ਤਜਰਬਿਆਂ 'ਤੇ ਚਰਚਾ। ਚੀਨ ਨੇ ਹਮੇਸ਼ਾ ਹੀ ਪਰਮਾਣੂ ਹਥਿਆਰਾਂ ਨੂੰ ਨਸ਼ਟ ਕਰਨ ਸਬੰਧੀ ਅਮਰੀਕੀ ਵਿਚਾਰਾਂ ਨੂੰ ਖ਼ਾਰਜ ਕੀਤਾ ਹੈ। ਉਸ ਦਾ ਸਾਫ ਤੌਰ 'ਤੇ ਕਹਿਣਾ ਹੈ ਕਿ ਅਮਰੀਕਾ ਤੇ ਰੂਸ ਕੋਲ ਚੀਨ ਤੋਂ ਪੰਜ ਗੁਣਾ ਜ਼ਿਆਦਾ ਪਰਮਾਣੂ ਹਥਿਆਰ ਹਨ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਇਨ੍ਹਾਂ ਹਾਲਤਾਂ 'ਚ ਬਦਲਾਅ ਲਿਆਉਣਾ ਚਾਹੁੰਦੇ ਹਨ। ਅਮਰੀਕਾ ਹੁਣ ਚੀਨ ਨਾਲ ਪਰਮਾਣੂ ਸਮਰੱਥਾ ਦੇ ਮੁੱਦੇ 'ਤੇ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਮਰੀਕੀ ਅਧਿਕਾਰੀ ਦੱਸਦੇ ਹਨ ਕਿ ਬਾਇਡਨ ਤੇ ਉਨ੍ਹਾਂ ਦੇ ਸਹਿਯੋਗੀ ਇਸ ਯੋਜਨਾ 'ਤੇ ਹੌਲੀ ਰਫ਼ਤਾਰ ਨਾਲ ਅਮਲ ਕਰਨਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਦੋਵਾਂ ਦੇਸ਼ਾਂ ਵਿਚਾਲੇ ਪਹਿਲੀ ਵਾਰਤਾ ਟਕਰਾਅ ਨਾ ਹੋਣ ਦੇਣ ਦੇ ਮੁੱਦੇ 'ਤੇ ਹੋਵੇ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਦੀ ਪਰਮਾਣੂ ਰਣਨੀਤੀ ਤੇ ਸਾਈਬਰਸਪੇਸ 'ਤੇ ਹਮਲੇ ਕਾਰਨ ਪੈਦਾ ਹੋਣ ਵਾਲੀ ਅਸਥਿਰਤਾ 'ਤੇ ਚਰਚਾ ਕੀਤੀ ਜਾਵੇ। ਅੰਤ 'ਚ ਕੁਝ ਸਾਲਾਂ ਬਾਅਦ ਦੋਵੇਂ ਦੇਸ਼ ਪਰਮਾਣੂ ਹਥਿਆਰਾਂ ਨੂੰ ਨਸ਼ਟ ਕਰਨ ਦੇ ਮੁੱਦੇ 'ਤੇ ਗਲ ਕਰਨ। ਇਸ ਬਾਰੇ ਦੋਵਾਂ ਦੇਸ਼ਾਂ 'ਚ ਰਾਜਨੀਤਿਕ ਤੌਰ 'ਤੇ ਆਸਾਨ ਸੰਧੀ ਹੋ ਸਕਦੀ ਹੈ ਜਾਂ ਅਜਿਹਾ ਕੋਈ ਸਮਝੌਤਾ ਹੋ ਸਕਦਾ ਹੈ ਜਿਸ ਦੇ ਤਹਿਤ ਵਿਵਹਾਰ ਨਾਲ ਆਮ ਨਿਯਮ ਤੈਅ ਕੀਤੇ ਜਾਣ।



ਬਾਇਡਨ ਦੇ ਸਹਿਯੋਗੀ ਇਸ ਗੱਲ ਬਾਰੇ ਚਿੰਤਤ ਹਨ ਕਿ ਹਾਈਪਰਸੋਨਿਕ, ਪੁਲਾੜ ਤੇ ਸਾਈਬਰ ਹਥਿਆਰਾਂ ਦੀ ਦੌੜ ਕਾਰਨ ਹਾਲਾਤ ਤਣਾਅਪੂਰਨ ਹੁੰਦੇ ਜਾ ਰਹੇ ਹਨ।

ਸ਼ਹਿ-ਮਾਤ ਦੀ ਖ਼ਤਰਨਾਕ ਖੇਡ ਸ਼ੁਰੂ ਹੋਣ ਦਾ ਵੀ ਖ਼ਦਸ਼ਾ ਹੈ। ਡਰ ਹੈ ਕਿ ਠੰਢੀ ਜੰਗ ਦੇ ਪਰਮਾਣੂ ਮੁਕਾਬਲੇ 'ਚ ਪੁਲਾੜ, ਉਪਗ੍ਰਹਿ ਤੇ ਕਮਾਂਡ ਐਂਡ ਕੰਟਰੋਲ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਹਮਲਿਆਂ 'ਚ ਤੇਜ਼ੀ ਆ ਸਕਦੀ ਹੈ। ਤਾਕਤਵਰ ਹੁੰਦਾ ਚੀਨ, ਅਮਰੀਕੀ ਰੱਖਿਆ ਪ੍ਰਣਾਲੀ 'ਚ ਪਰਮਾਣੂ ਹਥਿਆਰਾਂ ਦੀ ਮੌਜੂਦਗੀ ਨੂੰ ਘੱਟ ਕਰਨ ਦੀਆਂ ਬਾਇਡਨ ਦੀਆਂ ਉਮੀਦਾਂ 'ਤੇ ਪਾਣੀ ਫੇਰ ਸਕਦਾ ਹੈ। ਇਸੇ ਮਹੀਨੇ ਅਮਰੀਕੀ ਰੱਖਿਆ ਦਫਤਰ ਪੇਂਟਾਗਨ ਨੇ ਦੱਸਿਆ ਸੀ ਕਿ ਚੀਨ ਦੀ ਪਰਮਾਣੂ ਸਮਰੱਥਾ 2030 ਤਕ ਤਿੰਨ ਗੁਣਾ ਹੋ ਕੇ ਇਕ ਹਜ਼ਾਰ ਹਥਿਆਰਾਂ ਤਕ ਪਹੁੰਚ ਸਕਦੀ ਹੈ। ਅਮਰੀਕਾ ਦੀ ਚਿੰਤਾ ਹਥਿਆਰਾਂ ਦੀ ਗਿਣਤੀ ਨਾਲ ਜੁੜੀ ਨਹੀਂ ਹੈ ਬਲਕਿ ਗ਼ੈਰ-ਰਵਾਇਤੀ ਪਰਮਾਣੂ ਹਥਿਆਰਾਂ ਸਬੰਧੀ ਚੀਨ ਦੀ ਸੋਚ ਨਾਲ ਜੁੜੀ ਹੈ।

# ਗੁਰੂ ਨਾਨਕ ਬਾਣੀ ਵਿੱਚ ਵਾਤਾਵਰਨ-ਚੇਤਨਾ



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਦੇ ਪਵਿੱਤਰ ਮੌਕੇ 'ਤੇ ਸਰਕਾਰ ਵਲੋਂ ਪੰਜਾਬ ਦੇ ਹਰ ਪਿੰਡ ਨੂੰ 550 ਬੂਟੇ ਸੌਂਪ ਕੇ ਉਨ੍ਹਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਪਾਵਨ ਪ੍ਰਕਾਸ਼ ਦਿਵਸ ਦੇ ਸਬੰਧ ਵਿੱਚ ਹਰੇਕ ਪਿੰਡ ਵਿਸ਼ੇਸ਼ ਲਈ ਪੰਜਾਬ ਸਰਕਾਰ ਦਾ ਇਹ ਉਪਰਾਲਾ, ਅਸਲ ਵਿੱਚ ਗੁਰੂ ਸਾਹਿਬ ਜੀ ਦੀ ਵਾਤਾਰਵਨ ਚੇਤਨਾ ਅਤੇ ਇਸ ਦੀ ਸੰਭਾਲ ਬਾਰੇ ਵਿਚਾਰਧਾਰਾ ਨੂੰ ਸਮਰਪਿਤ ਹੈ। ਗੁਰੂ ਨਾਨਕ ਬਾਣੀ ਸਮੇਤ, ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਦੀ ਨਾ ਸਿਰਫ਼ ਅਧਿਆਤਮਿਕ ਅਗਵਾਈ ਕਰਦੀ ਹੈ ਬਲਕਿ ਵਾਤਾਵਰਨ ਸੰਭਾਲ ਪ੍ਰਤੀ ਚੇਤਨਤਾ ਵੀ ਪੈਦਾ ਕਰਦੀ ਹੈ। ਵਾਤਾਵਰਨ, ਸਦਾ ਹੀ, ਮਨੁੱਖ ਦੇ ਜੀਵਨ ਦਾ ਅਹਿਮ ਅੰਗ ਰਿਹਾ ਹੈ। ਇਸ ਤੋਂ ਬਿਨਾ ਮਨੁੱਖ ਦੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਮਨੁੱਖ ਦੀ ਹੋਂਦ ਦਾ ਪ੍ਰਮੁੱਖ ਆਧਾਰ ਹੈ। ਬਾਣੀਕਾਰ ਜਿੱਥੇ ਮਨੁੱਖ ਦੇ ਸਾਵੇਂ-ਸੁਖਾਵੇਂ ਜੀਵਨ ਦੀ ਕਾਮਨਾ ਕਰਦੇ ਹਨ, ਓਥੇ ਉਸਨੂੰ ਵਾਤਾਵਰਨ ਸੰਭਾਲ ਪ੍ਰਤੀ ਵੀ ਜਾਗਰੁਕ ਹੋਣ ਦਾ ਸੰਦੇਸ਼ ਦਿੰਦੇ ਹਨ ਤਾਂ ਜੋ ਇਸ ਪੱਖ ਤੋਂ ਵੀ ਉਸਦਾ ਜੀਵਨ ਪੂਰਾ ਹੋਵੇ ਭਾਵ ਉਸਦੇ ਜੀਵਨ ਦਾ ਇਹ ਆਧਾਰਕ ਪੱਖ ਵੀ ਮੁਕੰਮਲ ਹੋਵੇ। ਗੁਰੂ ਸਾਹਿਬ ਵਾਤਾਵਰਨ ਦੇ ਮੁੱਖ ਤੱਤਾਂ ਹਵਾ, ਪਾਣੀ, ਬਨਸਪਤੀ ਅਤੇ ਧਰਤੀ ਆਦਿ ਦੀ ਰੱਖਿਆ-ਸੁਰੱਖਿਆ ਹਿਤ ਪ੍ਰੇਰਨਾ ਦਿੰਦੇ ਹਨ। ਅੱਗੇ ਲਿਖੀਆਂ ਪੰਕਤੀਆਂ ਵਿੱਚ ਇਸ ਚਰਚਾ ਦਾ ਵਿਸਤਾਰ ਕੀਤਾ ਜਾਵੇਗਾ:

**ਹਵਾ-** ਅਸੀਂ ਹਵਾ ਦੇ ਆਸਰੇ ਸਾਹ ਲੈਂਦੇ ਹਾਂ। ਇਸ ਤੋਂ ਬਿਨਾ ਅਸੀਂ ਜਿਉਂਦੇ ਨਹੀਂ ਰਹਿ ਸਕਦੇ। ਇਹ ਜੀਵ-ਜਗਤ ਦੇ ਪ੍ਰਾਣਾਂ ਦਾ ਆਧਾਰ ਹੈ। ਉਪਵਣੁ ਗੁਰੂ" ਆਖ ਕੇ ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ, ਮਨੁੱਖੀ ਜੀਵਨ ਦੇ ਸੰਦਰਭ ਵਿੱਚ, ਗੁਰੂ ਦੀ ਪਦਵੀ ਨਾਲ ਤੁਲਨਾਇਆ ਹੈ। ਗੁਰਬਾਣੀ ਵਿੱਚ ਗੁਰੂ ਨੂੰ ਉੱਤਮ ਪਦਵੀ ਦਿੱਤੀ ਗਈ ਹੈ। ਗੁਰੂ ਮਨੁੱਖ ਦੇ ਜੀਵਨ ਦਾ ਆਧਾਰ ਦੱਸਿਆ ਗਿਆ ਹੈ ਤੇ ਉਸਦੀ ਇੱਛਾ ਦੇ ਵਿਰੁੱਧ ਤਾਂ ਤੁਰਨ ਨੂੰ ਵੀ ਬੁਰਾ ਗਿਣਿਆ ਗਿਆ ਹੈ। ਜਿਹੜਾ ਮਨੁੱਖ ਅਜਿਹਾ ਕਰਦਾ ਹੈ ਉਹ ਅੰਤ ਪਛਤਾਉਂਦਾ ਹੈ ਅਤੇ ਗੁਜ਼ਰ ਚੁੱਕੇ ਵਕਤ ਲਈ, ਜਿਹੜਾ ਉਸਨੇ ਅਜਾਈਂ ਗੁਆ ਦਿੱਤਾ, ਝੂਰਦਾ ਹੈ। ਹੁਣ ਇਸ ਸੰਦਰਭ ਵਿੱਚ ਹਵਾ ਦੀ ਮਹੱਤਤਾ ਦਾ ਸੰਕਲਪ ਵਿਚਾਰੀਏ ਤਾਂ ਗੁਰੂ ਨਾਨਕ ਦੇਵ ਜੀ ਦਾ ਹਵਾ ਨੂੰ ਗੁਰੂ ਦੀ ਪਦਵੀ ਨਾਲ ਤੁਲਨਾਉਣਾ ਸਮਝ ਆ ਜਾਂਦਾ ਹੈ। ਹਵਾ ਕੁਦਰਤ ਦਾ ਮਨੁੱਖ ਨੂੰ ਦਿੱਤਾ ਹੋਇਆ ਅਨਮੋਲ ਤੋਹਫ਼ਾ ਹੈ। ਇਸ ਦਾ ਕੋਈ ਵੀ ਬਦਲ ਨਹੀਂ। ਗੁਰੂ ਸਾਹਿਬ ਦੇ ਕਹਿਣ ਦਾ ਭਾਵ ਇਹ ਹੈ ਕਿ ਜਿਵੇਂ ਤੁਸੀਂ ਆਪਣੇ ਰਹਿਬਰ (ਗੁਰੂ) ਦੀ ਸੇਵਾ-ਸੰਭਾਲ ਕਰਦੇ ਹੋ, ਇਸੇ ਤਰ੍ਹਾਂ ਹੀ ਹਵਾ ਦੀ ਸੰਭਾਲ ਕਰੋ। ਇਹ ਮਨੁੱਖੀ ਜੀਵਨ ਦਾ ਆਧਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਕਥਨ ਉਜੇਤੇ ਜੀਅ ਜੀਵਹਿ ਲੈ ਸਾਹਾ" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-144) ਅਨੁਸਾਰ ਇਹ ਜੀਵ-ਜਗਤ ਦੇ ਜੀਵਨ ਦੀ ਟੇਕ ਹੈ। ਗੁਰੂ ਨਾਨਕ ਦੇਵ ਜੀ ਉਆਪੇ ਪਉਣੁ ਪਾਣੀ ਬੈਸੰਤਰ" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1020) ਰਾਹੀਂ ਫ਼ਰਮਾਉਂਦੇ ਹਨ ਕਿ ਪ੍ਰਭੂ ਆਪ ਹੀ ਨਿਰਗੁਣ-ਰੂਪ ਹੋ ਕੇ ਕੁਦਰਤ ਵਿੱਚ ਪਸਰਿਆ ਹੋਇਆ ਹੈ। ਹਵਾ ਵੀ ਉਸੇ ਅਰੂਪ ਮਾਲਕ ਦੀ ਹੋਂਦ ਦਾ ਪ੍ਰਮਾਣ ਹੈ। ਜਦੋਂ ਅਸੀਂ ਪਰਮਾਤਮਾ ਦੇ ਮਿਲਣ ਦੀ ਤਾਂਘ ਰੱਖਦੇ ਹਾਂ ਤਾਂ ਉਸਦੇ ਕੁਦਰਤ ਵਿੱਚ ਮਿਲਦੇ ਇਨ੍ਹਾਂ ਰੂਪਾਂ ਨਾਲ ਖਿਲਵਾੜ ਕਰਨ ਦੀ ਕਿਵੇਂ ਸੋਚ ਸਕਦੇ ਹਾਂ?



ਬਲਵੀਰ ਮੰਨਣ (ਡਾ.)
91-94173-45485

ਮਨੁੱਖ ਤਸੱਲੀ ਅਤੇ ਆਰਾਮ ਦਾ ਡੂੰਘਾ ਸਾਹ ਫਿਰ ਹੀ ਲੈ ਸਕਦਾ ਹੈ, ਜੇਕਰ ਹਵਾ ਤਾਜ਼ੀ ਅਤੇ ਸਵੱਛ ਹੋਵੇ। ਸਵੱਛ ਵਾਤਾਵਰਨ ਵਿੱਚ ਸਾਡਾ ਮਨ ਅਤੇ ਸਰੀਰ ਤਰੋ-ਤਾਜ਼ਾ ਮਹਿਸੂਸ ਕਰਦੇ ਹਨ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਹਵਾ ਵਿੱਚ ਮਨੁੱਖ ਨੇ ਸਾਹ ਲੈਣਾ ਹੈ, ਉਹ ਸਾਫ਼ ਅਤੇ ਸਵੱਛ ਹੋਵੇ ਤੇ ਇਸ ਨੂੰ ਸਾਫ਼ ਅਤੇ ਸਵੱਛ ਰੱਖਣਾ ਮਨੁੱਖ ਦੀ ਹੀ ਜ਼ਿੰਮੇਵਾਰੀ ਹੈ, ਕਿਸੇ ਹੋਰ ਦੀ ਨਹੀਂ। ਮਨੁੱਖ ਆਪਣੇ-ਆਪ ਨੂੰ ਸ੍ਰਿਸ਼ਟੀ ਦਾ ਸ਼੍ਰੋਮਣੀ ਜੀਵ ਅਖਵਾਉਂਦਾ ਹੈ, ਇਸਨੂੰ ਇਸ ਗੱਲ ਦਾ ਸਬੂਤ ਵੀ ਦੇਣਾ ਚਾਹੀਦਾ ਹੈ। ਜੇਕਰ ਇਹ ਜਾਣਦਾ ਹੈ ਕਿ ਹਵਾ ਦਾ ਸਾਫ਼-ਸਵੱਛ ਹੋਣਾ ਜ਼ਰੂਰੀ ਹੈ ਤਾਂ ਇਸਨੂੰ ਸਾਫ਼ ਅਤੇ ਸਵੱਛ ਰੱਖਣ ਦੀ ਜ਼ਿੰਮੇਵਾਰੀ ਕਿਸਦੀ ਹੈ? ਮਨੁੱਖ ਦੀ ਲਿਆਕਤ ਤਾਂ ਫਿਰ ਹੈ, ਜੇਕਰ ਇਹ ਕੋਰੇ ਵਿਚਾਰਾਂ ਤੋਂ ਉੱਠ ਕੇ ਅਮਲ ਵੱਲ ਕਦਮ ਪੁੱਟੇ, ਆਪਣੀ ਜ਼ਿੰਮੇਵਾਰੀ ਸਮਝੇ। ਸਿਰਫ਼ ਵਿਚਾਰ ਪਰਗਟ ਕਰ ਸਕਣ ਦੇ ਆਧਾਰ 'ਤੇ ਹੀ ਆਪਣੇ-ਆਪ ਨੂੰ ਸ੍ਰੇਸ਼ਟ ਨਾ ਆਖਦਾ ਫਿਰੇ। ਜੇਕਰ ਮਨੁੱਖ ਹੀ ਆਪਣਾ ਫ਼ਰਜ਼ ਨਹੀਂ ਪਛਾਣੇਗਾ, ਉਸਨੂੰ ਨਹੀਂ ਨਿਭਾਵੇਗਾ, ਤਾਂ ਉਸਦਾ ਖ਼ਾਮਿਆਜ਼ਾ ਭੁਗਤਣ ਲਈ ਵੀ ਇਸਨੂੰ ਤਿਆਰ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਕਿ ਹਵਾ ਵੀ ਪ੍ਰਭੂ ਦੇ ਹੁਕਮ ਵਿੱਚ ਚੱਲਦੀ ਹੈ ਅਤੇ ਇਹ ਰੱਬੀ ਕੁਦਰਤ ਦਾ ਸ਼ਿੰਗਾਰ ਹੈ। ਕੁਦਰਤ ਦੇ ਇਨ੍ਹਾਂ ਰੂਪਾਂ ਵੱਲ ਵੇਖ ਕੇ ਮਨ ਅੰਦਰ ਰੱਬੀ ਸੁਆਦ ਪੈਦਾ ਹੁੰਦਾ ਹੈ:

ਭੈ ਵਿਚਿ ਪਵਣੁ ਵਹੈ ਸਦ ਵਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)
ਗਹਣੇ ਪਉਣੁ ਪਾਣੀ ਬੈਸੰਤਰੁ
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-465)
ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)

ਤਦ ਗੁਰੂ ਸਾਹਿਬ ਦੇ ਕਹਿਣ ਦਾ ਭਾਵ ਹੈ ਕਿ ਕੁਦਰਤ ਦੇ ਇਹ ਰੂਪ ਸਾਨੂੰ ਸਿੱਧੇ-ਅਸਿੱਧੇ ਪ੍ਰਭੂ ਨਾਲ ਹੀ ਜੋੜਨ ਵਾਲੇ ਹਨ। ਇਹ ਪ੍ਰਭੂ ਦਾ ਹੀ ਸਰਗੁਣ ਰੂਪ ਹਨ। ਜੇਕਰ ਸਾਡੇ ਮਨ ਵਿੱਚ ਪ੍ਰਭੂ-ਮਿਲਣ ਦੀ ਤਾਂਘ ਹੈ ਤਾਂ ਅਸੀਂ ਇਨ੍ਹਾਂ ਕੁਦਰਤ ਦੇ ਪ੍ਰਾਰੂਪਾਂ ਨੂੰ ਗੰਦਾ ਨਹੀਂ ਕਰਨਾ ਸਗੋਂ ਸਵੱਸ਼ ਰੱਖਣਾ ਹੈ। ਗੁਰੂ ਸਾਹਿਬ ਕੁਦਰਤ ਵਿੱਚੋਂ ਹੀ ਰੱਬ ਦੇ ਦੀਦਾਰ ਕਰਦੇ ਹਨ ਅਤੇ ਇਸਨੂੰ ਉੱਚੀ ਪਦਵੀ ਦਿੰਦੇ ਹਨ। ਇਸ ਤਰ੍ਹਾਂ ਕਰ ਕੇ ਆਪ ਸਹਿਜ-ਰੂਪ ਵਿੱਚ ਹੀ ਕੁਦਰਤ ਦੀ ਸੰਭਾਲ ਦਾ ਸੰਦੇਸ਼ ਦੇ ਜਾਂਦੇ ਹਨ।

ਸਾਫ਼ ਅਤੇ ਤਾਜ਼ਾ ਹਵਾ ਹਰ ਮਨੁੱਖ ਦਾ ਬੁਨਿਆਦੀ ਅਧਿਕਾਰ ਹੈ ਪਰ ਜਦੋਂ ਮਨੁੱਖ ਵੱਖ-ਵੱਖ ਢੰਗਾਂ ਨਾਲ ਹਵਾ ਨੂੰ ਦੂਸ਼ਿਤ ਕਰਦਾ ਹੈ ਤਾਂ ਉਹ ਆਪਣੇ ਹੀ ਹਮ-ਨਸਲਾਂ ਦਾ ਇਹ ਬੁਨਿਆਦੀ ਅਧਿਕਾਰ ਖੋਹਣ ਦਾ ਯਤਨ ਕਰ ਰਿਹਾ ਹੁੰਦਾ ਹੈ। ਮਨੁੱਖ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਸਦੇ ਆਸ-ਪਾਸ ਹਵਾ ਸਾਫ਼ ਅਤੇ ਸਵੱਛ ਹੋਵੇ। ਮਨੁੱਖ ਨੂੰ ਮਹਾਂਪੁਰਸ਼ਾਂ ਦਾ ਆਖਿਆ ਮੰਨਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਦਾ ਸਰਬੱਤ ਦੇ ਭਲੇ ਦਾ ਆਸ਼ਾ ਪੂਰਾ ਹੋ ਸਕਦਾ ਹੈ।

**ਪਾਣੀ-** ਪਾਣੀ ਮਨੁੱਖ ਨੂੰ ਪਰਮਾਤਮਾ ਵਲੋਂ ਦਿੱਤੀ ਹੋਈ ਅਨਮੋਲ ਦਾਤ ਹੈ। ਇਹ ਪਰਮਾਤਮਾ ਦੀ ਮਨੁੱਖ ਨੂੰ ਦਿੱਤੀ ਹੋਈ ਅਹਿਮ ਬਖ਼ਸ਼ਿਸ਼ ਹੈ। ਮਨੁੱਖ ਕੋਲ ਝਰਨਿਆਂ, ਨਹਿਰਾਂ, ਨਦੀਆਂ, ਸਮੁੰਦਰਾਂ, ਦਰਿਆਵਾਂ, ਝੀਲਾਂ, ਤਲਾਬਾਂ, ਵਰਖਾ ਅਤੇ ਜ਼ਮੀਨੀ ਪਾਣੀ ਦੇ ਰੂਪ ਵਿੱਚ ਇਹ ਅਨਮੋਲ ਖ਼ਜ਼ਾਨਾ ਉਪਲਬਧ ਹੈ। ਪਰਮਾਤਮਾ ਨੇ ਇਹ ਦਾਤ ਸਾਰੀ ਸ੍ਰਿਸ਼ਟੀ ਨੂੰ ਬਿਨਾ ਕਿਸੇ ਵਿਤਕਰੇ ਦੇ ਬਖ਼ਸ਼ੀ ਹੈ ਅਤੇ ਇਸ ਉੱਪਰ ਸਭ ਦਾ ਬਰਾਬਰ ਅਧਿਕਾਰ ਹੈ। ਹਸਨ ਅਬਦਾਲ ਵਿਖੇ ਗੁਰੂ ਨਾਨਕ ਦੇਵ ਜੀ ਨੇ ਪਾਣੀ ਦੇ ਸ੍ਰੋਤ ਨੂੰ ਨਿੱਜੀ ਮਲਕੀਅਤ ਸਮਝੀ ਬੈਠੇ ਵਲੀ ਕੰਧਾਰੀ ਦਾ ਹੰਕਾਰ ਤੋੜ ਕੇ ਇਹ ਸੰਦੇਸ਼ ਦਿੱਤਾ ਸੀ ਕਿ ਕੁਦਰਤ ਦੇ ਬਖ਼ਸ਼ੇ ਹੋਏ ਇਨ੍ਹਾਂ ਭੰਡਾਰਾਂ 'ਤੇ ਸਭ ਦਾ ਬਰਾਬਰ ਅਧਿਕਾਰ ਹੈ। ਕਿਸੇ ਇੱਕ ਵਿਅਕਤੀ ਦਾ ਜਾਂ ਕੁਝ ਵਿਅਕਤੀਆਂ ਦਾ ਇਹ ਅਧਿਕਾਰ ਕਦੇ ਵੀ ਨਹੀਂ ਬਣ ਜਾਂਦਾ ਕਿ ਉਨ੍ਹਾਂ ਦੇ ਕਾਰਨਾਮਿਆਂ ਦੀ ਸਜ਼ਾ ਬਹੁ-ਗਿਣਤੀ ਮਨੁੱਖਾਂ ਨੂੰ ਭੁਗਤਣੀ ਪਵੇ। ਮਨੁੱਖ ਦੀ ਦੇਹ ਦੀਆਂ ਸਮੁੱਚੀਆਂ ਪ੍ਰਣਾਲੀਆਂ (ਮਓਨ ਭੋਦੇ ਸ਼ੇਸਟਇਮਸ) ਭੋਜਨ ਅਤੇ ਪਾਣੀ ਦੇ ਆਸਰੇ ਹੀ ਤਾਂ ਕੰਮ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਪਾਣੀ ਨੂੰ ਪਿਤਾ ਆਖਿਆ ਹੈ (ਉਪਵਣੁ ਗੁਰੂ ਪਾਣੀ ਪਿਤਾ" -ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-8)। ਜਿਵੇਂ ਪਿਤਾ ਆਪਣੀ ਸੰਤਾਨ ਦੀ ਸੰਭਾਲ ਕਰਦਾ ਹੈ, ਉਸੇ ਤਰ੍ਹਾਂ ਹੀ ਜਲ ਵੀ ਸਰੀਰ ਦਾ ਆਧਾਰ ਹੈ। ਆਮ ਤੌਰ 'ਤੇ ਅਸੀਂ ਲਿਖਿਆ ਹੋਇਆ ਪੜ੍ਹਦੇ ਹਾਂ 'ਜਲ ਹੀ ਜੀਵਨ ਹੈ।' ਪਾਣੀ ਸਰੀਰ ਨੂੰ ਆਸਰਾ ਦਿੰਦਾ ਹੈ, ਇਹ ਸਰੀਰ ਨੂੰ ਮੂਲ ਤਾਕਤ ਦਿੰਦਾ ਹੈ। ਪਾਣੀ ਪੀ ਕੇ ਹੀ ਮਨੁੱਖ ਦਾ ਹਿਰਦਾ ਸ਼ਾਂਤੀ ਮਹਿਸੂਸ ਕਰਦਾ ਹੈ। ਜਲ ਤੋਂ ਬਿਨਾ ਹੋਰ ਕੋਈ ਵਸਤ ਐਸੀ ਨਹੀਂ, ਜਿਹੜੀ ਮਨੁੱਖ ਦੀ ਪਿਆਸ ਨੂੰ ਸ਼ਾਂਤ ਕਰ ਸਕਣ ਦੀ ਸਮਰੱਥਾ ਰੱਖਦੀ ਹੋਵੇ। ਪਾਣੀ ਤੋਂ ਬਿਨਾ (ਪਿਆਸ ਨਾਲ) ਮਨੁੱਖ ਤੜਫ਼-ਤੜਫ਼ ਕੇ ਦਮ ਤੋੜ ਦਿੰਦਾ ਹੈ। ਪਿਆਸੇ ਮਨੁੱਖ ਲਈ ਉਸ ਸਮੇਂ, ਜਦੋਂ ਉਹ ਪਿਆਸ ਕਾਰਨ ਮਰਨ ਕਿਨਾਰੇ ਹੋਵੇ, ਕਿਸੇ ਹੋਰ ਵਸਤੂ ਦੀ ਓਨੀ ਕੀਮਤ ਨਹੀਂ ਹੁੰਦੀ, ਜਿੰਨੀ ਪਾਣੀ ਦੀ ਹੁੰਦੀ ਹੈ। ਪਾਣੀ ਤੋਂ ਬਿਨਾ ਉਸ ਮਨੁੱਖ ਲਈ, ਉਸ ਸਮੇਂ, ਸੰਸਾਰ ਦੀ ਕੋਈ ਹੋਰ ਚੀਜ਼ ਵੱਧ ਕੀਮਤੀ ਨਹੀਂ ਹੁੰਦੀ। ਪਾਣੀ ਪੀ ਕੇ ਉਸਦੇ ਅੰਦਰ ਜੀਵਨ ਦਾ ਸੰਚਾਰ ਹੁੰਦਾ ਹੈ। ਜ.ਲ ਰਿਹਾ ਉਸਦਾ ਅੰਦਰ ਠਰ ਜਾਂਦਾ ਹੈ।

ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1273)

ਸੰਤਾਨ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਪਿਤਾ ਦਾ ਸਤਿਕਾਰ ਕਰੇ। ਇਸੇ ਸੰਦਰਭ ਵਿੱਚ ਪਾਣੀ ਦੀ ਸੰਭਾਲ ਦਾ ਸੰਕਲਪ ਉਜਾਗਰ ਹੁੰਦਾ ਹੈ। ਜਦ ਅਸੀਂ ਆਪਣੇ ਪਿਤਾ ਦਾ ਸਤਿਕਾਰ ਕਰਨਾ ਆਪਣਾ ਫ਼ਰਜ਼ ਜਾਣਦੇ ਹਾਂ ਤਾਂ ਪਾਣੀ, ਜੋ ਪਿਤਾ ਵਾਂਗ ਹੀ ਸਾਡੇ ਵਾਧੇ ਅਤੇ ਵਿਕਾਸ ਦਾ ਆਧਾਰ ਹੈ, ਦੀ ਬੇ-ਪਤੀ ਅਸੀਂ ਕਿਵੇਂ ਕਰ ਸਕਦੇ ਹਾਂ? ਭਾਵ ਜਿਵੇਂ ਅਸੀਂ ਆਪਣੇ ਜੀਵਨ ਦੇ ਆਧਾਰ ਪਿਤਾ ਦਾ ਸਤਿਕਾਰ ਕਰਦੇ ਹਾਂ, ਉਸੇ ਤਰ੍ਹਾਂ ਹੀ ਸਾਨੂੰ ਪਾਣੀ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਇਸ ਸਤਿਕਾਰ ਦਾ ਅਰਥ ਉਸਨੂੰ ਅਜਾਈਂ ਅਤੇ ਫ਼ਜ਼ੂਲ ਵਗਣ ਤੋਂ ਰੋਕਣਾ ਹੈ ਅਤੇ ਉਸਦੀ ਯੋਗ ਵਰਤੋਂ ਕਰਨੀ ਹੈ।

ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਬੜਾ ਸਲਾਹਿਆ ਹੈ ਅਤੇ ਇਸੇ ਵਿੱਚੋਂ ਕਾਦਰ ਦੇ ਦਰਸ਼ਨ ਕੀਤੇ ਹਨ। ਉਨ੍ਹਾਂ ਨੂੰ ਇਸ ਵਿੱਚੋਂ ਰੱਬ ਦਿਸਦਾ ਹੈ, ਇਸ ਕਰਕੇ ਉਨ੍ਹਾਂ ਨੇ ਕੁਦਰਤ ਦੀ ਵੀ ਸਿਫ਼ਤ-ਸਾਲਾਹ ਕੀਤੀ ਹੈ। ਸ੍ਰੀ ਗੁਰੂ ਜੀ, ਜਿਹੜੇ ਕੁਦਰਤ ਵਿੱਚੋਂ ਰੱਬ ਨੂੰ ਤੱਕਦੇ ਹਨ, ਉਹ ਇਸਦੀ ਦਿੱਖ ਨੂੰ ਵਿਗੜਦਾ ਹੋਇਆ ਕਿਵੇਂ ਬਰਦਾਸ਼ਤ ਕਰ ਸਕਦੇ ਹਨ? ਅਤੇ ਅਸਾਨੂੰ, ਜਿਹੜੇ ਬਾਣੀਕਾਰਾਂ ਦੀ ਸੋਚ ਨੂੰ ਅੱਗੇ ਲਿਜਾਣ ਦੀ ਗੱਲ ਕਰਦੇ ਹਾਂ, ਇਸ ਤੱਥ ਨੂੰ ਸਮਝਣਾ ਚਾਹੀਦਾ ਹੈ ਕਿ ਕੁਦਰਤ ਦੀ ਸੰਭਾਲ ਕੀਤੀ ਜਾਵੇ। ਪਾਣੀ ਕੁਦਰਤ ਦਾ ਅਹਿਮ ਅੰਗ ਹੈ। ਗੁਰਬਾਣੀ ਵਿੱਚ ਥਾਂ-ਪੁਰ-ਥਾਂ, ਵੱਖ-ਵੱਖ ਸੰਦਰਭਾਂ ਵਿੱਚ, ਪਾਣੀ ਦਾ ਜ਼ਿਕਰ ਆਉਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਇੱਕ ਦੀਰਘ (ਲੰਮੇ) ਸਲੋਕ ਵਿੱਚ, ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 149-50 ਉੱਪਰ ਸੁਸ਼ੋਭਿਤ ਹੈ, ਰਾਹੀਂ ਤਤਕਾਲੀ ਜੈਨੀ ਸਾਧੂਆਂ ਨੂੰ, ਜਿਹੜੇ ਪਾਣੀ ਤੋਂ ਦੂਰੀ ਬਣਾ ਕੇ ਰੱਖਦੇ ਸਨ, ਸਮਝਾਇਆ ਕਿ ਤੁਸੀਂ ਪਾਣੀ ਤੋਂ ਸੰਗਦੇ ਕਿਉਂ ਹੋ? ਪਾਣੀ ਦੀ ਮਹੱਤਤਾ ਨੂੰ ਸਮਝੋ। ਜਦੋਂ (ਸੁਮੇਰ) ਪਰਬਤ ਦੀ ਮਧਾਣੀ ਬਣਾਈ ਗਈ ਸੀ ਤਾਂ ਇਹ ਪਾਣੀ ਹੀ ਸੀ, ਜਿਸ ਵਿੱਚੋਂ ਚੌਦਾਂ ਰਤਨ ਪਰਗਟ ਹੋਏ ਸਨ। ਇਹ ਪਾਣੀ (ਨਦੀਆਂ) ਦੇ ਕਿਨਾਰੇ (ਕੰਢੇ) ਹੀ ਹਨ, ਜਿੱਥੇ ਤੀਰਥ ਸਥਾਪਿਤ ਹਨ ਅਤੇ ਵੱਖ-ਵੱਖ ਪੁਰਬਾਂ 'ਤੇ ਓਥੇ ਪ੍ਰਭੂ-ਨਾਮ ਦੀ ਕਥਾ ਹੁੰਦੀ ਹੈ।

(ਪਾਣੀ ਨਾਲ) ਨਹਾ ਕੇ ਹੀ ਤਾਂ ਪੂਜਾ ਅਤੇ ਨਮਾਜ਼ ਸਿਰੇ ਚੜ੍ਹਦੀ ਹੈ (ਪੂਰੀ ਹੁੰਦੀ ਹੈ) ਅਤੇ ਸੁਹਿਰਦ ਲੋਕ ਇਸ਼ਨਾਨ ਦੀ ਬੜੀ ਮਹੱਤਤਾ ਦਰਸਾਉਂਦੇ ਹਨ। ਨਵ-ਜਨਮੇ ਅਤੇ ਮੋਏ ਪ੍ਰਾਣੀਆਂ ਦੇ ਸੰਸਕਾਰ ਪਾਣੀ ਸਦਕਾ ਹੀ ਪੂਰੇ ਹੁੰਦੇ ਹਨ (ਭਾਵ ਇਸ਼ਨਾਨ ਕਰਵਾਇਆ ਜਾਂਦਾ ਹੈ)। ਵਰਖਾ ਦੇ ਰੂਪ ਵਿੱਚ ਜਦੋਂ ਪਾਣੀ ਧਰਤੀ 'ਤੇ ਪੁੱਜਦਾ ਹੈ ਤਾਂ ਵੇਖੋ, ਅਨੰਦ ਉਪਜਦਾ ਹੈ, ਮਨ ਖ਼ੁਸ਼ ਹੋ ਜਾਂਦਾ ਹੈ ਅਤੇ ਜੀਵਨ-ਜੁਗਤਿ ਅੱਗੇ ਵਧਦੀ ਹੈ। ਇਸੇ (ਵਰਖਾ ਦੇ) ਪਾਣੀ ਤੋਂ ਹੀ ਅੰਨ, ਕਮਾਦ, ਕਪਾਹ ਉਪਜਦੇ ਹਨ ਅਤੇ ਕੱਪੜਾ ਤਿਆਰ ਹੁੰਦਾ ਹੈ, ਜਿਸ ਨਾਲ ਮਨੁੱਖ ਦਾ ਤਨ ਢਕਿਆ ਜਾਂਦਾ ਹੈ। ਇਸੇ ਮੀਂਹ (ਪਾਣੀ) ਦੇ ਸਦਕਾ ਘਾਹ ਉਪਜਦਾ ਹੈ, ਜਿਸ ਨੂੰ ਚਰ ਕੇ ਗਊਆਂ ਦੁੱਧ ਦੇਂਦੀਆਂ ਹਨ ਤੇ ਘਰਾਂ ਵਿੱਚ ਮਧਾਣੀ ਘੁੰਮਦੀ ਹੈ (ਸਵਾਣੀ ਦਹੀਂ ਰਿੜਕਦੀ ਹੈ)। ਇਸ ਰਿੜਕਣ ਤੋਂ ਤਿਆਰ ਹੋਇਆ ਘਿਓ ਫਿਰ ਹੋਮ-ਯੱਗ ਅਤੇ ਪੂਜਾ ਵਿੱਚ ਵਰਤਿਆ ਜਾਂਦਾ ਹੈ ਅਤੇ ਕਾਰਜ ਸੰਪੂਰਨ ਹੁੰਦੇ ਹਨ। ਭੋਜਨ ਪਦਾਰਥ ਤਿਆਰ ਕਰਨ ਵਿੱਚ ਵੀ ਪਾਣੀ ਦੀ ਵਰਤੋਂ ਹੁੰਦੀ ਹੈ। ਗੰਦੇ ਹੋ ਚੁੱਕੇ ਕੱਪੜੇ ਆਦਿ ਵੀ ਪਾਣੀ ਦੀ ਵਰਤੋਂ ਤੋਂ ਹੀ ਸਾਫ਼ ਹੁੰਦੇ ਹਨ:

ਜਲ ਮਹਿ ਜੋਤਿ ਰਹਿਆ ਭਰਪੂਰਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-411)
ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ॥
(ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-411)
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
---
ਵੂਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥
ਵੂਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥
ਵੂਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ॥
ਤਿਤਿ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-150)
ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-4)

ਪਾਣੀ ਦੀ ਬਦੌਲਤ ਹੀ ਅੰਨ, ਕਮਾਦ, ਕਪਾਹ ਅਤੇ ਗੰਨਾ ਆਦਿਕ ਫ਼ਸਲਾਂ ਉਪਜਦੀਆਂ-ਵਿਗਸਦੀਆਂ ਹਨ। ਇਸ ਪਾਣੀ ਦੇ ਸਦਕਾ ਹੀ ਸਾਰੀ ਬਨਸਪਤੀ ਮੌਲਦੀ ਹੈ। ਜਲ ਤੋਂ ਬਿਨਾ ਮਨੁੱਖ ਦੀ ਪਿਆਸ ਵੀ ਕਦ ਬੁਝੀ ਹੈ?:

ਤੋਇਅਹੁ ਅੰਨੁ ਕਮਾਦ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
(ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1290)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤਾਂ ਕੁਦਰਤ ਦੇ ਇਹ ਰੂਪ ਵਿਸਮਾਦਿਤ ਕਰ ਦਿੰਦੇ ਹਨ। ਆਪ ਜੀ ਨੂੰ ਇਨ੍ਹਾਂ ਵਿੱਚ ਰੱਬ ਦੇ ਦੀਦਾਰ ਹੁੰਦੇ ਹਨ:

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)
ਆਪੇ ਪਉਣੁ ਪਾਣੀ ਬੈਸੰਤਰ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1020)
ਏਕੁ ਅਚਾਰੁ ਰੰਗੁ ਇਕੁ ਰੂਪੁ॥
ਪਉਣ ਪਾਣੀ ਅਗਨੀ ਅਸਰੂਪ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-929)
ਊਰਧ ਧੂਰਮ ਜੋਤਿ ਉਜਾਲਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-930)
ਆਪੇ ਭਵਰੁ ਫੁਲੁ ਫਲੁ ਤਰਵਰੁ॥
ਆਪੇ ਜਲੁ ਥਲੁ ਸਾਗਰੁ ਸਰਵਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1020)

ਇਸ ਸੰਦਰਭ ਵਿੱਚ ਨਿਰਾਕਾਰ-ਅਰੂਪ, ਅਦ੍ਰਿਸ਼ਟ ਪ੍ਰਭੂ ਦਾ ਸਾਕਾਰ-ਸਰਗੁਣ ਰੂਪ ਕੁਦਰਤ ਆਖੀ ਜਾ ਸਕਦੀ ਹੈ। ਇਸ ਲਈ ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਕਾਦਰ ਦੇ ਸਰਗੁਣ ਰੂਪ ਨੂੰ ਮੈਲਾ ਨਾ ਹੋਣ ਦੇਈਏ। ਗੁਰੂ ਸਾਹਿਬ ਦਾ ਆਖਣਾ ਹੈ ਕਿ ਪਾਣੀ ਦੇ ਵੱਡੇ ਵਹਿਣ (ਦਰਿਆ) ਵੀ ਪ੍ਰਭੂ ਦੇ ਹੁਕਮਾਂ ਵਿੱਚ ਵਗ ਰਹੇ ਹਨ। ਹਵਾ, ਪਾਣੀ ਅਤੇ ਅੱਗ ਕੁਦਰਤ ਦੇ ਗਹਿਣੇ ਰੂਪ ਹਨ। ਪਾਣੀ ਵਿੱਚ (ਜ਼ਮੀਨ ਸਮੇਤ) ਜੀਵਾਂ ਦਾ ਨਿਵਾਸ ਹੈ। (ਜਲਿ ਥਲਿ ਜੀਆ -ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-466) ਪਾਣੀ ਜੀਵ ਵਿੱਚ ਪ੍ਰਾਣਾਂ ਦਾ ਸੰਚਾਰ ਕਰਦਾ ਹੈ:

ਭੈ ਵਿਚਿ ਚਲਹਿ ਲਖ ਦਰੀਆਉ॥ (ਸਲੋਕ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)
ਗਹਣੇ ਪਉਣੁ ਪਾਣੀ ਬੈਸੰਤਰੁ (ਸਲੋਕ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-465)
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
(ਸਲੋਕੁ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-472)

ਗੁਰੂ ਨਾਨਕ ਸਾਹਿਬ ਜਲ ਨੂੰ ਜੀਵਨ-ਦਾਤਾ ਖ਼ਿਆਲ ਕਰਦੇ ਹਨ। ਧਰਤੀ (ਦੀ ਹੋਂਦ) ਵੀ ਪਾਣੀ ਕਰਕੇ ਹੀ ਹੈ। ਇਸੇ ਲਈ ਗੁਰੂ ਸਾਹਿਬ ਪਾਣੀ ਨੂੰ ਸੰਸਾਰ ਦਾ ਪਿਤਾ ਆਖਦੇ ਹਨ। ਜੀਵ ਪ੍ਰਤਿਪਾਲਨਾ ਦੇ ਇਨਾਂ ਗੁਣਾਂ ਕਾਰਨ ਹੀ ਗੁਰੂ ਨਾਨਕ ਅਤੇ ਹੋਰ ਬਾਣੀਕਾਰ ਪਾਣੀ ਨੂੰ ਵਾਰ-ਵਾਰ ਪਿਤਾ ਆਖ ਕੇ ਸਤਿਕਾਰਦੇ ਹਨ:

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ
(ਸਲੋਕੁ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-473)
ਪਾਣੀ ਪਿਤਾ ਜਗਤ ਕਾ (ਮਹਲਾ 1,
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1240)
ਪਉਣ ਗੁਰੂ ਪਾਣੀ ਪਿਤ ਜਾਤਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1021)
ਪਉਣੁ ਗੁਰੂ ਪਾਣੀ ਪਿਤਾ
(ਮ:2, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-146)

ਧਰਤੀ ਉਮਾਤਾ ਧਰਤਿ ਮਹਤੁ" ਰਾਹੀਂ ਗੁਰੂ ਸਾਹਿਬ ਨੇ ਧਰਤੀ ਦਾ ਮਹੱਤਵ ਮਾਂ ਜਿਹਾ ਦੱਸਿਆ ਹੈ। ਮਨੁੱਖ ਦੇ ਜੀਵਨ ਵਿੱਚ ਮਾਂ ਦਾ ਬੜਾ ਵੱਡਾ ਮਹੱਤਵ ਹੁੰਦਾ ਹੈ। ਉਹ ਮਨੁੱਖ ਨੂੰ ਜਨਮ ਦਿੰਦੀ ਹੈ, ਉਸਦਾ ਪਾਲਣ-ਪੋਸ਼ਣ ਕਰਦੀ ਹੈ ਤੇ ਆਪ ਦੁੱਖ ਸਹਿੰਦੀ ਹੋਈ, ਸਾਰੀ ਉਮਰ, ਉਸ 'ਤੇ ਕੋਈ ਕਸ਼ਟ ਨਹੀਂ ਆਉਣ ਦਿੰਦੀ। ਉਹ ਮਨੁੱਖ ਦੇ ਸਿਰ 'ਤੇ ਗੂੜ੍ਹੀ ਛਾਂ ਵਰਗੀ ਹੁੰਦੀ ਹੈ, ਜੋ ਉਸਨੂੰ ਦੁੱਖਾਂ-ਕਸ਼ਟਾਂ ਦੀ ਤਪਸ਼ ਤੋਂ ਬਚਾ ਕੇ ਰੱਖਦੀ ਹੈ। ਮਨੁੱਖ ਆਪਣੀ ਮਾਤਾ ਦੇ ਗਰਭ ਵਿੱਚ ਲਗਭਗ ਨੌਂ ਮਹੀਨੇ ਰਹਿੰਦਾ ਹੈ ਤੇ ਮਗਰੋਂ ਉਹ ਸਾਰੀ ਉਮਰ ਧਰਤੀ ਰੂਪ ਮਾਂ ਦੀ ਗੋਦ ਵਿੱਚ ਹੀ ਗੁਜ਼ਾਰਦਾ ਹੈ। ਧਰਤੀ ਮਾਂ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹੈ।

ਧਰਤੀ ਮਾਂ ਆਪਣੇ ਕੋ.ਲ ਪਏ ਹੋਏ ਕੁਦਰਤ ਦੇ ਅਮੁੱਲ ਖ਼ਜ਼ਾਨੇ ਆਪਣੀ ਸੰਤਾਨ ਦੇ ਹਵਾਲੇ ਕਰਦੀ ਹੈ ਅਤੇ ਆਪਣੀ ਸੰਤਾਨ ਨੂੰ ਸਾਧਨ-ਸੰਪੰਨ ਦੇਖਣਾ ਚਾਹੁੰਦੀ ਹੈ। ਮਨੁੱਖ ਜੇਕਰ ਚੰਗਾ ਪੁੱਤ ਬਣ ਕੇ ਮਾਂ ਵਾਂਗ ਧਰਤੀ ਦਾ ਸਤਿਕਾਰ ਕਰੇ ਅਤੇ ਇਸ ਨਾਲ ਚੰਗਾ ਵਤੀਰਾ ਰੱਖੇ ਤਾਂ ਉਹ ਕਈ ਬਿਪਤਾਵਾਂ ਤੋਂ ਬਚ ਸਕਦਾ ਹੈ। ਧਰਤੀ ਮਾਤਾ ਖਿਮਾ ਦਾ ਚਿੰਨ੍ਹ ਹੈ। ਧਰਤੀ ਨੂੰ ਚਾਹੇ ਕੋਈ ਖੋਦੇ, ਚਾਹੇ ਉਸ ਉੱਪਰ ਚੰਦਨ ਆਦਿਕ ਸੁਗੰਧਤ ਵਸਤਾਂ ਦਾ ਲੇਪ ਕਰਦਾ ਫਿਰੇ, ਧਰਤੀ ਸਭ ਨਾਲ ਇੱਕੋ ਜਿਹਾ ਹੀ ਸਲੂਕ ਰੱਖਦੀ ਹੈ। ਧਰਤੀ ਉੱਪਰ ਲੇਪ ਕਰਨ ਵਾਲੇ ਨੂੰ ਉਹ ਕੋਈ ਵਿਸ਼ੇਸ਼ ਵਸਤੂ ਨਹੀਂ ਬਖ਼ਸ਼ਦੀ ਅਤੇ ਇਸ ਨੂੰ ਖੋਦਣ ਵਾਲੇ ਨੂੰ ਕੋਈ ਚੀਜ਼ ਘੱਟ ਨਹੀਂ ਦਿੰਦੀ, ਉਸਦੀਆਂ ਦਾਤਾਂ ਤਾਂ ਉਸਦੀਆਂ ਸਾਰੀਆਂ ਸੰਤਾਨਾਂ ਲਈ ਸਾਵੀਆਂ ਅਤੇ ਸੰਤੁਲਿਤ ਹੁੰਦੀਆਂ ਹਨ। ਬ੍ਰਹਮ-ਗਿਆਨੀਆਂ ਨੂੰ ਧਰਤੀ ਜਿਹੇ ਖਿਮਾਵੰਤ ਅਤੇ ਵਿਸ਼ਾਲ ਹਿਰਦੇ ਵਾਲੇ ਦਰਸਾਇਆ ਗਿਆ ਹੈ। ਮਨੁੱਖ ਨੂੰ ਵੀ ਸ਼ਹਿਨਸ਼ੀਲਤਾ ਅਤੇ ਖਿਮਾ ਦੇ ਗੁਣ ਧਰਤੀ ਤੋਂ ਧਾਰਨ ਕਰਨੇ ਚਾਹੀਦੇ ਹਨ।

ਧਰਤੀ, ਸਭ ਦੇ ਜਨਮ ਹਿਤ ਮਹੱਤਵਪੂਰਨ ਕਾਰਕ ਹੈ। ਇਹ ਮਾਂ ਵਾਂਗ ਆਪਣੀ ਗੋਦ ਵਿੱਚ ਸਾਰਿਆਂ ਨੂੰ ਖਿਡਾਉਂਦੀ ਹੈ ਅਤੇ ਅੰਤ ਸਾਰਾ ਦਿਸਦਾ ਇਸੇ ਮਾਂ ਦੀ ਗੋਦ ਵਿੱਚ ਹੀ ਸਦਾ ਦੀ ਨੀਂਦ ਸੌਂ ਜਾਂਦਾ ਹੈ। ਇਸੇ 'ਉਦਰ ਸੰਜੋਗ' ਕਾਰਨ ਧਰਤੀ, ਮਾਂ ਅਖਵਾਏ ਜਾਣ ਦੀ ਪੂਰਨ ਅਧਿਕਾਰੀ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਸ੍ਰਿਸ਼ਟੀ ਦੇ ਸਮੁੱਚੇ ਜੀਵ-ਜੰਤੂਆਂ ਦੀ ਇਹ ਮਾਂ ਧਰਤੀ, ਪਰਮਾਤਮਾ ਨੇ ਆਪ ਸਾਜੀ ਹੈ ਅਤੇ ਮਨੁੱਖ ਨੇ ਇਸੇ ਧਰਤੀ ਤੋਂ ਜਨਮ ਲੈ ਕੇ ਕੁਦਰਤ ਦੀ ਸਰਬ-ਉੱਤਮ ਰਚਨਾ ਵਜੋਂ ਮਾਣ ਪਾਇਆ ਹੈ।

ਪਰਮਾਤਮਾ ਦੇ ਹੁਕਮ ਵਿੱਚ ਸਾਜੀ ਗਈ ਇਸ ਧਰਤੀ ਨੂੰ ਗੁਰੂ ਅਮਰਦਾਸ ਜੀ 'ਸਚੀ ਧਰਮਸਾਲਾ' ਆਖਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਇਸ ਦਾਤੀ ਮਾਂ (ਜਿਹੜੀ ਹਰ ਦਾਤ ਦੇਣ ਦੇ ਸਮਰੱਥ ਹੈ) ਨੂੰ ਮਨੁੱਖ ਪਾਸੋਂ ਕਿਸੇ ਭੇਟਾ ਜਾਂ ਚੀਜ਼ ਦੀ ਲੋੜ ਨਹੀਂ। ਭਾਵ ਇਹ ਮਨੁੱਖ ਪਾਸੋਂ ਕੋਈ ਆਸ ਨਹੀਂ ਰੱਖਦੀ (ਕਿਉਂਕਿ ਮਾਂ ਹੈ) ਪਰ ਮਨੁੱਖ ਦਾ ਇਹ ਇਖ਼ਲਾਕੀ ਫ਼ਰਜ਼ ਤਾਂ ਬਣ ਹੀ ਜਾਂਦਾ ਹੈ ਕਿ ਆਪਣੀ ਮਾਂ ਦੀ ਸੇਵਾ-ਸੰਭਾਲ ਕਰੇ। ਲਾਇਕ ਪੁੱਤਰ ਦੇ ਹੁੰਦਿਆਂ-ਸੁੰਦਿਆਂ ਉਸ ਦੀ ਮਾਂ ਦੀ ਕਿਸੇ ਵੀ ਪੱਖ ਤੋਂ ਬੇ-ਪਤੀ ਨਾ ਹੋਵੇ। ਆਪਣੀ ਧਰਤੀ ਮਾਂ ਨੂੰ ਸਦਾ ਲਈ ਹਰੀ-ਭਰੀ ਰੱਖਣ ਹਿਤ ਸੁਹਿਰਦ ਯਤਨ ਕਰਨੇ ਚਾਹੀਦੇ ਹਨ। **(ਬਾਕੀ ਅਗਲੇ ਸਫੇ 'ਤੇ)**

### 06 ਦਸੰਬਰ, 2019 ਲਈ ਵਿਸ਼ੇਸ਼

# ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਨੇ

06 ਦਸੰਬਰ, 2019 ਨੂੰ ਅਸੀਂ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾ ਰਹੇ ਹਾਂ। ਡਾਕਟਰ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾਬਾਈ ਮੁਰਬਾਦਕਰ ਸੀ। ਡਾਕਟਰ ਅੰਬੇਡਕਰ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਮੰਨੂਵਾਦੀ ਪ੍ਰਥਾ ਅਨੁਸਾਰ ਅਛੂਤ ਕਹੀ ਜਾਂਦੀ ਸੀ ਅਤੇ ਉਹਨਾਂ ਨਾਲ ਹਰ ਪੱਧਰ ਤੇ ਭੇਦਭਾਵ ਕੀਤਾ ਜਾਂਦਾ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਫੌਜ ਵਿੱਚ ਨੌਕਰੀ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਵੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਸਕੂਲੀ ਪੜ੍ਹਾਈ ਵਿੱਚ ਨਿਪੁੰਨ ਹੋਣ ਦੇ ਬਾਵਜੂਦ ਡਾਕਟਰ ਅੰਬੇਡਕਰ ਨੂੰ ਸਕੂਲ ਵਿੱਚ ਅਲੱਗ ਬਿਠਾਇਆ ਜਾਂਦਾ ਸੀ। ਕੁਝ ਸਮੇਂ ਬਾਅਦ ਡਾਕਟਰ ਅੰਬੇਡਕਰ ਦੇ ਪਿਤਾ ਪਰਿਵਾਰ ਸਮੇਤ ਮੁੰਬਈ ਆ ਗਏ ਜਿੱਥੇ ਕਿ ਅੰਬੇਡਕਰ ਐਲਫਿੰਸਟੋਲ ਰੋਡ ਸਥਿਤ ਸਰਕਾਰੀ ਹਾਈ ਸਕੂਲ ਦੇ ਪਹਿਲੇ ਅਛੂਤ ਵਿਦਿਆਰਥੀ ਬਣੇ। ਇੱਥੇ ਵੀ ਉਨ੍ਹਾਂ ਨਾਲ ਜਾਤਿ ਅਧਾਰਿਤ ਭੇਦਭਾਵ ਹੁੰਦਾ ਰਿਹਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਦੋਸਤ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚ ਦਾਖਲਾ ਲਿਆ। ਮਹਾਰਾਜਾ ਬੜੋਦਾ ਦੇ ਗਾਇਕਵਾੜ ਸ਼ਾਸ਼ਕ ਨੇ ਉਹਨਾਂ ਨੂੰ ਉੱਚ ਵਿਦਿਆ ਪ੍ਰਾਪਤ ਕਰਨ ਲਈ ਸਰਕਾਰੀ ਖਰਚੇ ਤੇ ਅਮਰੀਕਾ ਭੇਜ ਦਿੱਤਾ। ਡਾਕਟਰ ਅੰਬੇਡਕਰ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਮਹਾਰਾਜਾ ਬੜੌਦਾ ਨੇ ਡਾਕਟਰ ਅੰਬੇਡਕਰ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਅਛੂਤ ਹੋਣ ਕਾਰਨ ਉੱਚ ਜਾਤਿ ਦੇ ਕਰਮਚਾਰੀ ਨਫਰਤ ਨਾਲ ਹੀ ਦੇਖਦੇ ਰਹੇ। ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉੱਚੇ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਬ੍ਰਿਟਿਸ਼ ਸਰਕਾਰ ਇਸਦਾ ਕਾਰਨ ਇਹ ਮੰਨਦੀ ਸੀ ਕਿ ਭਾਰਤੀਆਂ ਦੀ ਵਿਦਿਅਕ ਪੱਖੋਂ ਮੈਰਿਟ ਅੰਗਰੇਜਾਂ ਨਾਲੋਂ ਹੇਠਾਂ ਹੈ। ਭਾਰਤੀ ਲੋਕਾਂ ਵਲੋਂ ਕਿਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ ਇੱਕ ਐਂਗਲੋ ਇੰਡ-ਿਅਨ ਲਈ ਰੱਖੀ ਗਈ। ਡਾਕਟਰ ਅੰਬੇਡਕਰ ਨੇ ਇਸ ਸਮਿਤੀ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਕਿ ਸ਼ੂਦਰਾਂ ਲਈ ਵੀ ਅਲੱਗ ਅਧਿਕਾਰ ਰੱਖੇ ਜਾਣ ਪਰੰਤੂ ਹਿੰਦੂਆਂ ਨੇ ਡਾਕਟਰ ਅੰਬੇਡਕਰ ਦੀ ਇਸ ਮੰਗ ਦਾ ਸੱਖਤੀ ਨਾਲ ਵਿਰੋਧ ਕੀਤਾ। ਡਾਕਟਰ ਅੰਬੇਡਕਰ ਅਤੇ ਹੋਰ ਆਗੂਆ ਨੇ ਇਸ ਵਿਰੋਧ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਜਿਸਤੋਂ ਬਾਦ ਅੰਗਰੇਜ ਸਰਕਾਰ ਨੇ ਸ਼ੂਦਰਾਂ ਦੀ ਹਾਲਤ ਜਾਨਣ ਲਈ ਸਾਇਮਨ ਕਮਿਸ਼ਨ ਭਾਰਤ ਭੇਜਿਆ। ਇਸ ਸਾਇਮਨ ਕਮਿਸ਼ਨ ਦਾ ਡਾਕਟਰ ਅੰਬੇਡਕਰ ਅਤੇ ਹੋਰ ਆਗੂਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਸ਼ਾਮਿਲ ਸਨ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਅਪਣੀਆਂ ਮੰਗਾਂ ਇਸ ਕਮਿਸ਼ਨ ਅੱਗੇ




ਰੱਖੀਆਂ। ਕਈ ਹਿੰਦੂ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਇਸਤੋਂ ਬਾਦ ਕਮਿਸ਼ਨ ਦੀਆਂ ਤਿੰਨ ਮੀਟਿੰਗਾਂ ਲੰਡਨ ਵਿੱਚ ਹੋਈਆਂ ਜਿਸ ਵਿੱਚ ਉਨ੍ਹਾਂ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗੱਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸ ਅਨੁਸਾਰ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਵਾਂਗ ਅਛੂਤਾਂ ਨੂੰ ਵੀ ਘੱਟ ਗਿਣਤੀ ਦੇ ਮੰਨਦੇ ਹੋਏ ਵੱਖਰੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦੇ ਦਿਤਾ ਜਿਸਦਾ ਕੱਟੜ ਹਿੰਦੂ ਨੇਤਾਵਾਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ। ਗਾਂਧੀ ਦੇ ਇਸ ਮਰਨ ਵਰਤ ਕਾਰਨ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਉਨ੍ਹਾਂ ਤੇ ਦਬਾਓ ਵੱਧ ਗਿਆ। ਅੰਤ 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸ ਵਿੱਚ ਅਛੂਤਾਂ ਨੂੰ ਮਿਲਿਆ ਵੱਖਰੀ ਪ੍ਰਤੀਨਿਧਤਾ ਦਾ ਅਧਿਕਾਰ ਖਤਮ ਕੀਤਾ ਗਿਆ। ਉਨ੍ਹਾਂ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਉਨ੍ਹਾਂ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਉਨ੍ਹਾਂ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ 25 ਦਸੰਬਰ, 1927 ਨੂੰ ਮਨੂੰ ਸਮ੍ਰਿਤੀ ਨੂੰ ਜਲਾਇਆ। ਉਨ੍ਹਾਂ ਨ 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ। 1936 ਵਿੱਚ ਉਨ੍ਹਾਂ ਨੇ ਅਪਣੇ ਪੁੱਤਰ ਜਸ਼ਵੰਤ ਰਾਓ ਅਤੇ ਭਤੀਜੇ ਨੂੰ ਦਰਬਾਰ ਸਾਹਿਬ ਭੇਜਿਆ ਜਿੱਥੇ ਉਹ ਲੱਗਭੱਗ ਡੇਢ ਮਹੀਨਾ ਰਹੇ। ਕੁੱਝ ਉੱਚ ਜਾਤੀ ਦੇ ਲੀਡਰਾਂ ਨੇ ਉਨ੍ਹਾਂ ਨੂੰ ਸਿੱਖ ਧਰਮ ਅਪਣਾਉਣ ਤੋਂ ਰੋਕਣ ਲਈ ਚਾਲ ਚੱਲੀ ਅਤੇ ਅੰਤ ਇਹ ਚਾਲ ਕਾਮਯਾਬ ਹੋ ਗਈ ਅਤੇ ਦੇਸ਼ ਦੇ 6 ਕਰੋੜ ਅਛੂਤ ਸਿੱਖ ਧਰਮ ਨਾਂ ਅਪਣਾ ਸਕੇ। ਸੱਚੀ ਸਾਖੀ ਕਿਤਾਬ ਦੇ ਲੇਖਕ ਅਤੇ ਸਾਬਕਾ ਆਈ ਸੀ ਐਸ ਅਫਸਰ ਅਤੇ ਸਾਬਕਾ ਵਿਧਾਇਕ ਅਤੇ ਲੋਕ ਸਭਾ ਮੈਂਬਰ ਸਰਦਾਰ ਕਪੂਰ ਸਿੰਘ ਅਨੁਸਾਰ ਸਿੱਖ ਧਰਮ ਅਤੇ ਅਕਾਲੀ ਦੱਲ ਵਿੱਚ ਬੈਠੇ ਕੁੱਝ ਉੱਚ ਜਾਤਿ ਦੇ ਆਗੂਆਂ ਨੇ ਅਪਣੀ ਕੁਰਸੀ ਕਾਇਮ ਰੱਖਣ ਲਈ ਗੁੱਝੀਆਂ ਚਾਲਾਂ ਚੱਲਕੇ ਡਾਕਟਰ ਅੰਬੇਡਕਰ ਅਤੇ ਕਰੋੜਾਂ ਅਛੂਤਾਂ ਨੂੰ ਸਿੱਖ ਧਰਮ ਵਿੱਚ ਆਣ ਤੋਂ ਰੋਕਿਆ। 15 ਅਗਸਤ 1947 ਨੂੰ ਭਾਰਤ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ।



ਕੁਲਦੀਪ ਚੰਦ
91-9417563054

ਅਜ਼ਾਦ ਭਾਰਤ ਦਾ ਅਪਣਾ ਸੰਵਿਧਾਨ ਲਿਖਣ ਲਈ 29 ਅਗਸਤ, 1947 ਨੂੰ ਬਣਾਈ ਗਈ ਕਮੇਟੀ ਵਿੱਚ ਉਹ ਕਮੇਟੀ ਦੇ ਚੇਅਰਮੈਨ ਬਣਾਏ ਗਏ ਅਤੇ ਉਨ੍ਹਾਂ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਲਈ ਅਹਿਮ ਭੂਮਿਕਾ ਨਿਭਾਈ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਕਰੋੜ੍ਹਾਂ ਅਛੂਤਾਂ ਵਾਂਗ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਉਨ੍ਹਾਂ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸ-ਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ, 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਅੰਤ ਦਿੱਲੀ ਵਿੱਚ ਅੱਜ ਦੇ ਦਿਨ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਸਾਹਿਬ ਨੂੰ 1990 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ 2016 ਦਾ ਸਾਲ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਹੈ। ਅੱਜ ਸਿਰਫ ਭਾਰਤ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਬਾਬਾ ਸਾਹਿਬ ਨੂੰ ਸ਼ਰਧਾਂਜ਼ਲੀ ਦਿਤੀ ਜਾ ਰਹੀ ਹੈ।

# ਗੁਰੂ ਨਾਨਕ ਬਾਣੀ ਵਿੱਚ ਵਾਤਾਵਰਨ-ਚੇਤਨਾ

ਉਧਰਣਿ ਸੁਵੰਨੀ ਖੜ ਰਤਨ ਜੜਾਵੀ" (ਅੰਗ-322) ਤੁਕਾਂਗ ਅਨੁਸਾਰ ਹਰੀ ਭਰੀ ਧਰਤੀ, ਜਿਸ ਉੱਪਰ ਤ੍ਰੇਲ ਰੂਪ ਮੋਤੀ ਬਿਖਰੇ ਹੋਏ ਹੋਣ, ਸੁੰਦਰ ਦਿਖਾਈ ਦਿੰਦੀ ਹੈ। ਇਸਦਾ ਭਾਵ ਹੈ ਕਿ ਹਰਿਆਵਲ ਵਿਹੂਣੀ ਧਰਤੀ ਸੁੰਦਰਤਾ ਤੋਂ ਕੋਰੀ ਹੋਵੇਗੀ। ਸੋ ਇਸ ਤੁਕਾਂਗ ਵਿੱਚ ਵੀ ਧਰਤੀ ਨੂੰ ਹਰਿਆਵਲ ਭਰਪੂਰ ਰੱਖੇ ਜਾਣ ਦਾ ਸੁਨੇਹਾ ਦਿੱਤਾ ਗਿਆ ਹੈ। ਜਿੱਥੇ ਪਿਆਰੇ ਸਤਿਗੁਰੂ ਬਿਰਾਜਦੇ ਹਨ, ਉਸ ਧਰਤੀ ਨੂੰ ਹਰੀ-ਭਰੀ ਆਖਿਆ ਗਿਆ ਹੈ। ਇਸ ਪੰਕਤੀ ਵਿੱਚ ਵੀ ਹਰਿਆਵਲ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ ਤਾਂ ਹੀ ਤਾਂ ਸਤਿਗੁਰੂ ਜੀ ਦੇ ਬਿਰਾਜਣ ਦੀ ਥਾਂ ਨੂੰ ਹਰਿਆ-ਭਰਿਆ ਦੱਸਿਆ ਗਿਆ ਹੈ। ਜਿਹੜੇ ਜੀਵ ਚੱਲ ਕੇ ਸਤਿਗੁਰੂ ਦੇ ਦਰਸ਼ਨ ਕਰਦੇ ਹਨ, ਉਨ੍ਹਾਂ ਦੇ ਮਨ ਦਾ ਹਰਿਆ-ਭਰਿਆ ਹੋ ਜਾਣਾ (ਖੇੜੇ ਵਿੱਚ ਆ ਜਾਣਾ) ਵੀ ਹਰਿਆਵਲ ਲਈ ਇੱਕ ਸ਼ਾਬਾਸ਼ੀ ਹੈ। ਹਰਿਆਵਲ ਖੇੜੇ ਦਾ ਪ੍ਰਤੀਕ ਮੰਨੀ ਗਈ ਹੈ:

ਪਉਣੁ ਗੁਰੂ ਪਾਣੀ ਪਿਤ ਜਾਤਾ॥
ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥
(ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1021)

ਤਦ ਮਨੁੱਖ ਦਾ ਵੀ ਫ਼ਰਜ਼ ਬਣ ਜਾਂਦਾ ਹੈ ਕਿ ਜਿਹੜੀ ਮਾਂ (ਧਰਤੀ) ਉਸਦੀ ਖੁਸ਼ਹਾਲੀ ਦਾ ਆਧਾਰ ਹੈ, ਉਹ ਉਸਦੀ ਸੰਭਾਲ ਕਰੇ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਮਨੁੱਖ ਧਰਤੀ ਉੱਪਰ ਹੀ ਪੈਦਾ ਹੁੰਦਾ ਹੈ ਅਤੇ ਇਸੇ ਅੰਦਰ ਹੀ ਸਮਾਅ ਜਾਂਦਾ ਹੈ (ਭਾਵ ਧਰਤੀ ਹੀ ਇਸ ਦੇ ਜੀਵਨ ਦਾ ਆਧਾਰ ਹੈ) ਪਰ ਇਹ ਮਨੁੱਖ ਏਨੇ (ਬੇਅੰਤ) ਗੁਣਾਂ ਵਾਲੀ ਧਰਤੀ ਦੀ ਫਿਰ ਵੀ ਕਦਰ ਨਹੀਂ ਕਰਦਾ। ਇਹ ਪਾਵਨ ਬਚਨ ਮਨੁੱਖ ਨੂੰ ਇਸ ਧਰਤੀ ਦੀ ਸੇਵਾ-ਸੰਭਾਲ ਪ੍ਰਤੀ ਪ੍ਰੇਰਿਤ ਕਰਨ ਹਿਤ ਕਿੰਨਾ ਮਹੱਤਵਪੂਰਨ ਹੈ:

ਮਰਣ ਜੀਵਣ ਕਉ ਧਰਤੀ ਦੀਨੀ
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-877)

**ਰੁੱਖ**

ਮਨੁੱਖ ਦਾ ਜਨਮ, ਵਿਕਾਸ ਅਤੇ ਅੰਤ ਕੁਦਰਤ ਨਾਲ ਇਕਮਿਕ ਹੈ। ਇਸੇ ਕਰਕੇ ਦੋਹਾਂ ਦੀ ਦੀ ਆਪਸ ਵਿੱਚ ਡੂੰਘੀ ਸਾਂਝ ਹੈ। ਸੱਭਿਅਤਾ ਦੇ ਦੌਰ ਦੇ ਮੁਢਲੇ ਮਨੁੱਖ ਨੂੰ 'ਬਨਵਾਸੀ' ਆਖਿਆ ਗਿਆ ਹੈ, ਜਿਸਦਾ ਭਾਵ ਹੈ ਵਣਾਂ (ਜੰਗਲਾਂ) ਵਿੱਚ ਵਿਚਰਨ ਵਾਲਾ। ਇਹ ਤੱਥ ਵੀ ਮਨੁੱਖ ਦੀ ਕੁਦਰਤ ਨਾਲ ਨੇੜਤਾ ਅਤੇ ਇਕਮਿਕਤਾ ਨੂੰ ਦਰਸਾਉਂਦਾ ਹੈ। ਇਹ ਉਹ ਦੌਰ ਸੀ, ਜਦੋਂ ਮਨੁੱਖ ਆਪਣੀ ਹਰ ਛੋਟੀ-ਵੱਡੀ ਲੋੜ ਕੁਦਰਤ ਵਿੱਚੋਂ ਹੀ ਪੂਰੀ ਕਰਦਾ ਸੀ। ਇਹ ਰੁੱਖ ਹੀ ਸਨ, ਜਿਨ੍ਹਾਂ ਦੇ ਫ਼ਲ ਅਤੇ ਫੁੱਲ ਉਹ ਮਨੁੱਖ ਭੋਜਨ ਵਜੋਂ ਵਰਤਦਾ ਸੀ, ਫ਼ਲਾਂ ਅਤੇ ਫੁੱਲਾਂ ਦੇ ਅਭਾਵ ਵਿੱਚ ਰੁੱਖਾਂ ਦੇ ਪੱਤਿਆਂ ਨੂੰ ਹੀ ਆਹਾਰ ਬਣਾਇਆ ਜਾਂਦਾ ਸੀ। ਰੁੱਖਾਂ ਦੀ ਓਟ ਵਿੱਚ ਆਵਾਸ ਕੀਤਾ ਜਾਂਦਾ ਸੀ ਅਤੇ ਉਹ ਇਨ੍ਹਾਂ ਦੀਆਂ ਛਿੱਲਾਂ ਉਧੇੜ ਕੇ ਆਪਣਾ ਜਿਸਮ ਕੱਜਦਾ ਸੀ। ਪੱਤਿਆਂ ਆਦਿ ਦੀ ਵਰਤੋਂ ਵੀ ਇਸ ਕੰਮ ਲਈ ਕੀਤੀ ਜਾਂਦੀ ਸੀ।

ਅਜੋਕੇ ਦੌਰ ਦਾ ਮਨੁੱਖ ਭਾਵੇਂ ਰੁੱਖਾਂ ਦੀ ਮਹੱਤਤਾ ਨੂੰ ਓਨਾ ਨਹੀਂ ਪਛਾਣਦਾ ਪਰ ਉਸਦੀਆਂ ਬਹੁਤੀਆਂ ਲੋੜਾਂ ਹੁਣ ਵੀ ਇਨ੍ਹਾਂ ਦੀ ਸਹਾਇਤਾ ਨਾਲ ਹੀ ਪੂਰੀਆਂ ਹੁੰਦੀਆਂ ਹਨ। ਰੁੱਖ ਧਰਤੀ ਦਾ ਸ਼ਿੰਗਾਰ ਹਨ। ਗੁਰਬਾਣੀ ਵਿੱਚ ਗਾਹੇ-ਬਗਾਹੇ ਰੁੱਖਾਂ ਨੂੰ ਵਡਿਆਇਆ ਗਿਆ ਹੈ। ਗੁਰੂ ਸਾਹਿਬ ਆਖਦੇ ਹਨ ਕਿ ਕੁਦਰਤ ਦੀ ਸਾਰੀ ਰਚਨਾ ਉਸ ਕਾਦਰ ਪਰਮਾਤਮਾ ਵਲੋਂ ਖ਼ੁਦ ਕੀਤੀ ਗਈ ਹੈ। ਇਹ ਰਚਨਾ ਕਰ ਕੇ ਉਹ ਆਪ ਇਸ ਵਿੱਚ ਸਮਾਅ ਬੈਠਾ ਹੈ। ਸਤਿਗੁਰੂ ਦੁਆਰਾ ਬਖ਼ਸ਼ਿਸ਼ ਕੀਤੀ ਹੋਈ ਅੱਖ ਨਾਲ ਉਹ ਪਰਮਾਤਮਾ ਇਸ ਅੰਦਰੋਂ ਦਿਖਾਈ ਪੈਂਦਾ ਹੈ। ਜਿਸ ਤਰ੍ਹਾਂ ਦੁੱਧ ਵਿੱਚ ਘਿਓ ਹੁੰਦਾ ਹੈ ਪਰ ਸਹਿਜੇ ਹੀ ਦਿਖਾਈ ਨਹੀਂ ਦਿੰਦਾ (ਦੁੱਧ ਨੂੰ ਮਥਣਾ ਪੈਂਦਾ ਹੈ), ਇਸੇ ਤਰ੍ਹਾਂ ਬਨਸਪਤੀ ਅੰਦਰ ਕਾਰਜਰਤ ਅੱਗ ਦੀ ਨਿਆਈਂ ਉਹ ਕੁਦਰਤ ਵਿੱਚ ਪਸਰਿਆ ਹੋਇਆ ਹੈ, ਜਿਸ ਨੂੰ ਜਾਨਣ ਅਤੇ ਸਮਝਣ ਲਈ ਆਤਮ-ਮੰਥਨ ਦੀ ਲੋੜ ਹੁੰਦੀ ਹੈ। ਉਗੁਰਬਾਣੀ ਵਿਚ ਵੀ ਸਾਰੀ ਸ੍ਰਿਸ਼ਟੀ ਦੀ ਅਠਾਰਾਂ ਵਾਰ ਬਨਸਪਤੀ ਨੂੰ ਪ੍ਰਭੂ ਦੇ ਗੁਣ ਗਾਉਂਦਿਆਂ 'ਸਗਲ ਬਨਰਾਇ ਫੂਲੰਤ ਜੋਤੀ' ਅਤੇ 'ਪਾਤੀ ਪਾਤੀ ਜੀਉ' ਕਹਿ ਕੇ ਨਿਵਾਜਿਆ ਗਿਆ ਹੈ।" (ਡਾ. ਸਰਬਜੀਤ ਕੌਰ ਸੰਧਾਵਾਲੀਆ ਦੁਆਰਾ ਲਿਖਤ 'ਆਪ ਸਹਿੰਦੇ ਦੁਖ, ਜਗ ਵਰੋਸਾਇਆ' ਪੰਫ਼ਲੈੱਟ ਵਿੱਚੋਂ : ਪੰਨਾ-2)

ਗੁਰੂ ਸਾਹਿਬ ਆਖਦੇ ਹਨ ਕਿ ਪੰਛੀਆਂ ਦੇ ਪੱਲੇ ਧਨ ਨਹੀਂ ਹੁੰਦਾ, ਜਿਸ ਨਾਲ ਉਹ ਆਪਣਾ ਭੋਜਨ ਖ਼ਰੀਦ ਸਕਣ। ਉਹ ਤਾਂ ਆਪਣੇ ਭੋਜਨ ਦੀ ਆਸ ਵਿੱਚ ਰੁੱਖਾਂ ਦੀ ਸ਼ਰਨ ਲੈਂਦੇ ਹਨ (ਰੁੱਖਾਂ ਦੇ ਆਸਰੇ ਜੀਵਨ ਬਸਰ ਕਰਦੇ ਹਨ)। ਰੁੱਖ ਜੀਵ-ਜੰਤੂਆਂ ਦੇ ਜੀਵਨ ਦਾ ਆਧਾਰ ਹਨ:

ਜਾ ਕੇ ਰੁਖ ਬਿਰਖ ਆਰਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-25)
ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-144)

ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਵਿੱਚ ਵੀ ਆਪ ਨੇ ਰੁੱਖਾਂ ਦੀ ਵਡਿਆਈ ਕੀਤੀ ਹੈ, ਜਿਹੜੇ ਆਪ ਦੁੱਖ ਸਹਿ ਕੇ ਸੰਸਾਰ ਨੂੰ ਸੁੱਖ ਪ੍ਰਦਾਨ ਕਰਦੇ ਹਨ:

ਧਰਤੀ ਉਤੇ ਰੁਖ ਸਿਰ ਤਲਵਾਇਆ॥
ਆਪ ਸਹਿੰਦੇ ਦੁਖ ਜਗ ਵਰੋਸਾਇਆ॥

ਧਰਮ (ਜੀਵਨ ਜਿਊਣ ਦੇ ਢੰਗ) ਨੂੰ ਵੀ ਰੁੱਖ ਨਾਲ ਤੁਲਨਾ ਦਿੱਤੀ ਗਈ ਹੈ ਜਦਕਿ ਗਿਆਨ ਨੂੰ ਇਸ ਰੁੱਖ ਦੇ ਫੁੱਲ ਤੇ ਫ਼ਲ ਆਖਿਆ ਗਿਆ ਹੈ। ਅਕਾਲ ਪੁਰਖ ਨੂੰ ਵੀ 'ਸਫ਼ਲ ਰੁੱਖ' ਆਖਿਆ ਗਿਆ ਹੈ। ਇਹ ਤੁਲਨਾ ਰੁੱਖ ਦੇ ਗੁਣਾਂ ਕਾਰਨ ਹੀ ਤਾਂ ਦਿੱਤੀ ਗਈ ਹੈ:

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥
(ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-147)
ਸਾਹਿਬ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥
(ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-557)

ਗੁਰੂ ਨਾਨਕ ਬਾਣੀ ਵਿੱਚ ਉਰਸਿ ਰਸਿਆ ਹਰਿਆ ਸਦਾ" (ਅੰਗ-147) ਰਾਹੀਂ ਖਿੜੇ ਹੋਏ (ਪ੍ਰਸੰਨ) ਮਨ ਨੂੰ ਹਰਿਆਵਲ ਨਾਲ ਤੁਲਨਾਇਆ ਗਿਆ ਹੈ। ਇਸਨੂੰ ਹਰਿਆਵਲ ਦੀ ਮਹੱਤਤਾ ਹੀ ਆਖਿਆ ਜਾ ਸਕਦਾ ਹੈ। ਬਾਣੀਕਾਰਾਂ ਨੂੰ ਕੁਦਰਤ ਵਿੱਚੋਂ ਹੀ ਕਾਦਰ ਦੇ ਦਰਸ਼ਨ ਹੁੰਦੇ ਹਨ। ਇਸ ਲਈ ਉਹ ਇਸ ਤੋਂ ਬਲਿਹਾਰ-ਬਲਿਹਾਰ ਜਾਂਦੇ ਹਨ। ਕੁਦਰਤ ਦੀਆਂ ਇਨ੍ਹਾਂ ਦਾਤਾਂ ਲਈ ਬਾਣੀਕਾਰ ਦਾਤੇ ਦੇ ਸਦਕੇ ਜਾਂਦੇ ਹਨ। ਇਹ ਪੰਕਤੀਆਂ ਇਨ੍ਹਾਂ ਅਮੋਲਕ ਵਸਤਾਂ ਦੀ ਮਹੱਤਤਾ ਵਿੱਚ ਹੋਰ ਚਾਰ ਚੰਨ ਲਾਉਂਦੀਆਂ ਹਨ:

ਬਲਿਹਾਰੀ ਕੁਦਰਤ ਵਸਿਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-469)
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥
ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ॥
(ਸਲੋਕ ਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-788)

ਰੁੱਖ ਸਾਡੇ ਧਰਮ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਇਹ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਗੱਲ ਕਰੀਏ ਤਾਂ ਘਰ ਦੀ ਉਸਾਰੀ ਵਿੱਚ ਰੁੱਖਾਂ ਤੋਂ ਮਿਲਦਾ ਵੱਡਾ ਸਹਿਯੋਗ ਕਿਸੇ ਤੋਂ ਲੁਕਿਆ ਹੋਇਆ ਨਹੀਂ। ਭੋਜਨ ਤਿਆਰ ਕਰਨ ਦੀ ਆਧਾਰਕ ਸਮਗਰੀ ਦੀ ਤਾਂ ਇਹ ਟਕਸਾਲ ਹਨ। ਕੱਪੜੇ ਦੀ ਬੁਣਾਈ ਵੀ ਇਨ੍ਹਾਂ ਦੇ ਰੇਸ਼ਿਆਂ ਤੋਂ ਹੁੰਦੀ ਰਹੀ ਹੈ ਅਤੇ ਅੱਜ ਵੀ ਇਨ੍ਹਾਂ ਦੇ ਰੇਸ਼ਿਆਂ ਤੋਂ ਤਿਆਰ ਕੀਤੇ ਹੋਏ ਕੱਪੜੇ ਖ਼ਾਸ ਪਸੰਦ ਕੀਤੇ ਜਾਂਦੇ ਹਨ। ਰੁੱਖ ਮਿੱਟੀ ਦੀ ਉਪਜਾਊ ਪਰਤ ਬਰਕਰਾਰ ਰੱਖਦੇ ਹਨ। ਰੁੱਖ ਪ੍ਰਾਣੀਆਂ ਦੁਆਰਾ ਸਾਹ ਰਾਹੀਂ ਛੱਡੀ ਗਈ ਕਾਰਬਨ ਡਾਈਆਕਸਾਈਡ ਨੂੰ ਸੋਖਦੇ ਹਨ ਅਤੇ ਇਸ ਨੂੰ ਆਕਸੀਜਨ ਵਿੱਚ ਤਬਦੀਲ ਕਰਦੇ ਹਨ, ਜਿਹੜੀ ਮਨੁੱਖ ਦੇ ਸਾਹ ਲੈਣ ਲਈ ਜ਼ਰੂਰੀ ਹੈ। ਮਨੁੱਖ ਜਾਤੀ ਅਤੇ ਰੁੱਖਾਂ ਦਾ ਆਪਸ ਵਿੱਚ ਇਹ ਦੁਪਾਸੜ ਸਬੰਧ ਹੈ, ਜਿਹੜਾ ਆਪਸੀ ਆਦਾਨ-ਪ੍ਰਦਾਨ 'ਤੇ ਆਧਾਰਿਤ ਹੈ। ਲੋੜ ਤੋਂ ਵੱਧ ਕੀਤੀ ਗਈ ਜਾਂ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਨੇ ਇਹ ਆਪਸੀ ਸਬੰਧ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ। ਇਸ ਨਾਲ ਕੁਦਰਤ ਦਾ ਸੰਤੁਲਨ ਵਿਗੜਿਆ ਹੈ। ਗੁਰੂ ਸਾਹਿਬਾਨ ਇਸ ਪੱਖ ਤੋਂ ਬੜੇ ਸੁਚੇਤ ਦਿਖਾਈ ਦਿੰਦੇ ਹਨ। ਗੁਰੂ ਪਾਤਿਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਾਨੂੰ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਉੱਪਰ ਦ੍ਰਿੜ੍ਹ ਹੋਣ ਦਾ ਪ੍ਰਣ ਲੈਂਦਿਆਂ ਵਾਤਾਵਰਨ-ਸੰਭਾਲ ਦਾ ਜ਼ਿੰਮਾ ਲੈਣਾ ਚਾਹੀਦਾ ਹੈ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop